

ਵੈੱਬਸਾਈਟ

ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ

www.punjabstar.com

PUNJAB STAR TV



ਅੰਦਰਲੀ ਖ਼ਬਰ

ਚੰਡੀਗੜ੍ਹ 'ਚ ਪੰਜਾਬ ਕਾਂਗਰਸ ਦਾ ਪ੍ਰਦਰਸ਼ਨ, 3 ਮਹੀਨੇ ਬਾਅਦ ਇੱਕੋ ਮੰਚ 'ਤੇ ਚੰਨੀ ਤੇ ਰਾਜਾ ਵੜਿੰਗ 05

ਅੰਦਰਲੀ ਖ਼ਬਰ

ਹੈਮਿਲਟਨ 'ਚ ਹੋਈ '19ਵੀਂ ਬਰਾਈਟ ਰਨ' 'ਚ ਟੀ.ਪੀ.ਏ.ਆਰ. ਕਲੱਬ ਦੇ 18 ਮੈਂਬਰਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ 07




ਪੰਨਾ ਨੰ.:6 ਲੇਖ

ਪਰਿਵਾਰਾਂ ਦਾ ਮੁੜ-ਮਿਲਣਾ (Family Reunion)



PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611

17 ਸਤੰਬਰ ਤੋਂ 23 ਸਤੰਬਰ, 2026

Email :- editor@punjabstar.com, Vo. 20. Issue:1255


## ਕੈਨੇਡਾ 'ਚ ਪੰਜਾਬੀ ਨੌਜਵਾਨਾਂ 'ਤੇ ਵੱਡਾ ਐਕਸ਼ਨ

### 4 ਨੂੰ ਦਿੱਤਾ ਦੇਸ਼ ਨਿਕਾਲਾ, 111 ਲੋਕਾਂ ਦੀ ਲਿਸਟ ਜਾਰੀ




(ਪੰਜਾਬ ਸਟਾਰ ਬਿਓਰੋ): ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਨੇ ਪੰਜਾਬ ਨਾਲ ਸਬੰਧਤ ਚਾਰ ਭਾਰਤੀ ਨੌਜਵਾਨਾਂ ਨੂੰ ਕੈਨੇਡਾ ਤੋਂ ਡਿਪੋਰਟ ਕਰ ਦਿੱਤਾ ਹੈ। ਏਜੰਸੀ ਮੁਤਾਬਕ ਪਲਵਿੰਦਰ ਸਿੰਘ, ਜਸਮੇਰ ਸਿੰਘ, ਅਮਿਤੋਜ਼ ਬਾਜਵਾ ਅਤੇ ਸਾਹਿਬਜੋਤ ਸਿੰਘ ਨੂੰ ਜ਼ਬਰਦਸਤੀ ਉਗਰਾਹੀ, ਗੋਲੀਬਾਰੀ ਅਤੇ ਸੰਗਠਿਤ ਅਪਰਾਧਿਕ ਗਤੀਵਿਧੀਆਂ ਨਾਲ ਜੁੜੇ ਮਾਮਲਿਆਂ ਕਾਰਨ ਇਮੀਗ੍ਰੇਸ਼ਨ ਐਂਡ ਰਿਫਿਊਜੀ ਪ੍ਰੋਟੈਕਸ਼ਨ ਐਕਟ (IRPA) ਤਹਿਤ * ਬਾਕੀ ਸਫ਼ਾ 2 'ਤੇ

## ਇੰਡੋਨੇਸ਼ੀਆ 'ਚ 240 ਲੋਕਾਂ ਨੂੰ ਲੈ ਕੇ ਜਾ ਰਹੀ ਫੈਰੀ ਡੁੱਬੀ, 130 ਯਾਤਰੀ ਲਾਪਤਾ, 6 ਦੀ ਮੌਤ



ਜਕਾਰਤਾ, (ਪੰਜਾਬ ਸਟਾਰ ਬਿਓਰੋ): ਇੰਡੋਨੇਸ਼ੀਆ ਤੋਂ ਅਹਿਮ ਖਬਰ ਸਾਹਮਣੇ ਆ ਰਹੀ ਹੈ। ਖਰਾਬ ਮੌਸਮ ਕਾਰਨ ਬੋਰਨੀਓ ਟਾਪੂ ਨੇੜੇ ਜਾਵਾ ਸਾਗਰ ਵਿੱਚ ਇੱਕ ਜਹਾਜ਼ ਡੁੱਬ ਗਿਆ ਹੈ। ਇਸ ਜਹਾਜ਼ 'ਤੇ 240 ਤੋਂ ਵੱਧ ਲੋਕ ਸਵਾਰ ਸਨ। ਜਹਾਜ਼ ਨਾਲ ਸੰਪਰਕ ਟੁੱਟਣ ਤੋਂ ਬਾਅਦ ਇੱਕ ਖੋਜ ਮੁਹਿੰਮ ਸ਼ੁਰੂ ਕੀਤੀ ਗਈ ਹੈ। ਪਾਣੀ ਵਿੱਚ ਤਲਾਸ਼ੀ ਮੁਹਿੰਮ ਤੇਜ਼ ਕੀਤੇ ਜਾਣ ਤੋਂ ਬਾਅਦ ਹੁਣ ਤੱਕ ਛੇ ਲੋਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜਦੋਂਕਿ ਘੱਟੋ-ਘੱਟ * ਬਾਕੀ ਸਫ਼ਾ 2 'ਤੇ

# ਸੂਡਾਨ 'ਚ ਵੱਡਾ ਹਾਦਸਾ:

### ਸੋਨੇ ਦੀ ਖਾਨ ਡਿੱਗਣ ਕਾਰਨ ਹੁਣ ਤੱਕ 67 ਲੋਕਾਂ ਦੀ ਹੋਈ ਮੌਤ



(ਪੰਜਾਬ ਸਟਾਰ ਬਿਓਰੋ): ਸੂਡਾਨ ਦੇ ਇੱਕ ਦੂਰ-ਦੁਰਾਡੇ ਇਲਾਕੇ ਵਿੱਚ ਸੋਨੇ ਦੀ ਖਾਨ ਡਿੱਗਣ ਕਾਰਨ ਇੱਕ ਵੱਡਾ ਹਾਦਸਾ ਵਾਪਰਿਆ ਹੈ। ਘੱਟੋ-ਘੱਟ 67 ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ। ਇਹ ਜਾਣਕਾਰੀ ਬੁੱਧਵਾਰ ਨੂੰ ਇੱਕ ਮੈਡੀਕਲ ਸਮੂਹ ਅਤੇ ਹਾਦਸੇ ਵਿੱਚ ਬਚੇ ਲੋਕਾਂ ਵੱਲੋਂ ਦਿੱਤੀ ਗਈ ਹੈ।

ਇਹ ਹਾਦਸਾ ਪੱਛਮੀ ਕੋਰਡੋਫਾਨ ਸੂਬੇ ਦੇ ਨੁਹੂਦ ਸ਼ਹਿਰ ਵਿੱਚ ਸਥਿਤ ਅਲ-ਜ਼ਾਰਾ ਸੋਨੇ ਦੀ ਖਾਨ ਵਿੱਚ ਵਾਪਰਿਆ। ਬਚੇ ਹੋਏ ਲੋਕਾਂ ਅਨੁਸਾਰ, ਮੰਗਲਵਾਰ ਦੇਰ ਰਾਤ ਖਾਨ * ਬਾਕੀ ਸਫ਼ਾ 2 'ਤੇ

## ਦੱਖਣੀ ਅਫਰੀਕਾ 'ਚ ਭਿਆਨਕ ਹਾਦਸੇ ਦੌਰਾਨ 21 ਲੋਕਾਂ ਦੀ ਹੋਈ ਮੌਤ

### ਦੋ ਮਿੰਨੀ-ਬੱਸਾਂ ਦੀ ਆਹਮੋ-ਸਾਹਮਣੇ ਟੱਕਰ



(ਪੰਜਾਬ ਸਟਾਰ ਬਿਓਰੋ): ਦੱਖਣੀ ਅਫਰੀਕਾ ਤੋਂ ਇੱਕ ਵੱਡੇ ਅਤੇ ਦੁਖਦਾਈ ਸੜਕ ਹਾਦਸੇ ਦੀ ਖਬਰ ਸਾਹਮਣੇ ਆਈ ਹੈ। ਦੇਸ਼ ਦੇ ਵੈਸਟਰਨ ਕੇਪ ਸੂਬੇ ਵਿੱਚ ਇੱਕ ਰਾਸ਼ਟਰੀ ਰਾਜਮਾਰਗ 'ਤੇ ਦੋ ਮਿੰਨੀ-ਬੱਸ ਟੈਕਸੀਆਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਅਧਿਕਾਰੀਆਂ ਅਨੁਸਾਰ, ਘਟਨਾ ਸਥਾਨ 'ਤੇ ਘੱਟੋ-ਘੱਟ 21 ਲੋਕਾਂ ਦੀ ਮੌਤ ਹੋ ਗਈ, ਜਦੋਂਕਿ ਕਈ ਹੋਰਾਂ ਦੇ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦੀ ਖਬਰ ਹੈ। ਇਸ ਹਾਦਸੇ ਨੇ ਇਲਾਕੇ ਵਿੱਚ ਹਲਚਲ ਮਚਾ ਦਿੱਤੀ ਅਤੇ ਸਥਾਨਿਕ ਪ੍ਰਸ਼ਾਸਨ ਨੇ ਤੁਰੰਤ ਰਾਹਤ ਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ।

ਸਥਾਨਿਕ 'ਰੋਡ ਟ੍ਰੈਫਿਕ ਮੈਨੇਜਮੈਂਟ ਕਾਰਪੋਰੇਸ਼ਨ' (RTMC) ਅਤੇ ਸੂਬਾਈ ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਐਤਵਾਰ ਰਾਤ ਕਰੀਬ 11:30 ਵਜੇ N1 ਹਾਈਵੇਅ 'ਤੇ, ਪ੍ਰਿੰਸ ਐਲਬਰਟ ਅਤੇ ਲੀਉ-ਗਾਮਕਾ (Leeu-Gamka) ਦੇ ਵਿਚਕਾਰ—ਜੋ ਕੇਪ ਟਾਊਨ ਤੋਂ ਲਗਭਗ 380 ਕਿਲੋਮੀਟਰ ਦੂਰ —ਵਾਪਰਿਆ ਹੈ। ਮੁੱਢਲੀਆਂ ਰਿਪੋਰਟਾਂ ਅਨੁਸਾਰ, ਦੋ ਮਿੰਨੀ-ਬੱਸ ਟੈਕਸੀਆਂ ਪਹਿਲਾਂ ਬਹੁਤ ਜ਼ੋਰਦਾਰ ਢੰਗ ਨਾਲ ਆਹਮੋ-ਸਾਹਮਣੇ ਟਕਰਾ ਗਈਆਂ। ਟੱਕਰ ਇੰਨੀ ਭਿਆਨਕ ਸੀ ਕਿ ਪਿੱਛੋਂ ਆ ਰਿਹਾ * ਬਾਕੀ ਸਫ਼ਾ 2 'ਤੇ

## ਨੇਪਾਲ 'ਚ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 1,400 ਤੋਂ ਪਾਰ

### * ਛੇ ਹਜ਼ਾਰ ਤੋਂ ਵੱਧ ਲੋਕ ਅਜੇ ਵੀ ਲਾਪਤਾ, * ਮ੍ਰਿਤਕਾਂ ਦੀ ਪਛਾਣ ਕਰਨਾ ਬਣਿਆ ਵੱਡੀ ਚੁਣੌਤੀ



(ਪੰਜਾਬ ਸਟਾਰ ਬਿਓਰੋ): ਨੇਪਾਲ ਵਿੱਚ ਅਚਾਨਕ ਆਏ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਬੁੱਧਵਾਰ ਨੂੰ 1,400 ਤੋਂ ਪਾਰ ਹੋ ਗਈ ਹੈ। ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਹੋਰ ਲਾਸ਼ਾਂ ਮਿਲਣ ਦੇ ਨਾਲ ਬਚਾਅ ਟੀਮਾਂ ਛੇ ਹਜ਼ਾਰ ਤੋਂ ਵੱਧ ਲਾਪਤਾ ਲੋਕਾਂ ਦੀ ਭਾਲ ਵਿੱਚ ਜੁਟੀਆਂ ਹੋਈਆਂ ਹਨ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ।

ਨੇਪਾਲ ਪੁਲੀਸ ਵੱਲੋਂ ਜਾਰੀ ਇੱਕ ਬੁਲੇਟਿਨ ਅਨੁਸਾਰ, ਮ੍ਰਿਤਕਾਂ ਦੀ ਗਿਣਤੀ ਵੱਧ ਕੇ 1,404 ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹੁਣ ਤੱਕ 13,700 ਤੋਂ ਵੱਧ ਲੋਕਾਂ ਨੂੰ ਬਚਾਇਆ ਜਾ ਚੁੱਕਾ ਹੈ, ਜਦਕਿ ਲਗਪਗ 6,150 ਲੋਕ ਅਜੇ ਵੀ ਲਾਪਤਾ ਹਨ।

ਨੇਪਾਲ-ਤਿੱਬਤ ਸਰਹੱਦ ਨੇੜੇ 26 ਅਗਸਤ ਨੂੰ ਆਏ ਅਚਾਨਕ ਹੜ੍ਹ ਨੇ ਉੱਤਰੀ ਅਤੇ ਮੱਧ ਨੇਪਾਲ ਦੇ ਕਸਬਿਆਂ ਤੇ ਪਿੰਡਾਂ ਵਿੱਚ ਭਾਰੀ * ਬਾਕੀ ਸਫ਼ਾ 2 'ਤੇ

## ਟਰੰਪ ਵਿਰੁੱਧ ਅਮਰੀਕਾ ਦੀ ਸੰਸਦ 'ਚ ਮਤਾ ਪਾਸ

### ਰਿਪਬਲਿਕਨ ਪਾਰਟੀ ਵਾਲੇ ਵੀ ਰਾਸ਼ਟਰਪਤੀ ਦੇ ਵਿਰੁੱਧ ਭੁਗਤੇ



ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਅਮਰੀਕਾ ਦੇ ਫ਼ੌਜੀ ਟਿਕਾਣਿਆਂ ਦੀ ਤਬਾਹੀ ਦਿਖਾਉਂਦੀਆਂ ਤਾਜ਼ਾ ਤਸਵੀਰਾਂ ਸਾਹਮਣੇ ਆਉਣ ਮਗਰੋਂ ਸੰਸਦ ਦੇ ਹੇਠਲੇ ਸਦਨ ਵੱਲੋਂ ਈਰਾਨ ਜੰਗ ਖ਼ਤਮ ਕਰਨ ਦਾ ਮਤਾ ਪਾਸ ਕਰ ਦਿਤਾ ਗਿਆ ਹੈ। ਸਭ ਤੋਂ ਅਹਿਮ ਗੱਲ ਇਹ ਰਹੀ ਕਿ ਵੱਡੀ ਗਿਣਤੀ ਵਿਚ ਰਿਪਬਲਿਕਨ ਪਾਰਟੀ ਦੇ ਕਾਂਗਰਸ ਮੈਂਬਰ ਰਾਸ਼ਟਰਪਤੀ ਡੌਨਲਡ ਟਰੰਪ ਵਿਰੁੱਧ ਖੜ੍ਹੇ ਹੋ ਗਏ ਜੋ ਅਰਬਾਂ ਡਾਲਰ ਦੀ ਹੋਰ ਬਰਬਾਦੀ ਨਹੀਂ ਚਾਹੁੰਦੇ। ਰਿਪਬਲਿਕਨ ਪਾਰਟੀ ਦਾ ਬਹੁਮਤ ਹੋਣ ਦੇ ਬਾਵਜੂਦ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਵਿਚ ਪੇਸ਼ ਮਤੇ ਦੇ ਹੱਕ ਵਿਚ 220 ਅਤੇ ਵਿਰੋਧ ਵਿਚ 204 ਵੋਟਾਂ ਪਈਆਂ। * ਬਾਕੀ ਸਫ਼ਾ 2 'ਤੇ

## ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲਾ ਗ੍ਰਿਫ਼ਤਾਰ



ਵੈਨਕੂਵਰ, (ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ ਹੇਠ ਕੈਲਗਰੀ ਨਿਵਾਸੀ 31 ਸਾਲਾ ਜੈਮੀ ਡਾ ਕੋਸਟਾ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਨੇ ਮੁਲਜ਼ਮ ਵਿਰੁੱਧ ਦੋਸ਼ ਵੀ ਆਇਦ ਕੀਤੇ ਹਨ। ਹਿਰਾਸਤ ਵਿੱਚ ਲਏ ਗਏ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਮਾਮਲੇ ਦੀ ਅਗਲੀ ਸੁਣਵਾਈ ਸ਼ੁੱਕਰਵਾਰ ਤੱਕ ਮੁਲਤਵੀ ਕਰਦਿਆਂ ਉਸ ਨੂੰ ਰਿਮਾਂਡ ਕੇਂਦਰ ਭੇਜ ਦਿੱਤਾ ਗਿਆ।

ਅਦਾਲਤੀ ਦਸਤਾਵੇਜ਼ਾਂ ਅਨੁਸਾਰ, ਮੁਲਜ਼ਮ ਨੇ 25 ਜੁਲਾਈ ਨੂੰ ਆਪਣੇ ਯੂਟਿਊਬ ਖਾਤੇ 'ਤੇ ਇੱਕ ਵੀਡੀਓ ਪੋਸਟ ਕੀਤੀ ਸੀ। ਦੋਸ਼ ਹੈ ਕਿ ਇਸ ਵੀਡੀਓ ਰਾਹੀਂ ਲੋਕਾਂ ਨੂੰ ਮਾਰਕ ਕਾਰਨੀ ਵਿਰੁੱਧ ਭੜਕਾਉਣ ਅਤੇ ਓਟਾਵਾ ਪਹੁੰਚ ਕੇ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਜਾਨੋਂ ਮਾਰਨ ਲਈ ਉਕਸਾਇਆ ਗਿਆ। ਪੁਲੀਸ ਨੂੰ 28 ਜੁਲਾਈ ਨੂੰ ਇਸ ਵੀਡੀਓ ਬਾਰੇ ਜਾਣਕਾਰੀ ਮਿਲੀ। ਜਾਂਚ ਦੌਰਾਨ ਯੂਟਿਊਬ ਖਾਤੇ ਰਾਹੀਂ ਮੁਲਜ਼ਮ ਦੀ ਪਛਾਣ ਕੀਤੀ ਗਈ ਅਤੇ ਉਸ ਨੂੰ ਹਿਰਾਸਤ ਵਿੱਚ ਲਿਆ ਗਿਆ। ਪੁਲੀਸ ਮੁਤਾਬਕ ਪਿਛਲੇ ਸਾਲ ਵੀ ਇਸੇ ਵਿਅਕਤੀ * ਬਾਕੀ ਸਫ਼ਾ 2 'ਤੇ

## ਕੈਨੇਡਾ ਨੂੰ ਯੂਰਪੀਅਨ ਯੂਨੀਅਨ ਦਾ ਪਹਿਲਾ 'associate member' ਬਣਨ ਦੀ ਪੇਸ਼ਕਸ਼



(ਪੰਜਾਬ ਸਟਾਰ ਬਿਓਰੋ): ਯੂਰਪੀਅਨ ਯੂਨੀਅਨ ਨੇ ਕੈਨੇਡਾ ਨਾਲ ਆਪਣੇ ਸਬੰਧਾਂ ਨੂੰ ਨਵੇਂ ਪੱਧਰ 'ਤੇ ਲਿਜਾਣ ਲਈ ਅਸਧਾਰਨ ਪੇਸ਼ਕਸ਼ ਕੀਤੀ ਹੈ। ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵੌਨ ਡੇਰ ਲੇਯਨ ਨੇ ਕੈਨੇਡਾ ਨੂੰ ਯੂਰਪੀਅਨ ਯੂਨੀਅਨ ਦਾ ਪਹਿਲਾ 'ਐਸੋਸੀਏਟ ਮੈਂਬਰ' ਬਣਾਉਣ ਲਈ ਦਰਵਾਜ਼ਾ ਖੋਲ੍ਹਣ ਦੀ ਗੱਲ ਆਖੀ ਹੈ। ਹਾਲਾਂਕਿ ਓਟਾਵਾ ਨੇ ਇਸ ਪੇਸ਼ਕਸ਼ 'ਤੇ ਫ਼ਿਲਹਾਲ ਕੋਈ ਰਸਮੀ ਸਹਿਮਤੀ ਨਹੀਂ ਦਿੱਤੀ।

ਸਟ੍ਰਾਸਬਰਗ ਵਿੱਚ 'ਸਟੇਟ ਆਫ਼ ਦ ਯੂਨੀਅਨ' ਸੰਬੋਧਨ ਦੌਰਾਨ ਵੌਨ ਡੇਰ ਲੇਯਨ ਨੇ ਕਿਹਾ ਕਿ ਕੈਨੇਡਾ ਅਤੇ ਯੂਰਪ ਦਾ ਰਿਸ਼ਤਾ ਸਿਰਫ਼ ਮੁਕਤ ਵਪਾਰ ਸਮਝੌਤੇ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਕਿਹਾ ਕਿ ਦੋਵਾਂ ਧਿਰਾਂ ਨੂੰ ਆਪਣੇ ਸਬੰਧਾਂ ਬਾਰੇ ਨਵੇਂ ਸਿਰੇ ਤੋਂ ਸੋਚਦਿਆਂ ਇੱਕ ਸਾਂਝਾ ਭਵਿੱਖ ਤਿਆਰ ਕਰਨਾ ਚਾਹੀਦਾ ਹੈ। ਉਨ੍ਹਾਂ ਵੱਲੋਂ 'ਐਸੋਸੀਏਟ ਮੈਂਬਰ' ਦਾ ਪ੍ਰਸਤਾਵ ਰੱਖੇ ਜਾਣ 'ਤੇ ਯੂਰਪੀਅਨ ਪਾਰਲੀਮੈਂਟ ਵਿੱਚ ਖ਼ੂਬ ਤਾੜੀਆਂ ਵੱਜੀਆਂ।

ਪਹਿਲੀ ਕਤਾਰ ਵਿੱਚ ਬੈਠੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੀ ਆਪਣੀ ਸੀਟ ਤੋਂ ਉੱਠੇ, ਵੌਨ ਡੇਰ ਲੇਯਨ ਨਾਲ ਗਲੇ ਮਿਲੇ ਅਤੇ ਮੁੜ ਆਪਣੀ ਸੀਟ 'ਤੇ ਜਾ ਬੈਠੇ।

ਪਰ ਇਸ ਜਨਤਕ ਗਰਮਜੋਸ਼ੀ ਦੇ ਬਾਵਜੂਦ ਕੈਨੇਡਾ ਵੱਲੋਂ ਸ਼ਬਦਾਂ ਦੀ ਚੋਣ ਕਾਫ਼ੀ ਸਾਵਧਾਨੀ ਨਾਲ ਕੀਤੀ ਗਈ ਹੈ। ਕਾਰਨੀ ਦੇ ਦਫ਼ਤਰ ਨੇ ਪ੍ਰਸਤਾਵ ਦਾ ਸਵਾਗਤ ਕਰਦਿਆਂ ਕਿਹਾ ਕਿ ਕੈਨੇਡਾ ਅਤੇ ਯੂਰਪੀਅਨ ਯੂਨੀਅਨ ਨੂੰ ਮੌਜੂਦਾ ਮੁਕਤ ਵਪਾਰ ਸਮਝੌਤੇ ਤੋਂ ਅੱਗੇ ਵਧ ਕੇ ਇੱਕ ਵਿਆਪਕ ਗੱਠਜੋੜ ਬਣਾਉਣਾ ਚਾਹੀਦਾ ਹੈ। ਪਰ 'ਐਸੋਸੀਏਟ ਮੈਂਬਰਸ਼ਿਪ' ਨੂੰ ਸਵੀਕਾਰ ਕਰਨ ਬਾਰੇ ਕੋਈ ਵਚਨਬੱਧਤਾ ਨਹੀਂ ਦਿੱਤੀ ਗਈ। ਕਾਰਨੀ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਕੈਨੇਡਾ ਯੂਰਪੀਅਨ ਯੂਨੀਅਨ ਦਾ ਪੂਰਾ ਮੈਂਬਰ ਬਣਨ ਦੀ ਕੋਸ਼ਿਸ਼ਾਂ ਨਹੀਂ ਕਰ ਰਿਹਾ। ਉਨ੍ਹਾਂ ਦਾ ਜ਼ੋਰ ਇੱਕ ਵਿਲੱਖਣ ਅਤੇ ਰਣਨੀਤਕ ਭਾਈਵਾਲੀ 'ਤੇ ਹੈ।

ਕੈਨੇਡਾ ਦੇ ਯੂਰਪੀਅਨ ਯੂਨੀਅਨ ਲਈ ਆਉਣ ਵਾਲੇ ਰਾਜਦੂਤ * ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ

ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

ਹੁਣੇ ਹੀ ਕਾਲ ਕਰੋ

75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

Late Evening and Weekends Appointments Available 1888-864-3131



Jasbir Singh Hundal
Registered Credit Counsellor

www.MakeMeDebtFree.ca 416-502-3100

Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS

We Help Get You the Compensation You Deserve

Book a free consultation:
1-833-BRAR-LAW

PERSONAL INJURY

- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010

ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ



HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਅਮਰੀਕਾ 'ਚ ਚੱਲਦੀ ਬੱਸ 'ਤੇ ਡਿੱਗਿਆ ਹੈਲੀਕਾਪਟਰ

## ਅੱਗ ਦੇ ਭਾਂਬੜਾਂ 'ਚ ਘਿਰੇ 5 ਜਣਿਆਂ ਨੇ ਤੋੜਿਆ ਦਮ



ਲੌਸ ਐਂਜਲਸ : ਅਮਰੀਕਾ ਵਿਚ ਵਾਪਰੇ ਦਿਲ ਕੰਬਾਊ ਘਟਨਾਕ੍ਰਮ ਦੌਰਾਨ ਇਕ ਬੱਸ ਹਾਦਸੇ ਦੀ ਲਾਈਵ ਕਵਰੇਜ ਕਰ ਰਹੇ ਪੱਤਰਕਾਰਾਂ ਦਾ ਹੈਲੀਕਾਪਟਰ ਕਰੈਸ਼ ਹੋ ਗਿਆ ਅਤੇ ਦੋਹਾਂ ਮਾਮਲਿਆਂ ਵਿਚ ਘੱਟੋ ਘੱਟ ਪੰਜ ਜਣਿਆਂ ਦੀ ਮੌਤ ਹੋ ਗਈ। ਲੌਸ ਐਂਜਲਸ ਵਿਖੇ ਕਰੈਸ਼ ਹੈਲੀਕਾਪਟਰ ਐਨ.ਬੀ.ਸੀ. ਨਿਊਜ਼ ਦਾ ਦੱਸਿਆ ਜਾ ਰਿਹਾ ਹੈ ਜੋ ਮੰਗਲਵਾਰ ਸ਼ਾਮ ਤਕਰੀਬਨ 7 ਵਜੇ ਚੈਟਸਵਰਥ ਦੇ ਡਿਸੋਟੋ ਐਵੇਨਿਊ ਅਤੇ ਨੌਰਥ ਔਫ਼ ਸਟ੍ਰੀਟ ਇੰਟਰਸੈਕਸ਼ਨ ਨੇੜਲੇ ਪਾਰਕਿੰਗ ਲੌਟ ਵਿਚ ਹਾਦਸਾਗ੍ਰਸਤ ਹੋਇਆ। ਦੱਸਿਆ ਜਾ ਰਿਹਾ ਹੈ ਕਿ ਪਾਇਲਟ ਨੇ ਹੈਲੀਕਾਪਟਰ ਨੂੰ ਦੋ ਕੰਟੇਨਰਾਂ ਉਤੇ ਲੈਂਡ ਕਰਾਉਣ ਦਾ ਯਤਨ ਕੀਤਾ ਪਰ ਇਸੇ ਦੌਰਾਨ ਹਾਲਾਤ ਬੇਕਾਬੂ ਹੋ ਗਏ। ਲੌਸ ਐਂਜਲਸ ਫ਼ਾਇਰ ਡਿਪਾਰਟਮੈਂਟ ਨੇ ਦੱਸਿਆ ਕਿ ਹੈਲੀਕਾਪਟਰ ਨੂੰ ਲੱਗੀ ਅੱਗ ਆਲੇ-ਦੁਆਲੇ ਖੜ੍ਹੀਆਂ ਗੱਡੀਆਂ ਤੱਕ ਫ਼ੈਲਣ ਲੱਗੀ ਅਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਇਸ ਨੂੰ ਬੁਝਾਇਆ ਗਿਆ।

ਉਧਰ, ਪੁਲਿਸ ਨੇ ਦੱਸਿਆ ਕਿ ਹੈਲੀਕਾਪਟਰ ਵਿਚ ਸਵਾਰ ਦੋ ਜਣਿਆਂ ਦੀ ਮੌਤ ਹੋ ਗਈ ਜਦਕਿ ਧਰਤੀ 'ਤੇ ਮੌਜੂਦ ਇਕ ਸ਼ਖਸ ਅੱਗ ਦੀ ਲਪੇਟ ਵਿਚ ਆ ਕੇ ਮਾਰਿਆ ਗਿਆ। ਇਕ ਜਣੇ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖ਼ਲ ਕਰਵਾਏ ਜਾਣ ਦੀ ਰਿਪੋਰਟ ਹੈ। ਹੈਲੀਕਾਪਟਰ ਕ੍ਰੈਸ਼ ਹੋਣ ਮਗਰੋਂ ਜਿਥੇ ਹਾਦਸੇ ਵਾਲੀ ਥਾਂ 'ਤੇ ਭਾਜੜਾਂ ਪੈ ਗਈਆਂ, ਉਥੇ ਹੀ ਐਨ.ਬੀ.ਸੀ. ਚੈਨਲ ਦੇ ਦਫ਼ਤਰ ਵਿਚ ਚੁੱਪ ਪਸਰ ਗਈ। ਹੰਝੂਆਂ ਵਿਚ ਡੁੱਬੀ ਚੈਨਲ ਦੀ ਐਂਕਰ ਕੌਲੀਨ ਵਿਲੀਅਮਜ਼ ਨੇ ਕਿਹਾ ਕਿ ਉਨ੍ਹਾਂ ਦੇ ਦੋ ਸਾਥੀਆਂ ਦਾ ਸੰਪਰਕ ਟੁੱਟ ਗਿਆ ਪਰ ਬਾਅਦ ਵਿਚ ਚੈਨਲ ਪ੍ਰਬੰਧਕਾਂ ਨੇ ਦੋ ਜਣਿਆਂ ਦੀ ਮੌਤ ਬਾਰੇ ਤਸਦੀਕ ਕਰ ਦਿਤੀ। ਫ਼ਿਲਹਾਲ ਹਾਦਸੇ ਦੇ ਕਾਰਨਾਂ ਬਾਰੇ ਪਤਾ ਨਹੀਂ ਲੱਗ ਸਕਿਆ ਅਤੇ ਲੌਸ ਐਂਜਲਸ ਫ਼ਾਇਰ ਡਿਪਾਰਟਮੈਂਟ ਦੇ ਕੈਪਟਨ ਬ੍ਰੈਂਡਨ ਸਿਲਵਰਮੈਨ ਨੇ ਦੱਸਿਆ ਕਿ ਹੈਲੀਕਾਪਟਰ ਪੂਰੀ ਤਰ੍ਹਾਂ ਤਬਾਹ ਹੋ ਗਿਆ। ਦੂਜੇ ਪਾਸੇ ਲੌਸ ਐਂਜਲਸ ਅਰਬਨ ਸਰਚ ਐਂਡ ਰੈਸਕਿਊ ਟੀਮ ਦੇ ਮੈਂਬਰ ਬੱਸ ਵਿਚੋਂ ਮੁਸਾਫ਼ਰਾਂ ਨੂੰ ਬਾਹਰ ਕਢਦੇ ਨਜ਼ਰ ਆਏ। ਇਕ ਔਰਤ ਨੂੰ ਬੱਸ ਦੇ ਹੇਠੋਂ ਕੱਢ ਕੇ ਹਸਪਤਾਲ ਭੇਜਿਆ ਗਿਆ ਜਿਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਬੱਸ ਅਤੇ ਫ਼ੌਰਡ ਐਸ.ਯੂ.ਵੀ. ਦੀ ਟੱਕਰ ਐਨੀ ਜ਼ੋਰਦਾਰ ਸੀ ਕਿ ਗੱਡੀ ਦਾ ਮੂਹਰਲਾ ਹਿੱਸਾ ਨਜ਼ਰ ਆਉਣਾ ਬੰਦ ਹੋ ਗਿਆ।

## ਕੈਲੀਫੋਰਨੀਆ 'ਚ ਭਾਰਤੀ ਮੂਲ ਦੀ ਔਰਤ ਦਾ ਕਤਲ:

# ਅਮਰੀਕਾ 'ਚ ਪਰਵਾਸ ਨੀਤੀਆਂ ਨੂੰ ਲੈ ਕੇ ਭਖੀ ਸਿਆਸਤ



ਅਮਰੀਕਾ ਵਿੱਚ ਮੱਧਕਾਲੀ ਚੋਣਾਂ (ਮਿਡਟਰਮ) ਤੋਂ ਪਹਿਲਾਂ ਕੈਲੀਫੋਰਨੀਆ ਵਿੱਚ ਭਾਰਤੀ ਮੂਲ ਦੀ ਇੱਕ ਔਰਤ ਦੇ ਕਤਲ ਦਾ ਮਾਮਲਾ ਵੱਡਾ ਸਿਆਸੀ ਮੁੱਦਾ ਬਣ ਗਿਆ ਹੈ, ਜਿਸ ਵਿੱਚ ਇੱਕ ਗ਼ੈਰ-ਕਾਨੂੰਨੀ ਭਾਰਤੀ ਪਰਵਾਸੀ ਵੱਲੋਂ ਇਸ ਵਾਰਦਾਤ ਨੂੰ ਅੰਜਾਮ ਦਿੱਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਯੂ.ਐੱਸ. ਟਰਿਬਿਊਨ ਨਿਊਜ਼ ਸਰਵਿਸ ਦੇ ਮੁਤਾਬਕ, ਕੈਲੀਫੋਰਨੀਆ ਵਿੱਚ 38 ਸਾਲਾ ਭਾਰਤੀ ਮੂਲ ਦੀ ਔਰਤ ਸ਼ਾਲਿਨੀ ਠਾਕੁਰ ਦੀ ਗੋਲੀ ਮਾਰ ਕੇ ਕੀਤੀ ਗਈ ਹੱਤਿਆ ਤੋਂ ਬਾਅਦ ਅਮਰੀਕਾ ਵਿੱਚ ਪਰਵਾਸ ਨੀਤੀਆਂ ਅਤੇ ਸਰਹੱਦੀ ਸੁਰੱਖਿਆ ਉੱਤੇ ਸਵਾਲ ਖੜ੍ਹੇ ਹੋਣ ਲੱਗੇ ਹਨ।

ਹੋਮਲੈਂਡ ਸਿਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਦੀ ਵੈੱਬਸਾਈਟ ਉੱਤੇ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਬਾਈਡੇਨ ਪ੍ਰਸ਼ਾਸਨ ਵੱਲੋਂ ਦੇਸ਼ ਵਿੱਚ ਛੱਡੇ ਗਏ ਇੱਕ ਗ਼ੈਰ-ਕਾਨੂੰਨੀ ਵਿਦੇਸ਼ੀ ਨੇ ਕੈਲੀਫੋਰਨੀਆ ਵਿੱਚ ਇੱਕ ਔਰਤ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ। ਡੀ.ਐੱਚ.ਐੱਸ. ਦੇ ਬੁਲਾਰੇ ਨੇ ਕਿਹਾ, "ਭਾਰਤ ਦੇ ਇਸ ਗ਼ੈਰ-ਕਾਨੂੰਨੀ ਵਿਦੇਸ਼ੀ ਨੇ ਕੈਲੀਫੋਰਨੀਆ ਵਿੱਚ ਇੱਕ 38 ਸਾਲਾ ਔਰਤ ਨੂੰ ਪਰੇਸ਼ਾਨ ਕੀਤਾ, ਉਸ ਦਾ ਪਿੱਛਾ ਕੀਤਾ ਅਤੇ ਫਿਰ ਉਸ ਦਾ ਕਤਲ ਕਰ ਦਿੱਤਾ। ਜਦੋਂ ਪੁਲੀਸ ਨੇ ਉਸ ਨੂੰ ਘੇਰਿਆ ਤਾਂ ਉਸ ਨੇ ਖ਼ੁਦ ਨੂੰ ਵੀ ਗੋਲੀ ਮਾਰ ਲਈ।"

ਬੁਲਾਰੇ ਨੇ ਅੱਗੇ ਕਿਹਾ, "ਜੇਕਰ ਬਾਈਡੇਨ ਪ੍ਰਸ਼ਾਸਨ ਇਸ ਕਾਤਲ ਨੂੰ ਸਾਡੇ ਦੇਸ਼ ਵਿੱਚ ਨਾ ਛੱਡਦਾ, ਤਾਂ ਇਸ ਦੁਖਾਂਤ ਨੂੰ ਪੂਰੀ ਤਰ੍ਹਾਂ ਟਾਲਿਆ ਜਾ ਸਕਦਾ ਸੀ। ਸੈਂਕਚੁਅਰੀ ਸਿਆਸਤਦਾਨਾਂ ਨੂੰ ਉਨ੍ਹਾਂ ਲਾਪਰਵਾਹ ਨੀਤੀਆਂ ਨੂੰ ਖ਼ਤਮ ਕਰਨਾ ਚਾਹੀਦਾ ਹੈ ਜੋ ਅਮਰੀਕੀ ਨਾਗਰਿਕਾਂ ਦੀਆਂ ਜਾਨਾਂ ਨਾਲ ਖਿਲਵਾੜ ਕਰਦੀਆਂ ਹਨ। ਸਾਡੀ ਹਮਦਰਦੀ ਪੀੜਤ ਅਤੇ ਉਸ ਦੇ ਪਰਿਵਾਰ ਨਾਲ ਹੈ।"

ਘਟਨਾ ਤੋਂ ਬਾਅਦ ਡੀ.ਐੱਚ.ਐੱਸ. ਨੇ ਸਾਬਕਾ ਬਾਈਡੇਨ ਪ੍ਰਸ਼ਾਸਨ ਦੀਆਂ ਪਰਵਾਸ ਨੀਤੀਆਂ ਦੀ ਨਿੰਦਾ ਕਰਦਿਆਂ ਦੱਸਿਆ ਕਿ ਸ਼ੱਕੀ ਨੂੰ ਸਰਹੱਦ ਉੱਤੇ ਪਹਿਲੀ ਵਾਰ ਫੜੇ ਜਾਣ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ ਸੀ। ਰਿਪੋਰਟਾਂ ਮੁਤਾਬਕ, ਰੋਹਿਤ ਅਗਸਤ 2023 ਵਿੱਚ ਅਰੀਜ਼ੋਨਾ ਰਾਹੀਂ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖ਼ਲ ਹੋਇਆ ਸੀ ਅਤੇ ਯੂ.ਐੱਸ. ਬਾਰਡਰ ਪੈਟਰੋਲ ਨੇ ਉਸ ਨੂੰ ਗ੍ਰਿਫ਼ਤਾਰ ਕੀਤਾ ਸੀ। ਬਾਅਦ ਵਿੱਚ ਬਾਈਡੇਨ ਪ੍ਰਸ਼ਾਸਨ ਵੱਲੋਂ ਉਸ ਨੂੰ ਦੇਸ਼ ਵਿੱਚ ਛੱਡ ਦਿੱਤਾ ਗਿਆ ਸੀ।

22 ਸਾਲਾ ਭਾਰਤੀ ਨਾਗਰਿਕ ਰੋਹਿਤ ਵੱਲੋਂ ਕਈ ਮਹੀਨਿਆਂ ਤੱਕ ਪਿੱਛਾ ਕੀਤੇ ਜਾਣ ਤੋਂ ਬਾਅਦ, 8 ਸਤੰਬਰ ਨੂੰ ਸੈਕਰਾਮੈਂਟੋ ਕਾਊਂਟੀ ਵਿੱਚ ਇੱਕ 'ਪਨੇਰਾ ਬ੍ਰੈੱਡ' ਦੇ ਬਾਹਰ ਠਾਕੁਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਅਦਾਲਤੀ ਰਿਕਾਰਡ ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਨੁਸਾਰ, ਕਈ ਵਾਰ ਡਰਾਉਣ ਵਾਲੀਆਂ ਘਟਨਾਵਾਂ ਤੋਂ ਬਾਅਦ ਠਾਕੁਰ ਨੇ ਮਈ ਵਿੱਚ ਰੋਹਿਤ ਵਿਰੁੱਧ ਰੋਕਥਾਮ ਆਦੇਸ਼ (ਸੰਜਮ ਹੁਕਮ) ਪ੍ਰਾਪਤ ਕੀਤਾ ਸੀ।

ਡੀ.ਐੱਚ.ਐੱਸ. ਦੇ ਜਾਂਚਕਰਤਾਵਾਂ ਨੇ ਕਿਹਾ ਕਿ ਰੋਹਿਤ ਨੇ ਕਥਿਤ ਤੌਰ ਉੱਤੇ ਉਸ ਦੀ ਗੱਡੀ ਉੱਤੇ ਲੁਕਾਏ ਗਏ ਐਪਲ ਏਅਰਟੈਗ (Apple AirTag) ਰਾਹੀਂ ਉਸ ਦੀਆਂ ਹਰਕਤਾਂ ਉੱਤੇ ਨਜ਼ਰ ਰੱਖੀ, ਬਿਨਾਂ ਇਜਾਜ਼ਤ ਦੇ ਉਸ ਦੇ ਅਪਾਰਟਮੈਂਟ ਦੀ ਚਾਬੀ ਦੀ ਨਕਲ ਪ੍ਰਾਪਤ ਕੀਤੀ, ਉਸ ਦੇ ਘਰ ਦੇ ਬਾਹਰ ਦੇਰ ਤੱਕ ਉਡੀਕ ਕੀਤੀ, ਨਿਯਮਤ ਤੌਰ ਉੱਤੇ ਉਸ ਦੇ ਕੰਮ ਵਾਲੀ ਥਾਂ ਉੱਤੇ ਪਹੁੰਚਿਆ ਅਤੇ ਇੱਕ ਮੌਕੇ ਉੱਤੇ ਮਦਦ ਦੀ ਪੇਸ਼ਕਸ਼ ਕਰਨ ਤੋਂ ਪਹਿਲਾਂ ਉਸ ਦੇ ਵਾਹਨ ਦੇ ਟਾਇਰ ਵੀ ਪੰਚਰ ਕਰ ਦਿੱਤੇ ਸਨ।

ਅਧਿਕਾਰੀਆਂ ਨੇ ਦੱਸਿਆ ਕਿ ਠਾਕੁਰ ਨੇ ਵਾਰ-ਵਾਰ ਆਪਣੀ ਸੁਰੱਖਿਆ ਨੂੰ ਲੈ ਕੇ ਡਰ ਪ੍ਰਗਟ ਕੀਤਾ ਸੀ ਅਤੇ ਸ਼ੱਕੀ ਸ਼ਖਸ ਨਾਲ ਜੁੜੀਆਂ ਕਈ ਘਟਨਾਵਾਂ ਦੀ ਰਿਪੋਰਟ ਕੀਤੀ ਸੀ। ਇਹ ਗੋਲੀਬਾਰੀ 8 ਸਤੰਬਰ ਨੂੰ ਸੈਕਰਾਮੈਂਟੋ ਕਾਊਂਟੀ ਦੇ ਇੱਕ ਸ਼ਾਪਿੰਗ ਸੈਂਟਰ ਵਿੱਚ ਹੋਈ। ਸਥਾਨਕ ਰਿਪੋਰਟਾਂ ਮੁਤਾਬਕ, ਜਦੋਂ ਠਾਕੁਰ ਆਪਣੀ ਗੱਡੀ ਵੱਲ ਜਾ ਰਹੀ ਸੀ ਤਾਂ ਰੋਹਿਤ ਨੇ ਉਸ ਨੂੰ ਘੇਰ ਲਿਆ।

ਡੀ.ਐੱਚ.ਐੱਸ. ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਸ਼ੱਕੀ ਨੇ ਉਸ ਦਾ ਪਿੱਛਾ ਕੀਤਾ, ਕਈ ਗੋਲੀਆਂ ਚਲਾਈਆਂ ਅਤੇ ਫਿਰ ਮੌਕੇ ਤੋਂ ਭੱਜਣ ਤੋਂ ਪਹਿਲਾਂ ਉਸ ਨੂੰ ਨੇੜਿਓਂ ਦੁਬਾਰਾ ਗੋਲੀ ਮਾਰ ਦਿੱਤੀ। ਇਸ ਤੋਂ ਬਾਅਦ ਪੁਲੀਸ ਨੇ ਉਸ ਦਾ ਪਿੱਛਾ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਅਧਿਕਾਰੀ ਸ਼ੱਕੀ ਤੱਕ ਪਹੁੰਚੇ ਤਾਂ ਉਸ ਨੇ ਆਪਣਾ ਵਾਹਨ ਰੋਕ ਲਿਆ ਅਤੇ ਬਾਅਦ ਵਿੱਚ ਉਹ ਆਪਣੇ ਆਪ ਨੂੰ ਗੋਲੀ ਮਾਰਨ ਕਾਰਨ ਮ੍ਰਿਤਕ ਪਾਇਆ ਗਿਆ। ਸੈਕਰਾਮੈਂਟੋ ਕਾਊਂਟੀ ਸ਼ੈਰਿਫ ਦਫ਼ਤਰ ਨੇ ਸਵੀਕਾਰ ਕੀਤਾ ਕਿ ਰੋਕਥਾਮ ਆਦੇਸ਼ ਦੀ ਉਲੰਘਣਾ ਕਰਨ ਦੇ ਦੋਸ਼ਾਂ ਤੋਂ ਬਾਅਦ ਡਿਪਟੀਆਂ ਕੋਲ ਰੋਹਿਤ ਨੂੰ ਗ੍ਰਿਫ਼ਤਾਰ ਕਰਨ ਦੇ ਪੁਖ਼ਤਾ ਆਧਾਰ ਸਨ। ਮੀਡੀਆ ਰਿਪੋਰਟਾਂ ਅਨੁਸਾਰ, ਠਾਕੁਰ ਦੀ ਮਾਂ ਸੁਦੇਸ਼ ਕੁਮਾਰੀ ਨੇ ਕਿਹਾ ਕਿ ਵਾਰ-ਵਾਰ ਜਾਰੀ ਕੀਤੇ ਗਏ ਸੰਜਮ ਹੁਕਮ ਵੀ ਉਨ੍ਹਾਂ ਦੀ ਧੀ ਦੀ ਜਾਨ ਨਹੀਂ ਬਚਾ ਸਕੇ। ਉਨ੍ਹਾਂ ਆਪਣੀ ਧੀ ਨੂੰ ਇੱਕ ਦੇਖਭਾਲ ਕਰਨ ਵਾਲੀ ਅਤੇ ਦਿਆਲੂ ਵਿਅਕਤੀ ਵਜੋਂ ਯਾਦ ਕੀਤਾ ਅਤੇ ਅਫ਼ਸੋਸ ਪ੍ਰਗਟ ਕੀਤਾ ਕਿ ਅਨੇਕਾਂ ਚਿਤਾਵਨੀਆਂ ਦੇ ਬਾਵਜੂਦ ਕੋਈ ਵੀ ਇਸ ਕਤਲ ਨੂੰ ਰੋਕਣ ਵਿੱਚ ਕਾਮਯਾਬ ਨਹੀਂ ਹੋ ਸਕਿਆ।

# ਪੇਜ ਇੱਕ ਦੀ ਬਾਕੀ

## ਕੈਨੇਡਾ 'ਚ ਪੰਜਾਬੀ...

ਕੈਨੇਡਾ ਵਿੱਚ ਰਹਿਣ ਲਈ ਅਯੋਗ ਪਾਇਆ ਗਿਆ ਸੀ।

**IRB ਦੇ ਹੁਕਮ ਤੋਂ ਬਾਅਦ ਹੋਈ ਕਾਰਵਾਈ**

CBSA ਅਨੁਸਾਰ ਇਨ੍ਹਾਂ ਚਾਰਾਂ ਦੇ ਮਾਮਲੇ ਵਿੱਚ ਗੰਭੀਰ ਅਪਰਾਧਾਂ ਅਤੇ ਅਪਰਾਧਿਕ ਸੰਗਠਨਾਂ ਨਾਲ ਸਬੰਧਾਂ ਦੇ ਦੋਸ਼ ਸਨ। ਇਨ੍ਹਾਂ ਖ਼ਿਲਾਫ਼ ਜ਼ਬਰਦਸਤੀ ਉਗਰਾਹੀ, ਗੋਲੀਬਾਰੀ ਅਤੇ ਹਿੰਸਕ ਘਟਨਾਵਾਂ ਨਾਲ ਸਬੰਧਤ ਮਾਮਲੇ ਦਰਜ ਸਨ। ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਆਫ਼ ਕੈਨੇਡਾ (IRB) ਦੇ ਹੁਕਮਾਂ ਤੋਂ ਬਾਅਦ ਇਨ੍ਹਾਂ ਨੂੰ ਦੇਸ਼ ਤੋਂ ਬਾਹਰ ਭੇਜਿਆ ਗਿਆ।

CBSA ਨੇ ਦੱਸਿਆ ਕਿ ਇਸ ਸਾਲ ਦੇ ਪਿਛਲੇ ਮਹੀਨਿਆਂ ਦੌਰਾਨ ਫਿਰੌਤੀ ਅਤੇ ਗੋਲੀਬਾਰੀ ਨਾਲ ਜੁੜੇ ਮਾਮਲਿਆਂ ਵਿੱਚ 111 ਸ਼ੱਕੀਆਂ ਨੂੰ ਕੈਨੇਡਾ ਤੋਂ ਡਿਪੋਰਟ ਕੀਤਾ ਗਿਆ ਹੈ। ਏਜੰਸੀ ਮੁਤਾਬਕ ਹੋਰ ਕਈ ਵਿਅਕਤੀਆਂ ਖ਼ਿਲਾਫ਼ ਵੀ ਕਾਰਵਾਈ ਜਾਰੀ ਹੈ।

CBSA ਦੀ ਪ੍ਰਧਾਨ ਐਰਿਨ ਓ'ਗੋਰਮਨ ਨੇ ਸੋਮਵਾਰ ਨੂੰ ਜਾਰੀ ਬਿਆਨ ਵਿੱਚ ਕਿਹਾ ਕਿ ਏਜੰਸੀ ਇਮੀਗ੍ਰੇਸ਼ਨ ਅਤੇ ਰਿਫਿਊਜੀ ਪ੍ਰੋਟੈਕਸ਼ਨ ਕਾਨੂੰਨ ਤਹਿਤ ਅਯੋਗ ਠਹਿਰਾਏ ਗਏ ਵਿਅਕਤੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਣ ਲਈ ਕੰਮ ਕਰ ਰਹੀ ਹੈ।

ਏਜੰਸੀ ਨੇ ਡਿਪੋਰਟ ਕੀਤੇ ਗਏ ਸਾਰੇ ਲੋਕਾਂ ਦੀ ਕੌਮੀਅਤ ਜਨਤਕ ਨਹੀਂ ਕੀਤੀ। ਹਾਲਾਂਕਿ, ਸੂਤਰਾਂ ਅਨੁਸਾਰ ਇਨ੍ਹਾਂ 111 ਵਿਅਕਤੀਆਂ ਵਿੱਚੋਂ ਸਿਰਫ਼ 7 ਲੋਕਾਂ ਦੀ ਨਾਗਰਿਕਤਾ ਭਾਰਤ ਤੋਂ ਇਲਾਵਾ ਕਿਸੇ ਹੋਰ ਦੇਸ਼ ਨਾਲ ਸਬੰਧਤ ਸੀ। CBSA ਮੁਤਾਬਕ ਇਨ੍ਹਾਂ ਵਿੱਚੋਂ ਜ਼ਿਆਦਾਤਰ ਵਿਅਕਤੀ ਬ੍ਰਿਟਿਸ਼ ਕੋਲੰਬੀਆ ਅਤੇ ਓਨਟਾਰੀਓ ਸੂਬਿਆਂ ਨਾਲ ਸਬੰਧਤ ਸਨ।

**2025 ਵਿੱਚ 23 ਹਜ਼ਾਰ ਤੋਂ ਵੱਧ ਲੋਕ ਡਿਪੋਰਟ**

ਏਜੰਸੀ ਨੇ ਦੱਸਿਆ ਕਿ ਸਾਲ 2025 ਦੌਰਾਨ ਕੁੱਲ 23,160 ਲੋਕਾਂ ਨੂੰ ਕੈਨੇਡਾ ਤੋਂ ਉਨ੍ਹਾਂ ਦੇ ਪਿੱਤਰੀ ਦੇਸ਼ ਵਾਪਸ ਭੇਜਿਆ ਗਿਆ ਸੀ। ਇਨ੍ਹਾਂ ਵਿੱਚੋਂ 1,010 ਲੋਕ ਗੰਭੀਰ ਅਪਰਾਧਿਕ ਮਾਮਲਿਆਂ ਨਾਲ ਸਬੰਧਤ ਸਨ।

CBSA ਨੇ ਇਹ ਵੀ ਦੱਸਿਆ ਕਿ ਪਹਿਲਾਂ ਏਜੰਸੀ ਕੋਲ 530 ਅਧਿਕਾਰੀ ਸਨ। ਹੁਣ ਕੇਂਦਰ ਸਰਕਾਰ ਵੱਲੋਂ ਬਜਟ ਵਧਾਏ ਜਾਣ ਤੋਂ ਬਾਅਦ 1,000 ਹੋਰ ਅਧਿਕਾਰੀਆਂ ਦੀ ਭਰਤੀ ਕੀਤੀ ਜਾ ਰਹੀ ਹੈ। ਏਜੰਸੀ ਦਾ ਕਹਿਣਾ ਹੈ ਕਿ ਅਧਿਕਾਰੀਆਂ ਦੀ ਕਮੀ ਕਾਰਨ ਪਹਿਲਾਂ ਕੁਝ ਵਿਦੇਸ਼ੀ ਨਾਗਰਿਕਾਂ ਖ਼ਿਲਾਫ਼ ਕਾਰਵਾਈ ਵਿੱਚ ਮੁਸ਼ਕਲਾਂ ਆਉਂਦੀਆਂ ਸਨ, ਪਰ ਹੁਣ ਇਸ ਸਮਰੱਥਾ ਨੂੰ ਵਧਾਇਆ ਜਾ ਰਿਹਾ ਹੈ।

**ਸਰਕਾਰ ਨੇ ਫਿਰੌਤੀ ਗਤੀਵਿਧੀਆਂ 'ਤੇ ਜਤਾਈ ਚਿੰਤਾ**

ਫੈਡਰਲ ਲੋਕ ਸੁਰੱਖਿਆ ਮੰਤਰੀ ਗੈਰੀ ਅਨੰਦਾਸੰਗਰੀ ਨੇ ਕਿਹਾ ਕਿ ਸਰਕਾਰ ਦੱਖਣੀ ਏਸ਼ਿਆਈ ਮੂਲ ਦੇ ਲੋਕਾਂ ਨਾਲ ਜੁੜੀਆਂ ਫਿਰੌਤੀ ਦੀਆਂ ਗਤੀਵਿਧੀਆਂ ਨਾਲ ਨਜਿੱਠਣ ਲਈ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਮੰਤਰੀ ਨੇ ਕਿਸੇ ਖ਼ਾਸ ਦੇਸ਼ ਦਾ ਨਾਮ ਲਏ ਬਿਨਾਂ ਕਿਹਾ ਕਿ ਜਾਂਚ ਦੌਰਾਨ ਇਹ ਵੀ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕਿਤੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਲੋਕ ਕਿਸੇ ਵੱਡੀ ਤਾਕਤ ਦੇ ਇਸ਼ਾਰੇ 'ਤੇ ਕੈਨੇਡਾ ਵਿੱਚ ਅਸ਼ਾਂਤੀ ਪੈਦਾ ਕਰਨ ਲਈ ਤਾਂ ਕੰਮ ਨਹੀਂ ਕਰ ਰਹੇ।

## ਸੂਡਾਨ 'ਚ ਵੱਡਾ...

ਅਚਾਨਕ ਢਹਿ ਗਈ, ਜਿਸ ਕਾਰਨ ਵੱਡੀ ਗਿਣਤੀ ਵਿੱਚ ਲੋਕ ਮਲਬੇ ਹੇਠ ਦੱਬੇ ਗਏ। ਇਸ ਘਟਨਾ ਤੋਂ ਬਾਅਦ ਕਈ ਲੋਕਾਂ ਦੇ ਲਾਪਤਾ ਹੋਣ ਦੀ ਖਬਰ ਹੈ। ਸਥਾਨਿਕ ਪੱਧਰ 'ਤੇ ਬਚਾਅ ਅਤੇ ਰਾਹਤ ਕਾਰਜ ਜਾਰੀ ਹਨ ਅਤੇ ਮਲਬੇ ਵਿੱਚ ਫਸੇ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ।

ਮੈਡੀਕਲ ਟੀਮ ਅਨੁਸਾਰ, ਇਸ ਗੱਲ ਦੀ ਸੰਭਾਵਨਾ ਹੈ ਕਿ ਲੋਕ ਅਜੇ ਵੀ ਖਾਨ ਵਿੱਚ ਦੱਬੇ ਹੋਏ ਹਨ। ਨਤੀਜੇ ਵਜੋਂ, ਮ੍ਰਿਤਕਾਂ ਦੀ ਗਿਣਤੀ ਵਧ ਸਕਦੀ ਹੈ। ਬਚਾਅ ਦਲ ਮਲਬੇ ਹੇਠ ਫਸੇ ਲੋਕਾਂ ਜਾਂ ਜਿਉਂਦੇ ਬਚੇ ਵਿਅਕਤੀਆਂ ਦੀ ਭਾਲ ਵਿੱਚ ਲੱਗੇ ਹੋਏ ਹਨ।

ਜਿਸ ਇਲਾਕੇ ਵਿੱਚ ਇਹ ਘਟਨਾ ਵਾਪਰੀ ਹੈ, ਉਹ ਅਰਧ-ਫੌਜੀ ਬਲ 'ਰੈਪਿਡ ਸਪੋਰਟ ਫੋਰਸਿਜ਼' (RSF) ਦੇ ਕੰਟਰੋਲ ਹੇਠ ਹੈ। ਸ਼ਢ ਅਤੇ ਸੂਡਾਨੀ ਫੌਜ ਵਿਚਕਾਰ ਪਿਛਲੇ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਟਕਰਾਅ ਚੱਲ ਰਿਹਾ ਹੈ। ਖਾਨ ਹਾਦਸੇ ਤੋਂ ਬਾਅਦ, ਮਲਬੇ ਹੇਠ ਫਸੇ ਲੋਕਾਂ ਤੱਕ ਪਹੁੰਚਣਾ ਸਥਾਨਕ ਵਸਨੀਕਾਂ ਅਤੇ ਬਚਾਅ ਦਲਾਂ ਲਈ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ। ਫਿਲਹਾਲ ਬਚਾਅ ਕਾਰਜ ਜਾਰੀ ਹਨ ਅਤੇ ਲਾਪਤਾ ਵਿਅਕਤੀਆਂ ਦੀ ਭਾਲ ਕੀਤੀ ਜਾ ਰਹੀ ਹੈ।

## ਦੱਖਣੀ ਅਫਰੀਕਾ 'ਚ...

ਇੱਕ ਤੀਜਾ ਵਾਹਨ ਤੁਰੰਤ ਬਾਅਦ ਉਨ੍ਹਾਂ ਨਾਲ ਆ ਟਕਰਾਇਆ। ਟੱਕਰ ਕਾਰਨ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ ਅਤੇ ਸੜਕ 'ਤੇ ਚਾਰੇ ਪਾਸੇ ਮਲਬਾ ਖਿੱਲਰ ਗਿਆ।

ਇਹ ਹਾਦਸਾ ਵੈਸਟਰਨ ਕੇਪ ਸੂਬੇ ਦੀ ਇੱਕ ਰੁਝੇਵੇਂ ਭਰੀ ਸੜਕ 'ਤੇ ਵਾਪਰਿਆ।

ਸੂਚਨਾ ਮਿਲਦਿਆਂ ਹੀ ਐਮਰਜੈਂਸੀ ਟੀਮਾਂ, ਪੁਲਿਸ ਅਤੇ ਬਚਾਅ ਕਰਮਚਾਰੀ ਤੁਰੰਤ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ। ਜ਼ਖਮੀਆਂ ਨੂੰ ਤੁਰੰਤ ਨੇੜਲੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਕੁਝ ਲੋਕਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਪ੍ਰਸ਼ਾਸਨ ਨੇ ਬਚਾਅ ਅਤੇ ਜਾਂਚ ਕਾਰਜਾਂ ਕਾਰਨ N1 ਹਾਈਵੇਅ ਨੂੰ ਦੋਵਾਂ ਦਿਸ਼ਾਵਾਂ ਤੋਂ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ ਅਤੇ ਵਾਹਨਾਂ ਨੂੰ ਬਦਲਵੇਂ ਰਸਤਿਆਂ ਰਾਹੀਂ ਭੇਜਿਆ ਜਾ ਰਿਹਾ ਹੈ। ਪੁਲਿਸ ਨੇ ਹਾਦਸੇ ਦੇ ਅਸਲ ਕਾਰਨ ਦਾ ਪਤਾ ਲਗਾਉਣ ਲਈ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਦੱਖਣੀ ਅਫਰੀਕਾ ਵਿੱਚ ਆਮ ਲੋਕਾਂ ਲਈ ਮਿੰਨੀ-ਬੱਸਾਂ ਆਵਾਜਾਈ ਦਾ ਮੁੱਖ ਸਾਧਨ ਹਨ, ਪਰ ਤੇਜ਼ ਰਫ਼ਤਾਰ ਅਤੇ ਸੜਕਾਂ ਦੀ ਖਸਤਾ ਹਾਲਤ ਕਾਰਨ ਇਸ ਤਰ੍ਹਾਂ ਦੇ ਹਾਦਸੇ ਅਕਸਰ ਚਿੰਤਾ ਦਾ ਵਿਸ਼ਾ ਬਣੇ ਰਹਿੰਦੇ ਹਨ।

## ਇੰਡੋਨੇਸ਼ੀਆ 'ਚ 240...

107 ਲੋਕਾਂ ਨੂੰ ਬਚਾ ਲਿਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ 130 ਯਾਤਰੀ ਅਜੇ ਵੀ ਲਾਪਤਾ ਹਨ ਅਤੇ ਉਨ੍ਹਾਂ ਦੀ ਭਾਲ ਜਾਰੀ ਹੈ।

ਇੰਡੋਨੇਸ਼ੀਆ ਦੀਆਂ ਬਚਾਅ ਟੀਮਾਂ ਨੇ ਦੱਸਿਆ ਹੈ ਕਿ ਐਤਵਾਰ ਨੂੰ ਖਰਾਬ ਮੌਸਮ ਕਾਰਨ ਜਾਵਾ ਸਾਗਰ ਵਿੱਚ 240 ਤੋਂ ਵੱਧ ਲੋਕਾਂ ਨੂੰ ਲੈ ਕੇ ਜਾ ਰਹੀ ਇੱਕ ਫੈਰੀ ਦੇ ਡੁੱਬਣ ਤੋਂ ਬਾਅਦ ਲਗਭਗ 130 ਯਾਤਰੀ ਅਤੇ ਅਮਲੇ ਦੇ ਮੈਂਬਰ ਲਾਪਤਾ ਹਨ। ਜਦੋਂ ਜਹਾਜ਼ ਦੇ ਆਖਰੀ ਵਾਰ ਪਤਾ ਲੱਗੇ ਸਥਾਨ ਦੇ ਨੇੜਲੇ ਪਾਣੀਆਂ ਵਿੱਚ ਖੋਜ ਮੁਹਿੰਮ ਤੇਜ਼ ਕੀਤੀ ਗਈ, ਤਾਂ ਘੱਟੋ-ਘੱਟ 107 ਲੋਕਾਂ ਨੂੰ ਬਚਾ ਲਿਆ ਗਿਆ ਅਤੇ ਛੇ ਯਾਤਰੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ। ਅਧਿਕਾਰੀਆਂ ਨੇ ਦੱਸਿਆ ਕਿ ਇਹ ਫੈਰੀ ਪੂਰਬੀ ਜਾਵਾ ਦੇ ਸੁਰਾਬਾਇਆ ਤੋਂ ਦੱਖਣੀ ਕਾਲੀਮੰਤਨ ਸੂਬੇ ਦੇ ਬੰਜਾਰਮਾਸਿਨ ਜਾ ਰਹੀ ਸੀ।

ਬੰਜਾਰਮਾਸਿਨ ਸਰਚ ਐਂਡ ਰੈਸਕਿਊ ਦਫ਼ਤਰ ਦੇ ਮੁਖੀ, ਆਈ ਪੁਤੂ ਸੁਦਾਯਾਨਾ ਨੇ ਦੱਸਿਆ ਕਿ ਸੰਕਟ ਦਾ ਸੰਕੇਤ ਭੇਜਣ ਤੋਂ ਪਹਿਲਾਂ, ਜਹਾਜ਼ ਦੇ ਕਪਤਾਨ ਨੇ ਸਮੁੰਦਰ ਵਿੱਚ ਖਰਾਬ ਹਾਲਾਤ ਅਤੇ 10 ਫੁੱਟ ਤੱਕ ਉੱਚੀਆਂ ਲਹਿਰਾਂ ਬਾਰੇ ਜਾਣਕਾਰੀ ਦਿੱਤੀ ਸੀ, ਅਤੇ ਇਹ ਵੀ ਦੱਸਿਆ ਸੀ ਕਿ ਜਹਾਜ਼ ਇੱਕ ਪਾਸੇ ਨੂੰ ਝੁਕ ਰਿਹਾ ਸੀ। ਬਾਅਦ ਵਿੱਚ ਅਧਿਕਾਰੀਆਂ ਨੂੰ ਸੂਚਨਾ ਮਿਲੀ ਕਿ ਜਹਾਜ਼ ਪਲਟ ਗਿਆ ਸੀ ਅਤੇ ਫਿਰ ਡੁੱਬ ਗਿਆ। ਬੰਜਾਰਮਾਸਿਨ ਦੀ ਇੱਕ ਬਚਾਅ ਏਜੰਸੀ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਘਟਨਾ ਬਾਰੇ ਉਦੋਂ ਸੂਚਿਤ ਕੀਤਾ ਗਿਆ ਜਦੋਂ ਐਤਵਾਰ ਤੜਕੇ ਕਰੀਬ 2 ਵਜੇ 'ਵਾਰਕੋ ਟਰਾਂਸਪੋਰਟ 8' (Warko Transport 8) ਨਾਲ ਸੰਪਰਕ ਟੁੱਟਣ ਤੋਂ ਦੋ ਘੰਟੇ ਬਾਅਦ ਦੀ ਗੱਲ ਸੀ। ਇਹ ਜਹਾਜ਼ ਇੰਡੋਨੇਸ਼ੀਆ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਸੁਰਾਬਾਇਆ ਤੋਂ ਬੋਰਨੀਓ ਟਾਪੂ 'ਤੇ ਸਥਿਤ ਸ਼ਹਿਰ ਬੰਜਾਰਮਾਸਿਨ ਲਈ ਰਵਾਨਾ ਹੋਇਆ ਸੀ।

ਸੁਦਾਯਾਨਾ ਨੇ ਇੱਕ ਵੀਡੀਓ ਬ੍ਰੀਫਿੰਗ ਵਿੱਚ ਕਿਹਾ, "ਖਰਾਬ ਮੌਸਮ ਦਾ ਸਾਹਮਣਾ ਕਰਨ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਜਹਾਜ਼ ਦੇ ਸੰਚਾਲਕ ਨੇ ਅਧਿਕਾਰੀਆਂ ਨੂੰ ਘਟਨਾ ਬਾਰੇ ਸੂਚਿਤ ਕੀਤਾ।" ਉਨ੍ਹਾਂ ਅੱਗੇ ਦੱਸਿਆ ਕਿ ਇਸ ਦੇ ਜਵਾਬ ਵਿੱਚ, 'ਵੋਰਕੋ ਟਰਾਂਸਪੋਰਟ 8' (Worko Transport 8) ਦੀ ਆਖਰੀ ਵਾਰ ਪਤਾ ਲੱਗੀ ਅੰਦਾਜ਼ਨ ਸਥਿਤੀ ਵੱਲ ਇੱਕ ਬਚਾਅ ਜਹਾਜ਼ ਭੇਜਿਆ ਗਿਆ। ਇਸ ਤੋਂ ਇਲਾਵਾ, ਫੈਰੀ 'ਤੇ ਸਵਾਰ ਯਾਤਰੀਆਂ ਅਤੇ ਅਮਲੇ ਦੇ ਮੈਂਬਰਾਂ ਦੀ ਵੱਡੀ ਗਿਣਤੀ ਨੂੰ ਦੇਖਦੇ ਹੋਏ, ਅਧਿਕਾਰੀਆਂ ਨੇ ਚਾਰ ਜਹਾਜ਼ਾਂ—ਜਿਨ੍ਹਾਂ ਵਿੱਚ ਇੱਕ ਜਲ ਸੈਨਾ ਦਾ ਜਹਾਜ਼ ਵੀ ਸ਼ਾਮਲ ਸੀ—ਅਤੇ ਇੱਕ ਹੈਲੀਕਾਪਟਰ ਦੀ ਵਰਤੋਂ ਕਰਦਿਆਂ ਬਚਾਅ ਟੀਮਾਂ ਤਾਇਨਾਤ ਕੀਤੀਆਂ।

## ਨੇਪਾਲ 'ਚ ਹੜ੍ਹਾਂ...

ਤਬਾਹੀ ਮਚਾਈ ਸੀ। ਇਸ ਕਾਰਨ ਭੋਟੇਕੋਸ਼ੀ ਨਦੀ ਵਿੱਚ ਹੜ੍ਹ ਆ ਗਿਆ, ਜਿਸ ਨਾਲ ਘਰ, ਵਾਹਨ, ਸੜਕਾਂ ਤੇ ਪੁਲ ਰੁੜ੍ਹ ਗਏ ਅਤੇ ਪਣ-ਬਿਜਲੀ ਪ੍ਰਾਜੈਕਟਾਂ ਨੂੰ ਵੀ ਨੁਕਸਾਨ ਪਹੁੰਚਿਆ।

ਅਧਿਕਾਰੀਆਂ ਨੇ ਦੱਸਿਆ ਕਿ ਨੇਪਾਲ ਵਿੱਚ ਇਕੱਲੇ ਚਿਤਵਨ ਜ਼ਿਲ੍ਹੇ ਵਿੱਚੋਂ 364 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਇਸ ਤੋਂ ਬਾਅਦ ਨਵਲਪਰਾਸੀ ਪੂਰਬ ਵਿੱਚੋਂ 232 ਅਤੇ ਨਵਲਪਰਾਸੀ ਪੱਛਮ ਵਿੱਚੋਂ 222 ਲਾਸ਼ਾਂ ਮਿਲੀਆਂ ਹਨ। ਬਾਕੀ ਲਾਸ਼ਾਂ ਨੁਵਾਕੋਟ, ਰਸੁਵਾ, ਗੋਰਖਾ ਅਤੇ ਧਾਦਿੰਗ ਆਦਿ ਜ਼ਿਲ੍ਹਿਆਂ ਵਿੱਚੋਂ ਬਰਾਮਦ ਹੋਈਆਂ ਹਨ।

ਅਧਿਕਾਰੀਆਂ ਅਨੁਸਾਰ, ਮ੍ਰਿਤਕਾਂ ਦੀ ਪਛਾਣ ਕਰਨਾ ਇੱਕ ਵੱਡੀ ਚੁਣੌਤੀ ਬਣ ਕੇ ਸਾਹਮਣੇ ਆਇਆ ਹੈ। ਹੁਣ ਤੱਕ ਬਰਾਮਦ ਹੋਈਆਂ ਕੁੱਲ ਲਾਸ਼ਾਂ ਵਿੱਚੋਂ ਸਿਰਫ਼ 104 ਦੀ ਪਛਾਣ ਹੋਣ ਤੋਂ ਬਾਅਦ ਹੀ ਉਨ੍ਹਾਂ ਨੂੰ ਵਾਰਸਾਂ ਹਵਾਲੇ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹੇਠਾਂ ਵੱਲ ਰੁੜ੍ਹ ਕੇ ਆਈਆਂ ਲਾਸ਼ਾਂ ਬੁਰੀ ਤਰ੍ਹਾਂ ਗਲ-ਸੜ ਚੁੱਕੀਆਂ ਹਨ ਜਾਂ ਫਿਰ ਸਰੀਰ ਦੇ ਸਿਰਫ਼ ਕੁਝ ਹਿੱਸੇ ਹੀ ਬਰਾਮਦ ਹੋਏ ਹਨ।

ਫ਼ੋਰੈਂਸਿਕ ਮਾਹਿਰਾਂ ਅਨੁਸਾਰ, ਕਈ ਮਾਮਲਿਆਂ ਵਿੱਚ ਡੀ ਐੱਨ ਏ (ਧਂਅ) ਜਾਂਚ ਬਹੁਤ ਮਹੱਤਵਪੂਰਨ ਹੋ ਗਈ ਹੈ, ਪਰ ਇਹ ਸਮਾਂ ਲੈਣ ਵਾਲੀ ਪ੍ਰਕਿਰਿਆ ਹੈ। ਹੜ੍ਹ ਪ੍ਰਭਾਵਿਤ ਰਸੁਵਾ ਅਤੇ ਨੁਵਾਕੋਟ ਜ਼ਿਲ੍ਹਿਆਂ ਦੇ ਕਈ ਪਣ-ਬਿਜਲੀ ਪ੍ਰਾਜੈਕਟਾਂ ਵਿੱਚ ਖੋਜੀ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ, ਜਿੱਥੇ ਵੱਡੀ ਗਿਣਤੀ ਵਿੱਚ ਕਾਮਿਆਂ ਦਾ ਹਾਲੇ ਤੱਕ ਕੋਈ ਪਤਾ ਨਹੀਂ ਲੱਗ ਸਕਿਆ ਹੈ। ਇਨ੍ਹਾਂ ਮੁਹਿੰਮਾਂ ਵਿੱਚ ਨੇਪਾਲ ਫ਼ੌਜ, ਹਥਿਆਰਬੰਦ ਪੁਲੀਸ ਬਲ ਅਤੇ ਵਿਦੇਸ਼ੀ ਤਕਨੀਕੀ ਮਾਹਿਰ ਸ਼ਾਮਲ ਹਨ। ਉੱਥੇ ਹੀ ਚੀਨੀ ਮੀਡੀਆ ਅਨੁਸਾਰ, ਚੀਨ ਵਾਲੇ ਪਾਸੇ ਵੀ ਹੜ੍ਹਾਂ ਵਿੱਚ 43 ਲੋਕਾਂ ਦੀ ਮੌਤ ਹੋਈ ਹੈ ਅਤੇ 500 ਤੋਂ ਵੱਧ ਲੋਕ ਅਜੇ ਵੀ ਲਾਪਤਾ ਹਨ।

## ਟਰੰਪ ਵਿਰੁੱਧ ਅਮਰੀਕਾ...

ਭਾਵੇਂ ਡੌਨਲਡ ਟਰੰਪ ਜੰਗ ਖ਼ਤਮ ਕਰਨ ਦੀ ਹਦਾਇਤ ਦਿੰਦੇ ਮਤੇ ਨੂੰ ਵੀਟੋ ਕਰ ਸਕਦੇ ਹਨ ਪਰ ਅਮਰੀਕਾ ਦੇ ਕੋਨੇ ਕੋਨੇ ਵਿਚ ਘਟਦੀ ਟਰੰਪ ਦੀ ਮਕਬੂਲੀਅਤ ਅਤੇ ਹੁਣ ਆਪਣੀ ਪਾਰਟੀ ਵੱਲੋਂ ਈਰਾਨ ਜੰਗ ਦਾ ਤਿੱਖਾ ਵਿਰੋਧ ਬਹੁਤ ਕੁਝ ਬਿਆਨ ਕਰਦਾ ਹੈ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਸੈਨੇਟ ਵਿਚ ਵੀ ਅਜਿਹਾ ਮਤਾ ਪਾਸ ਹੋ ਚੁੱਕਾ ਹੈ ਕਿਉਂਕਿ ਈਰਾਨ ਉਤੇ ਹਮਲਾ ਕਰਦਿਆਂ ਟਰੰਪ ਨੇ ਦਾਅਵਾ ਕੀਤਾ ਸੀ ਕਿ ਜੰਗ ਕੁਝ ਦਿਨ ਚੱਲ ਸਕਦੀ ਹੈ ਪਰ ਛੇ ਮਹੀਨੇ ਤੋਂ ਵੱਧ ਸਮਾਂ ਲੰਘਣ ਤੋਂ ਬਾਅਦ ਵੀ ਕੋਈ ਸਿੱਟਾ ਨਹੀਂ ਨਿਕਲ ਸਕਿਆ। ਮਤੇ ਉਤੇ ਵੋਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਸੰਸਦ ਮੈਂਬਰ ਥੌਮਸ ਮੈਸੀ ਨੇ ਰੱਖਿਆ ਮੰਤਰੀ ਪੀਟ ਹੈਗਜ਼ਥ ਵਿਰੁੱਧ ਮਹਾਂਦੋਸ਼ ਨਾਲ ਸਬੰਧਤ ਟਿੱਪਣੀਆਂ ਵੀ ਕੀਤੀਆਂ। ਦੱਸ ਦੇਈਏ ਕਿ ਰਿਪਬਲਿਕਨ ਪਾਰਟੀ ਦੇ ਥੌਮਸ ਮੈਸੀ ਈਰਾਨ ਜੰਗ ਦੇ ਮੁੱਦੇ 'ਤੇ ਲਗਾਤਾਰ ਰਾਸ਼ਟਰਪਤੀ ਡੌਨਲਡ ਟਰੰਪ ਦਾ ਵਿਰੋਧ ਕਰਦੇ ਆਏ ਹਨ।

**ਈਰਾਨ ਜੰਗ ਵਿਚ ਨੁਕਸਾਨ ਦੀਆਂ ਅਸਲ ਤਸਵੀਰਾਂ ਆਈਆਂ ਸਾਹਮਣੇ**

ਜੁਲਾਈ ਵਿਚ ਉਨ੍ਹਾ ਕਿਹਾ ਕਿ ਈਰਾਨ ਜੰਗ ਨੇ ਅਮਰੀਕਾ ਨੂੰ ਕਮਜ਼ੋਰ ਕਰ ਦਿਤਾ ਹੈ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਰੋਅ ਖੰਨਾ ਨਾਲ ਭਾਈਵਾਲੀ ਤਹਿਤ ਜੰਗੀ ਤਾਕਤਾਂ ਸੀਮਤ ਕਰਨ ਦਾ ਰਾਹ ਪੱਧਰਾ ਕਰਦਾ ਮਤਾ ਵੀ ਲਿਆਂਦਾ। ਦੂਜੇ ਪਾਸੇ ਖਾੜੀ ਮੁਲਕਾਂ ਵਿਚ ਅਮਰੀਕਾ ਦੇ ਫ਼ੌਜੀ ਟਿਕਾਣਿਆਂ ਦੀਆਂ ਤਸਵੀਰਾਂ ਟਰੰਪ ਦੇ ਦਾਅਵਿਆਂ ਤੋਂ ਕਹਾਣੀ ਬਿਆਨ ਕਰ ਰਹੀਆਂ ਹਨ। ਕੁਵੈਤ ਅਤੇ ਸਾਊਦੀ ਅਰਬ ਵਿਚ ਈਰਾਨੀ ਹਮਲਿਆਂ ਕਰ ਕੇ ਹੋਇਆ ਨੁਕਸਾਨ ਸਾਫ਼ ਦੇਖਿਆ ਜਾ ਸਕਦਾ ਹੈ। ਰੱਖਿਆ ਵਿਭਾਗ ਦੇ ਅੰਕੜਿਆਂ ਮੁਤਾਬਕ ਅਮਰੀਕਾ ਦੇ ਤਕਰੀਬਨ 60 ਹਵਾਈ ਜਹਾਜ਼ ਤਬਾਹ ਹੋਏ ਅਤੇ 3.7 ਅਰਬ ਡਾਲਰ ਤੋਂ ਵੱਧ ਮੁੱਲ ਦਾ ਫ਼ੌਜੀ ਸਾਜ਼ੋ-ਸਮਾਨ ਬਰਬਾਦ ਹੋਇਆ।

## ਕੈਨੇਡਾ ਦੇ ਪ੍ਰਧਾਨ...

ਵੱਲੋਂ ਹਿੰਸਾ ਭੜਕਾਉਣ ਵਾਲੀਆਂ ਪੋਸਟਾਂ ਕੀਤੀਆਂ ਗਈਆਂ ਸਨ। ਮੁਲਜ਼ਮ ਵਿਰੁੱਧ ਕੈਨੇਡੀਅਨ ਕਾਨੂੰਨ ਦੀ ਧਾਰਾ 284.1(1) (ਏ) ਤਹਿਤ ਦੋਸ਼ ਦਰਜ ਕੀਤੇ ਗਏ ਹਨ। ਇਸ ਤੋਂ ਇਲਾਵਾ, ਪੁਲੀਸ ਵੱਲੋਂ ਉਸ ਦੇ ਪਿਛਲੇ ਕਥਿਤ ਅਪਰਾਧਾਂ ਨਾਲ ਸਬੰਧਤ ਦੋਸ਼ ਵੀ ਲਗਾਏ ਗਏ ਹਨ। ਮਾਮਲੇ ਦੀ ਅਗਲੀ ਸੁਣਵਾਈ ਸ਼ੁੱਕਰਵਾਰ ਨੂੰ ਹੋਵੇਗੀ।

## ਕੈਨੇਡਾ ਨੂੰ ਯੂਰਪੀਅਨ...

ਜੌਨਾਥਨ ਵਿਲਕਿਨਸਨ ਨੇ ਵੀ 'ਐਸੋਸੀਏਟ ਮੈਂਬਰ' ਸ਼ਬਦਾਵਲੀ ਨੂੰ ਲੈ ਕੇ ਸੰਜਮ ਦਿਖਾਇਆ। ਉਨ੍ਹਾਂ ਕਿਹਾ ਕਿ ਦੋਵੇਂ ਧਿਰਾਂ ਅਜੇ ਇਸ ਮੁਕਾਮ 'ਤੇ ਨਹੀਂ ਪਹੁੰਚੀਆਂ ਕਿ ਕਿਸੇ ਨਵੇਂ ਰਿਸ਼ਤੇ ਦਾ ਨਾਮ ਜਾਂ ਰਸਮੀ ਪਰਿਭਾਸ਼ਾ ਤੈਅ ਕੀਤੀ ਜਾ ਸਕੇ। ਉਨ੍ਹਾਂ ਮੁਤਾਬਕ ਇਸ ਵੇਲੇ ਧਿਆਨ ਨਾਮਕਰਨ ਦੀ ਬਜਾਏ ਠੋਸ ਨਤੀਜੇ ਹਾਸਲ ਕਰਨ 'ਤੇ ਹੈ।

ਇਸ ਪੇਸ਼ਕਸ਼ ਨੇ ਕੈਨੇਡਾ ਵਿੱਚ ਸਿਆਸੀ ਚਰਚਾ ਵੀ ਤੇਜ਼ ਕਰ ਦਿੱਤੀ ਹੈ। ਕੰਜ਼ਰਵੇਟਿਵ ਆਗੂ ਪੀਅਰ ਪੌਲਿਵਰ ਨੇ ਕਿਹਾ ਹੈ ਕਿ ਕੈਨੇਡਾ ਨਾ ਅਮਰੀਕਾ ਦਾ '51ਵਾਂ ਰਾਜ' ਬਣੇਗਾ ਅਤੇ ਨਾ ਹੀ ਯੂਰਪੀਅਨ ਯੂਨੀਅਨ ਦਾ '28ਵਾਂ ਰਾਜ'। ਉਨ੍ਹਾਂ ਨੇ ਕੈਨੇਡਾ ਦੀ ਸੁਤੰਤਰ ਪਛਾਣ ਨੂੰ ਕੇਂਦਰ ਵਿੱਚ ਰੱਖਦਿਆਂ ਸਰਕਾਰ 'ਤੇ ਸਵਾਲ ਚੁੱਕੇ ਹਨ।

ਇਸ ਦੌਰਾਨ ਕਾਰਨੀ ਦੇ ਯੂਰਪ ਦੌਰੇ ਦਾ ਕੇਂਦਰ ਵਪਾਰ, ਰੱਖਿਆ ਅਤੇ ਰਣਨੀਤਕ ਸਹਿਯੋਗ ਹੈ। ਆਰਕਟਿਕ, ਊਰਜਾ, ਨਾਜ਼ੁਕ ਖਣਿਜ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਜਲਵਾਯੂ ਵਰਗੇ ਖੇਤਰਾਂ ਵਿੱਚ ਸਹਿਯੋਗ ਵਧਾਉਣ 'ਤੇ ਵੀ ਧਿਆਨ ਹੈ। ਵੀਰਵਾਰ ਨੂੰ ਕਾਰਨੀ ਯੂਰਪੀਅਨ ਪਾਰਲੀਮੈਂਟ ਨੂੰ ਸੰਬੋਧਨ ਕਰਨਗੇ। ਉਨ੍ਹਾਂ ਦੇ ਭਾਸ਼ਣ ਤੋਂ ਇਹ ਹੋਰ ਸਪਸ਼ਟ ਹੋ ਸਕਦਾ ਹੈ ਕਿ ਓਟਾਵਾ ਇਸ ਨਵੇਂ ਯੂਰਪੀ ਪ੍ਰਸਤਾਵ ਨੂੰ ਕਿਹੜੇ ਰੂਪ ਵਿੱਚ ਅੱਗੇ ਲਿਜਾਣਾ ਚਾਹੁੰਦਾ ਹੈ।

# 'AI ਕੋਈ ਤਬਾਹੀ ਨਹੀਂ ਲਿਆ ਰਹੀ':

## ਟਰੰਪ ਨੇ ਤਕਨੀਕੀ ਆਗੂਆਂ ਦੀਆਂ ਚਿੰਤਾਵਾਂ ਨੂੰ ਖਾਰਜ ਕਰਦਿਆਂ ਕਿਹਾ, 'ਡਰ ਨਾ ਫੈਲਾਓ—ਇਹ ਤਰੱਕੀ ਦਾ ਰਾਹ ਹੈ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ (AI) ਬਾਰੇ ਚਿੰਤਾਵਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਉਨ੍ਹਾਂ ਨੇ AI ਦੇ ਵਿਕਾਸ 'ਤੇ ਕਿਸੇ ਵੀ ਤਰ੍ਹਾਂ ਦੀਆਂ ਪਾਬੰਦੀਆਂ ਲਗਾਉਣ ਦੀ ਲੋੜ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਇਸ ਦੇ ਤੇਜ਼ੀ ਨਾਲ ਹੋ ਰਹੇ ਵਿਕਾਸ ਅਤੇ ਨਿਗਰਾਨੀ ਦੀ ਘਾਟ ਬਾਰੇ ਚੇਤਾਵਨੀਆਂ ਇੱਕ ਨਕਾਰਾਤਮਕ ਸੋਚ ਦਾ ਨਤੀਜਾ ਹਨ। ਟਰੰਪ ਨੇ ਵਿਸ਼ਵ ਪੱਧਰੀ ਮੁਕਾਬਲੇਬਾਜ਼ੀ ਵਿੱਚ ਚੀਨ ਦੇ ਮੁਕਾਬਲੇ ਅਮਰੀਕਾ ਦਾ ਰੁਤਬਾ ਘਟਣ ਬਾਰੇ ਵੀ ਚਿੰਤਾ ਪ੍ਰਗਟਾਈ ਹੈ। ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਕੀਤੀ ਇੱਕ ਪੋਸਟ ਵਿੱਚ, ਟਰੰਪ ਨੇ ਕਿਹਾ ਕਿ ਇਹ ਦਾਅਵੇ ਗਲਤ ਹਨ ਕਿ ਏ.ਆਈ. (AI) ਦੁਨੀਆ 'ਤੇ ਕਬਜ਼ਾ ਕਰ ਲਵੇਗੀ।

'ਟਰੁਥ ਸੋਸ਼ਲ' (Truth Social) 'ਤੇ ਇੱਕ ਪੋਸਟ ਵਿੱਚ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ, "ਮੈਂ ਇੱਕ ਝੂਠ ਦਾ ਪਰਦਾਫਾਸ਼ ਕਰਨ ਜਾ ਰਿਹਾ ਹਾਂ। ਅਤੇ ਇਸ ਸਮੇਂ, ਮੈਂ ਇੱਕ ਹੋਰ ਝੂਠ ਦਾ ਪਰਦਾਫਾਸ਼ ਕਰ ਰਿਹਾ ਹਾਂ—ਕਿ AI (ਆਰਟੀਫੀਸ਼ੀਅਲ ਇੰਟੈਲੀਜੈਂਸ) ਦੁਨੀਆ 'ਤੇ ਕਬਜ਼ਾ ਕਰ ਲਵੇਗੀ, ਇਸ ਨੂੰ ਨਿਗਲ ਜਾਵੇਗੀ ਅਤੇ ਤਬਾਹ ਕਰ ਦੇਵੇਗੀ, ਅਤੇ ਇਹ ਕਿ ਰੋਬੋਟ ਸਾਡੇ ਸ਼ਹਿਰਾਂ 'ਤੇ ਹਮਲਾ ਕਰਨਗੇ ਅਤੇ ਸਾਨੂੰ ਸਾਰਿਆਂ ਨੂੰ ਖਤਮ ਕਰ ਦੇਣਗੇ। ਇਹ ਗੱਲ 'ਰੂਸ, ਰੂਸ' ਵਾਲੇ ਝੂਠ ਜਾਂ ਗਲੋਬਲ ਵਾਰਮਿੰਗ ਦੇ ਘੁਟਾਲੇ ਨਾਲੋਂ ਵੀ ਕਿਤੇ ਵੱਧ ਬੇਤੁਕੀ ਹੈ।" ਡੋਨਾਲਡ ਟਰੰਪ ਨੇ ਕਿਹਾ ਕਿ ਹਾਲਾਂਕਿ ਅਸੀਂ AI ਬਾਰੇ ਸਖ਼ਤ ਕਦਮ ਚੁੱਕ ਸਕਦੇ ਹਾਂ, ਪਰ ਨਕਾਰਾਤਮਕ ਸੋਚ ਇਸ ਮਾਮਲੇ ਨੂੰ ਲੈ ਕੇ ਬੇਲੋੜੀਆਂ ਚਿੰਤਾਵਾਂ ਪੈਦਾ ਕਰ ਰਹੀ ਹੈ; ਲੋਕ ਅਜਿਹੀਆਂ ਗੱਲਾਂ ਕਰ ਰਹੇ ਹਨ ਜੋ ਕਦੇ ਵਾਪਰਨਗੀਆਂ ਹੀ ਨਹੀਂ। ਜੋ ਵੀ AI ਦੀ ਦੌੜ ਜਿੱਤੇਗਾ, ਉਹੀ ਸਭ ਤੋਂ ਅੱਗੇ ਰਹੇਗਾ। AI ਦੇ ਵਿਕਾਸ ਵਿੱਚ ਅਮਰੀਕਾ ਚੀਨ ਤੋਂ ਅੱਗੇ ਹੈ ਅਤੇ ਮੈਂ ਇਸ ਬੜ੍ਹਤ ਨੂੰ ਬਰਕਰਾਰ ਰੱਖਣਾ ਚਾਹੁੰਦਾ ਹਾਂ, ਕਿਉਂਕਿ ਜੋ AI ਵਿੱਚ ਜਿੱਤਦਾ ਹੈ, ਉਹੀ ਸਭ ਕੁਝ ਜਿੱਤਦਾ ਹੈ। ਟਰੰਪ ਨੇ ਅੱਗੇ ਕਿਹਾ, "AI ਲਈ ਲੋੜੀਂਦੀ ਇਕਲੌਤੀ ਸੀਮਾ ਜਾਂ ਸੁਰੱਖਿਆ ਨਿਯਮ ਇੱਕ ਮਜ਼ਬੂਤ ਅਤੇ ਸੂਝਵਾਨ ਰਾਸ਼ਟਰਪਤੀ ਹੈ। ਅਤੇ ਅਮਰੀਕਾ ਕੋਲ ਅਜਿਹਾ ਹੀ ਰਾਸ਼ਟਰਪਤੀ ਹੈ।" ਇਹ ਧਿਆਨ ਦੇਣ ਯੋਗ ਹੈ ਕਿ ਟਰੰਪ ਨੇ ਪਹਿਲਾਂ ਵੀ ਕਿਹਾ ਸੀ ਕਿ ਚੀਨ ਸਾਡੇ 'ਤੇ ਜਾਸੂਸੀ ਕਰਦਾ ਹੈ ਅਤੇ ਅਸੀਂ ਵੀ ਅਜਿਹਾ ਹੀ ਕਰਦੇ ਹਾਂ। ਟਰੰਪ ਨੇ ਅੱਗੇ ਕਿਹਾ, "ਇਹ ਦਾਅਵਾ ਕਿ AI ਦੁਨੀਆ 'ਤੇ ਕਬਜ਼ਾ ਕਰ ਲਵੇਗੀ, ਇੱਕ ਝੂਠ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਗਲੋਬਲ ਵਾਰਮਿੰਗ ਬਾਰੇ ਦਾਅਵਾ (ਜਦੋਂ ਕਿਹਾ ਗਿਆ ਸੀ ਕਿ ਹੁਣ ਤੱਕ ਸਾਰੇ ਮਰ ਚੁੱਕੇ ਹੋਣਗੇ), ਜਾਂ 'ਰੂਸ, ਰੂਸ, ਰੂਸ', 'ਯੂਕਰੇਨ, ਯੂਕਰੇਨ, ਯੂਕਰੇਨ', ਜਾਂ ਪਹਿਲੇ ਜਾਂ ਦੂਜੇ ਮਹਾਂਦੋਸ਼ (impeachment) ਵਾਲਾ ਝੂਠ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia # M08006400 Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre



Best Bargain
Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories



Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca
Gurpreet Singh



BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR HANKOOK Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.



# 'ਅਸੀਂ ਕੈਨੇਡਾ 'ਤੇ ਰਾਜ ਕਰਾਂਗੇ, ਸਾਨੂੰ ਕੋਈ ਨਹੀਂ ਰੋਕ ਸਕਦਾ': ਲਾਰੈਂਸ ਬਿਸ਼ਨੋਈ ਗੈਂਗ ਦਾ ਕਥਿਤ ਪੱਤਰ ਵਾਇਰਲ

## ਕੈਨੇਡਾ ਦੇ ਰੱਖਿਆ ਮੰਤਰੀ, ਸੈਨਾ ਅਤੇ ਪੁਲੀਸ ਨੂੰ ਪਿਛਲੇ ਸਾਲ ਕਥਿਤ ਤੌਰ 'ਤੇ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਭੇਜੇ ਗਏ ਇੱਕ ਪੱਤਰ ਦੀ ਕਾਪੀ

ਵੱਡੇ ਪੱਧਰ 'ਤੇ ਵਾਇਰਲ ਹੋ ਗਈ ਹੈ। ਪੱਤਰ ਵਿੱਚ "ਭਾਰਤ ਵੱਲੋਂ ਲਾਰੈਂਸ ਗੈਂਗ" ਨੇ ਦਾਅਵਾ ਕੀਤਾ ਕਿ ਗੈਂਗ ਦੇ ਕੈਨੇਡਾ ਵਿੱਚ 5,000 ਮੈਂਬਰ ਅਤੇ ਪੁਲੀਸ ਨਾਲੋਂ "ਵੱਧ ਬੰਦੂਕਾਂ" ਹਨ।

ਲਿਖਤੀ ਗਲਤੀਆਂ ਨਾਲ ਲਿਖੇ ਅਤੇ ਵਿਰਾਮ ਚਿੰਨ੍ਹਾਂ ਦੀ ਘਾਟ ਵਾਲੇ ਇਸ ਪੱਤਰ ਵਿੱਚ ਚਿਤਾਵਨੀ ਦਿੱਤੀ ਗਈ: "ਅਸੀਂ ਤੁਹਾਨੂੰ ਲਿਖਤੀ ਚਿਤਾਵਨੀ ਅਤੇ ਚੁਣੌਤੀ ਦੇ ਰਹੇ ਹਾਂ... ਅਸੀਂ ਹੁਣ ਕੈਨੇਡਾ ਵਿੱਚ ਰਾਜ ਕਰਾਂਗੇ ਕੋਈ ਵੀ ਸਾਨੂੰ ਰੋਕ ਨਹੀਂ ਸਕਦਾ ਅਸੀਂ ਬਹੁਤ ਸ਼ਕਤੀਸ਼ਾਲੀ ਹਾਂ।"

ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਕਥਿਤ ਤੌਰ 'ਤੇ ਜਾਰੀ ਕੀਤਾ ਗਿਆ ਪੱਤਰ 2025 ਵਿੱਚ ਐਬਟਸਫੋਰਡ ਪੁਲੀਸ ਵਿਭਾਗ ਨੂੰ ਸੰਬੋਧਿਤ ਕੀਤਾ ਗਿਆ ਸੀ।

ਇਹ ਖੁਲਾਸਾ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਵੱਲੋਂ ਸੰਗਠਿਤ ਅਪਰਾਧ ਅਤੇ ਜਬਰਨ ਵਸੂਲੀ ਨਾਲ ਸਬੰਧਤ ਹਿੰਸਾ ਦੇ ਸਬੰਧਾਂ ਵਿੱਚ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਸੁਰੱਖਿਆ ਐਪਲੀਕੇਸ਼ਨ ਤਹਿਤ ਪਲਵਿੰਦਰ ਸਿੰਘ, ਜਸਮੇਰ ਸਿੰਘ, ਅਮਿਤੋਜ ਬਾਜਵਾ ਅਤੇ ਸਾਹਿਬਜੋਤ ਸਿੰਘ ਨੂੰ ਡਿਪੋਰਟ ਕਰਨ ਤੋਂ ਦੋ ਦਿਨ ਬਾਅਦ ਸਾਹਮਣੇ ਆਇਆ ਹੈ।

ਇਸ ਤੋਂ ਇਲਾਵਾ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਕਰੀਬੀ ਸਾਥੀ ਕਰਮਵੀਰ ਸਿੰਘ ਉਰਫ ਕਰਮਵੀਰ ਦਿਓ ਨੂੰ ਵੀ ਇੱਕ ਸਾਵਧਾਨੀ ਨਾਲ ਯੋਜਨਾਬੱਧ ਆਪਰੇਸ਼ਨ ਤੋਂ ਬਾਅਦ ਕੈਨੇਡਾ ਤੋਂ ਡਿਪੋਰਟ ਕਰ ਦਿੱਤਾ ਗਿਆ ਸੀ।

ਹਰੇਕ ਕੇਸ ਵਿੱਚ ਬਿਸ਼ਨੋਈ ਨੈੱਟਵਰਕ ਨਾਲ ਜੁੜੇ ਅਪਰਾਧ ਸ਼ਾਮਲ ਸਨ। ਸਥਾਨਕ ਮੀਡੀਆ ਦੇ ਅਨੁਸਾਰ, ਇਹ ਪੱਤਰ ਜੁਲਾਈ ਵਿੱਚ ਡਿਪੋਰਟ ਕੀਤੇ ਗਏ ਇੱਕ ਬਿਸ਼ਨੋਈ ਸਾਥੀ ਲਈ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਬੋਰਡ ਦੀ ਸੁਣਵਾਈ ਵਿੱਚ ਪੇਸ਼ ਕੀਤੇ ਗਏ ਕਾਗਜ਼ਾਤ ਵਿੱਚੋਂ ਇੱਕ ਸੀ।



ਇੱਕ ਗੁਪਤ CBSA ਖੁਫੀਆ ਰਿਪੋਰਟ ਤੋਂ ਪਤਾ ਚੱਲਿਆ ਹੈ ਕਿ ਗੈਂਗ ਨੇ ਆਪਣੇ ਅੰਤਰਰਾਸ਼ਟਰੀ ਜਬਰਨ ਵਸੂਲੀ ਅਤੇ ਹਿੰਸਕ ਅਪਰਾਧ ਕਾਰਜਾਂ ਵਿੱਚ ਕਮਜ਼ੋਰ ਨੌਜਵਾਨਾਂ ਦੀ ਭਰਤੀ ਕਰਨ ਲਈ ਕੈਨੇਡਾ ਦੇ ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ਾ ਅਤੇ ਵਰਕ ਪਰਮਿਟ ਪ੍ਰੋਗਰਾਮਾਂ ਦਾ ਨੇਮਬੱਧ ਸ਼ੋਸ਼ਣ ਕੀਤਾ ਹੈ।

ਅਫਸਰਾਂ 'ਚ ਵੰਡੀ ਗਈ "ਦ ਬਿਸ਼ਨੋਈ ਗੈਂਗ: ਐਨ ਅਰਜਿੰਗ ਥ੍ਰੇਟ ਇਨ ਕੈਨੇਡਾ" ਗਾਈਡ

ਦਸੰਬਰ 2025 ਵਿੱਚ ਇਮੀਗ੍ਰੇਸ਼ਨ ਅਫਸਰਾਂ ਵਿੱਚ ਵੰਡੀ ਗਈ ਇੱਕ ਰਣਨੀਤਕ ਗਾਈਡ, ਜਿਸ ਦਾ ਸਿਰਲੇਖ "ਦ ਬਿਸ਼ਨੋਈ ਗੈਂਗ: ਐਨ ਅਰਜਿੰਗ ਥ੍ਰੇਟ ਇਨ ਕੈਨੇਡਾ" ਸੀ, ਨੇ ਦੱਖਣੀ ਏਸ਼ੀਆਈ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਸਮੂਹ ਦੀਆਂ ਵਧਦੀਆਂ ਗਤੀਵਿਧੀਆਂ ਬਾਰੇ ਚਿਤਾਵਨੀ ਦਿੱਤੀ।

ਖੁਫੀਆ ਮੁਲਾਂਕਣਾਂ ਨੇ 2016 ਅਤੇ 2024 ਦੇ ਵਿਚਕਾਰ ਭਾਰਤੀ ਵਿਦਿਆਰਥੀ ਪਰਮਿਟ ਧਾਰਕਾਂ ਨੂੰ ਸ਼ਾਮਲ ਕਰਨ ਵਾਲੇ ਅਪਰਾਧਾਂ ਵਿੱਚ ਭਾਰੀ ਵਾਧਾ ਦੇਖਿਆ। 2019 ਅਤੇ 2023 ਦੇ ਵਿਚਕਾਰ, ਅਧਿਐਨ ਪਰਮਿਟਾਂ 'ਤੇ ਲਗਪਗ 4,000 ਭਾਰਤੀ ਨਾਗਰਿਕਾਂ 'ਤੇ 17,929 ਅਪਰਾਧਾਂ ਦਾ ਦੋਸ਼ ਲਗਾਇਆ ਗਿਆ ਸੀ, ਜਿਨ੍ਹਾਂ ਵਿੱਚੋਂ 4,920 ਨੂੰ ਗੰਭੀਰ ਜਾਂ ਸੰਗਠਿਤ ਅਪਰਾਧ ਨਾਲ ਸਬੰਧਤ ਸ਼੍ਰੇਣੀਬੱਧ ਕੀਤਾ ਗਿਆ ਸੀ। ਸਿਰਫ਼ 2024 ਵਿੱਚ, ਕੈਨੇਡਾ ਵਿੱਚ ਸਟੱਡੀ ਵੀਜ਼ੇ 'ਤੇ ਰਹਿ ਰਹੇ ਭਾਰਤੀ ਨਾਗਰਿਕਾਂ ਵਿਰੁੱਧ 13,040 ਤੋਂ ਵੱਧ ਦੋਸ਼ ਲਗਾਏ ਗਏ॥

ਕੈਨੇਡਾ ਦੇ ਵਿੱਤੀ ਲੈਣ-ਦੇਣ ਅਤੇ ਰਿਪੋਰਟਾਂ ਵਿਸ਼ਲੇਸ਼ਣ ਕੇਂਦਰ (FINTRAC) ਨੇ ਵੀ ਜ਼ਬਰਦਸਤੀ ਦੀ ਇੱਕ ਨਿਰੰਤਰ ਮੁਹਿੰਮ ਦਾ ਵਰਣਨ ਕਰਦੇ ਹੋਏ ਇੱਕ ਵਿਸ਼ੇਸ਼ ਬੁਲੇਟਿਨ ਜਾਰੀ ਕੀਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਗੈਂਗ ਆਮ ਤੌਰ 'ਤੇ ਦੱਖਣੀ ਏਸ਼ੀਆਈ ਪਰਵਾਸੀ ਭਾਈਚਾਰਿਆਂ ਵਿਰੁੱਧ ਨਿਸ਼ਾਨਾ ਬਣਾਈ ਗਈ ਹਿੰਸਾ ਨੂੰ ਅੰਜਾਮ ਦੇਣ ਲਈ "ਵਿੱਤੀ ਤੌਰ 'ਤੇ ਕਮਜ਼ੋਰ, ਨੌਜਵਾਨ ਮਰਦ, ਕੈਨੇਡਾ ਵਿੱਚ ਸਟੱਡੀ ਪਰਮਿਟਾਂ 'ਤੇ ਭਾਰਤੀ ਨਾਗਰਿਕਾਂ" ਨੂੰ ਪੈਦਲ ਸਿਪਾਹੀਆਂ ਵਜੋਂ ਵਰਤਦੇ ਹਨ। ਬੁਲੇਟਿਨ ਨੇ ਅੱਗੇ ਚਿਤਾਵਨੀ ਦਿੱਤੀ ਕਿ ਛੋਟੇ ਸਮੂਹ ਅਤੇ ਨਕਲ ਕਰਨ ਵਾਲੇ ਅਦਾਕਾਰ ਆਪਣੇ ਖੁਦ ਦੇ ਜਬਰਨ ਵਸੂਲੀ ਦੀਆਂ ਮੰਗਾਂ ਨੂੰ ਵਧਾਉਣ ਲਈ ਪ੍ਰਮੁੱਖ ਗੈਂਗਾਂ ਦੀ ਸਾਖ ਦਾ ਸ਼ੋਸ਼ਣ ਕਰ ਰਹੇ ਹਨ।

ਕਥਿਤ ਵਾਇਰਲ ਪੱਤਰ ਵਿੱਚ ਲਿਖੀ ਸ਼ਬਦਾਵਲੀ 'ਚ ਸਿੱਧੀ ਚੁਣੌਤੀ

ਵਾਇਰਲ ਪੱਤਰ ਵਿੱਚ ਲਿਖਿਆ ਗਿਆ ਹੈ ਕਿ,''ਅਸੀਂ ਤੁਹਾਨੂੰ ਲਿਖਤੀ ਚਿਤਾਵਨੀ ਅਤੇ ਚੁਣੌਤੀ ਦੇ ਰਹੇ ਹਾਂ ਅਸੀਂ ਭਾਰਤੀ ਗੈਂਗ ਹਾਂ ਕੈਨੇਡਾ ਵਿੱਚ ਸਾਨੂੰ ਰੋਕਣ ਦੀ ਹਿੰਮਤ ਨਹੀਂ ਹੈ ਕੀ ਇਹ ਸਪੱਸ਼ਟ ਹੈ। ਅਸੀਂ ਹੁਣ ਕੈਨੇਡਾ ਵਿੱਚ ਰਾਜ ਕਰਾਂਗੇ ਕੋਈ ਵੀ ਸਾਨੂੰ ਰੋਕ ਨਹੀਂ ਸਕਦਾ ਅਸੀਂ ਬਹੁਤ ਸ਼ਕਤੀਸ਼ਾਲੀ ਹਾਂ ਸਾਡੇ ਨਾਲੋਂ ਵੱਡਾ ਕੋਈ ਹੋਰ ਗੈਂਗ ਨਹੀਂ ਹੈ ਇੱਥੋਂ ਤੱਕ ਕਿ ਤੁਹਾਡੇ ਨਰਕ ਦੇ ਦੂਤ (white pigs) ਵੀ ਨਹੀਂ, ਇਹ ਸਾਡਾ ਸਮਾਂ ਹੈ ਹੁਣ ਭਾਰਤੀ, ਸਾਡੇ ਕੋਲ ਕੈਨੇਡਾ ਵਿੱਚ 5000 ਤੋਂ ਵੱਧ ਗੈਂਗ ਮੈਂਬਰ ਹਨ ਉਹ ਸਿਰਫ $1000 ਵਿੱਚ ਗੋਲੀਬਾਰੀ ਕਰ ਸਕਦੇ ਹਨ ਕੀ ਤੁਸੀਂ ਸਾਨੂੰ ਰੋਕ ਸਕਦੇ ਹੋ ਕੋਈ ਤਰੀਕਾ ਨਹੀਂ ਹੈ। ਤੁਸੀਂ ਦੇਖੋਗੇ ਅਸੀਂ ਜਲਦੀ ਹੀ ਕੈਨੇਡਾ 'ਤੇ ਕਬਜ਼ਾ ਕਰ ਲਵਾਂਗੇ। ਇਹ ਤੁਹਾਡੇ ਸਾਰਿਆਂ ਲਈ ਚਿਤਾਵਨੀ ਹੈ ਕਿ ਸਾਡੀਆਂ ਸਰਗਰਮੀਆਂ ਤੋਂ ਦੂਰ ਰਹੋ, ਨਹੀਂ ਤਾਂ ਤੁਸੀਂ ਅਗਲੇ ਦਿਨ ਪੁਲੀਸ ਸਟੇਸ਼ਨ 'ਤੇ ਗੋਲੀਬਾਰੀ ਦੀ ਖ਼ਬਰ ਦੇਖ ਸਕਦੇ ਹੋ ਠੀਕ ਹੈ। ਸਾਡੇ ਕੋਲ ਕੈਨੇਡਾ ਪੁਲੀਸ ਕੋਲ ਹੋਣ ਨਾਲੋਂ ਵੱਧ ਬੰਦੂਕਾਂ ਹਨ। ਅਤੇ ਬਹੁਤ ਜਲਦੀ ਸਾਰੇ ਵ੍ਹਾਈਟ ਪਿਗਸ (white pigs) ਭਾਈਚਾਰੇ ਨੂੰ ਇਸ ਦੇਸ਼ ਨੂੰ ਛੱਡ ਦੇਣਾ ਚਾਹੀਦਾ ਹੈ ਇਹ ਕੋਈ ਮਜ਼ਾਕ ਨਹੀਂ ਹੈ ਠੀਕ ਹੈ ਇਹ ਲਾਰੈਂਸ ਵੱਲੋਂ ਹੁਕਮ ਹੈ।''

ਅੱਗੇ ਕਿਹਾ ਗਿਆ ਹੈ ਕਿ, ''ਬਹੁਤ ਜਲਦੀ ਹਰ ਕਾਰੋਬਾਰੀ ਮਾਲਕ ਨੂੰ ਸਾਨੂੰ ਫਿਰੌਤੀ ਦੇਣੀ ਪਵੇਗੀ ਇਹ ਟੈਕਸ ਵਾਂਗ ਹੈ ਕਿਸੇ ਵੀ ਕਾਰੋਬਾਰ ਲਈ ਕੋਈ ਹੋਰ ਤਰੀਕਾ ਨਹੀਂ ਹੈ। ਇਸ ਲਈ ਸਾਨੂੰ ਰੋਕਣ ਦੀ ਕੋਸ਼ਿਸ਼ ਨਾ ਕਰੋ ਅਤੇ ਕੋਈ ਫ਼ਰਕ ਨਹੀਂ ਪੈਂਦਾ ਕਿ ਭਾਰਤੀ ਹੋਵੇ ਜਾਂ ਗੋਰਾ ਜਾਂ ਕਾਲਾ ਭਾਈਚਾਰਾ ਕਾਰੋਬਾਰੀ ਉਨ੍ਹਾਂ ਸਾਰਿਆਂ ਨੂੰ ਸਾਨੂੰ ਪੈਸੇ ਦੇਣੇ ਪੈਣਗੇ।''

ਹਾਲਾਂਕਿ ਇਸ ਟ੍ਰਿਬਿਊਨ ਪੱਤਰ ਦੀ ਪ੍ਰਮਾਣਿਕਤਾ ਦਾ ਸਮਰਥਨ ਨਹੀਂ ਕਰਦਾ ਹੈ। ਇਹ ਕਿਸੇ ਸਥਾਨਕ ਮੀਡੀਆ ਆਊਟਲੈਟ ਵੱਲੋਂ ਪ੍ਰਕਾਸ਼ਿਤ ਰਿਪੋਰਟ ਦਾ ਹਿੱਸਾ ਹੈ ਜਿਸ ਦੇ ਬਾਅਦ ਇਹ ਪੱਤਰ ਇੰਟਰਨੈਟ ਤੇ ਵਾਇਰਲ ਹੋ ਗਿਆ ਹੈ।

# ਕੈਨੇਡਾ 'ਚ ਪੰਜਾਬੀ ਨੇ ਕਤਲ ਕੀਤੀ ਪਤਨੀ



ਲੰਡਨ : ਕੈਨੇਡਾ ਵਿਚ ਪੰਜਾਬੀ ਪਰਿਵਾਰ ਪਲਾਂ ਵਿਚ ਖੇਰੂੰ ਖੇਰੂੰ ਹੋ ਗਿਆ ਜਦੋਂ ਔਰਤ ਦੀ ਹੱਤਿਆ ਕਰ ਦਿੱਤੀ ਗਈ ਅਤੇ ਪਤੀ ਨੂੰ ਪੁਲਿਸ ਫੜ ਕੇ ਲੈ ਗਈ ਜਦਕਿ ਦੋ ਬੱਚੇ ਨਾਨੀ ਦੀ ਉਂਗਲ ਫ਼ੜ ਕਿਸੇ ਅਣਦੱਸੀ ਥਾਂ ਵੱਲ ਚਲੇ ਗਏ। ਉਨਟਾਰੀਓ ਦੇ ਲੰਡਨ ਸ਼ਹਿਰ ਵਿਚ ਮੰਗਲਵਾਰ ਸ਼ਾਮ ਵਾਪਰੀ ਵਾਰਦਾਤ ਬਾਰੇ ਪੁਲਿਸ ਨੇ ਦੱਸਿਆ ਕਿ ਮੌਕਾ ਏ ਵਾਰਦਾਤ 'ਤੇ ਪੁੱਜੇ ਅਫ਼ਸਰਾਂ ਨੂੰ ਇਕ ਔਰਤ ਨਾਜ਼ੁਕ ਹਾਲਤ ਵਿਚ ਮਿਲੀ ਜਿਸ ਨੂੰ ਪੈਰਾਮੈਡਿਕਸ ਵੱਲੋਂ ਹਸਪਤਾਲ ਲਿਜਾਇਆ ਗਿਆ ਪਰ ਜ਼ਖ਼ਮਾਂ ਦੀ ਤਾਬ ਨਾ ਝਲਦਿਆਂ ਦਮ ਤੋੜ ਦਿਤਾ। ਸਾਊਥ-ਈਸਟ ਲੰਡਨ ਦੇ ਸਮਰਸਾਈਡ ਇਲਾਕੇ ਵਿਚ ਚੈਲਟਨ ਰੋਡ 'ਤੇ ਸਥਿਤ ਵਾਰਦਾਤ ਵਾਲੇ ਘਰ ਵਿਚ ਮੌਜੂਦ 41 ਸਾਲਾ ਮਨਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਦਿਆਂ ਪੁਲਿਸ ਨੇ ਦੂਜੇ ਦਰਜੇ ਦੀ ਹੱਤਿਆ ਦੇ ਦੋਸ਼ ਆਇਦ ਕਰ ਦਿਤੇ।

ਪੁਲਿਸ ਨੇ 41 ਸਾਲਾ ਮਨਦੀਪ ਸਿੰਘ ਨੂੰ ਕੀਤਾ ਗ੍ਰਿਫ਼ਤਾਰ

ਫਿਲਹਾਲ ਔਰਤ ਦੀ ਸ਼ਨਾਖ਼ਤ ਜਨਤਕ ਨਹੀਂ ਕੀਤੀ ਗਈ ਪਰ ਗੁਆਂਢੀਆਂ ਨੇ ਦੱਸਿਆ ਕਿ ਘਰ ਵਿਚ ਪਤੀ-ਪਤਨੀ, ਇਨ੍ਹਾਂ ਦੇ ਦੋ ਬੱਚੇ ਅਤੇ ਬੱਚਿਆਂ ਦੀ ਨਾਨੀ ਰਹਿੰਦੀ ਸੀ। ਵਾਰਦਾਤ ਮਗਰੋਂ ਨਾਨੀ ਵਿਰਲਾਪ ਕਰਦੀ ਬਾਹਰ ਆਈ ਅਤੇ ਬੱਚਿਆਂ ਨੂੰ ਲੈ ਕੇ ਕਿਸੇ ਪਾਸੇ ਚਲੀ ਗਈ। ਉਦੋਂ ਤੱਕ ਪੁਲਿਸ ਘਰ ਵਿਚ ਦਾਖ਼ਲ ਨਹੀਂ ਸੀ ਹੋਈ। ਸੀ.ਬੀ.ਸੀ. ਨਾਲ ਗੱਲਬਾਤ ਕਰਦਿਆਂ ਪਰਵਾਰ ਦੇ ਗੁਆਂਢੀ ਸੈਮ ਆਵਦੀ ਲੇ ਦੱਸਿਆ ਕਿ ਮੰਗਲਵਾਰ ਰਾਤ ਤੋਂ ਬੁੱਧਵਾਰ ਬਾਅਦ ਦੁਪਹਿਰ ਤੱਕ ਪੁਲਿਸ ਦੀਆਂ ਗੱਡੀਆਂ ਘਰ ਦੇ ਬਾਹਰ ਮੌਜੂਦ ਰਹੀਆਂ ਅਤੇ ਫ਼ੌਰੈਂਸਿਕ ਮਾਹਰ ਵੀ ਘਰ ਅੰਦਰ ਦਾਖ਼ਲ ਹੁੰਦੇ ਨਜ਼ਰ ਆਏ। ਇਕ ਹੋਰ ਗੁਆਂਢੀ ਵਿਬਿਨ ਚਾਰਲਸ ਦਾ ਕਹਿਣਾ ਸੀ ਕਿ ਪਰਵਾਰ ਦੇ ਬੱਚੇ ਅਕਸਰ ਹੀ ਘਰ ਬਾਹਰ ਖੇਡਦੇ ਨਜ਼ਰ ਆਉਂਦੇ ਜਦਕਿ ਉਨ੍ਹਾਂ ਦੀ ਗਰੈਂਡ ਮਦਰ ਨਿਗਰਾਨੀ ਕਰਦੀ। ਜ਼ਿਆਦਾਤਰ ਲੋਕਾਂ ਮੁਤਾਬਕ ਪਰਵਾਰ ਬਿਲਕੁਲ ਸ਼ਾਂਤ ਸੁਭਾਅ ਵਾਲਾ ਸੀ ਪਰ ਸੈਮ ਆਵਦੀ ਨੇ ਦੱਸਿਆ ਕਿ ਉਸ ਨੇ ਕਈ ਵਾਰ ਉਚੀ ਸੁਰ ਵਾਲੀਆਂ ਆਵਾਜ਼ ਸੁਣੀਆਂ। ਉਧਰ, ਲੰਡਨ ਪੁਲਿਸ ਨੇ ਬੁੱਧਵਾਰ ਨੂੰ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਘਰੇਲੂ ਹਿੰਸਾ ਦੇ ਵਧਦੇ ਮਾਮਲੇ ਡੂੰਘੀਆਂ ਚਿੰਤਾਵਾਂ ਪੈਦਾ ਕਰ ਰਹੇ ਹਨ।

# ਪੰਜਾਬ ਸਰਕਾਰ ਵੱਲੋਂ ਬੇਅਦਬੀ ਵਿਰੁੱਧ ਐਕਟ ਲਈ ਸੱਤ ਮੈਂਬਰੀ ਤਾਲਮੇਲ ਕਮੇਟੀ ਦਾ ਗਠਨ

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਕੀਤੀ ਪਾਲਣਾ



ਪੰਜਾਬ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਹਿਤ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਸਬੰਧੀ ਤਾਲਮੇਲ ਵਾਸਤੇ ਅੱਜ ਸੱਤ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਹੈ। ਇਹ ਸੱਤ ਮੈਂਬਰੀ ਕਮੇਟੀ ਬੇਅਦਬੀ ਵਿਰੁੱਧ (ਸੋਧ) ਐਕਟ ਦੇ ਮਾਮਲਿਆਂ ਸਬੰਧ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਕਮੇਟੀ ਨਾਲ ਤਾਲਮੇਲ ਕਰੇਗੀ।

ਪੰਜਾਬ ਦੇ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਲੋਕ ਸ਼ੇਖਰ ਵੱਲੋਂ ਇਸ ਕਮੇਟੀ ਦੇ ਗਠਨ ਬਾਰੇ ਹੁਕਮ ਜਾਰੀ ਕੀਤੇ ਗਏ ਹਨ। ਸੱਤ ਮੈਂਬਰੀ ਕਮੇਟੀ 'ਚ ਧਾਰਮਿਕ, ਪ੍ਰਸ਼ਾਸਨਿਕ ਅਤੇ ਨਿਆਂਇਕ ਖੇਤਰ ਦੀਆਂ ਪ੍ਰਸਿੱਧ ਹਸਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਕਮੇਟੀ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ, ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਸਾਬਕਾ ਜਸਟਿਸ ਜਸਪਾਲ ਸਿੰਘ, ਸਾਬਕਾ ਜਸਟਿਸ ਗੁਰਬੀਰ ਸਿੰਘ, ਸਾਬਕਾ ਆਈ ਪੀ ਐੱਸ ਅਧਿਕਾਰੀ ਜਤਿੰਦਰ ਸਿੰਘ ਔਲਖ ਅਤੇ ਕਾਨੂੰਨ ਅਧਿਕਾਰੀ ਪ੍ਰੀਤ ਇੰਦਰ ਪੌਲ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਪੰਜਾਬ ਸਰਕਾਰ ਤਰਫ਼ੋਂ ਇਹ ਸੱਤ ਮੈਂਬਰੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਕਮੇਟੀ ਨਾਲ ਰੈਗੂਲਰ ਤਾਲਮੇਲ ਰੱਖੇਗੀ ਅਤੇ ਵਿਚਾਰ ਵਟਾਂਦਰਾ ਕਰੇਗੀ। ਇਸੇ ਤਰ੍ਹਾਂ ਸੁਝਾਵਾਂ ਦੀ ਰਿਪੋਰਟ ਅਗਲੇਰੀ ਕਾਰਵਾਈ ਲਈ ਪੰਜਾਬ ਸਰਕਾਰ ਨੂੰ ਪੇਸ਼ ਕਰੇਗੀ।

# ਕੈਨੇਡਾ 'ਚ ਭਾਰਤੀ ਰੈਸਟੋਰੈਂਟ 'ਤੇ ਦਰਜਨਾਂ ਹਮਲੇ

## ਸਿਰਫ਼ ਚਾਰ ਮਹੀਨੇ ਵਿੱਚ ਬੰਦ ਕਰਨ ਦੀ ਆਈ ਨੌਬਤ



ਟੋਰਾਂਟੋ : ਕੈਨੇਡਾ ਵਿਚ ਭਾਰਤੀ ਲੋਕਾਂ ਉਤੇ ਹੋ ਰਹੇ ਨਸਲੀ ਹਮਲਿਆਂ ਦਰਮਿਆਨ ਵਾਟਰਲੂ ਦੇ ਇਕ ਰੈਸਟੋਰੈਂਟ ਨੂੰ ਵਾਰ ਵਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਲੈਂਡ ਆਫ਼ ਰਿਵਰ ਡੈਲਟਾ ਦੇ ਮਾਲਕ ਸੌਮਿਆ ਦੱਤਾ ਰਾਏ ਨੇ ਦੱਸਿਆ ਕਿ ਰੈਸਟੋਰੈਂਟ ਖੋਲ੍ਹਿਆਂ ਸਿਰਫ਼ ਚਾਰ ਮਹੀਨੇ ਲੰਘੇ ਹਨ ਪਰ ਪਤਾ ਨਹੀਂ ਕਿੰਨੀ ਵਾਰ ਹਮਲਾ ਹੋ ਚੁੱਕਾ ਹੈ। ਰਜੀਨਾ ਸਟ੍ਰੀਟ ਵਿਖੇ ਸਥਿਤ ਰੈਸਟੋਰੈਂਟ ਵਿਚ ਤਾਜ਼ਾ ਹਮਲਾ ਐਤਵਾਰ ਰਾਤ ਹੋਇਆ ਅਤੇ ਸਾਰਾ ਘਟਨਾਕ੍ਰਮ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋ ਗਿਆ। ਵੀਡੀਓ ਵਿਚ ਇਕ ਨਾਕਬਪੋਸ਼ ਸ਼ੱਕੀ ਨੂੰ ਰੈਸਟੋਰੈਂਟ ਦੇ ਮੁੱਖ ਦਰਵਾਜ਼ੇ ਵੱਲ ਆਂਡੇ ਸੁਟਦਿਆਂ ਦੇਖਿਆ ਜਾ ਸਕਦਾ ਹੈ। ਲਾਚਾਰ ਨਜ਼ਰ ਆ ਰਹੇ ਸੌਮਿਆ ਦੱਤਾ ਰਾਏ ਮੁਤਾਬਕ ਇਕ ਹਫ਼ਤੇ ਵਿਚ ਦੋ ਵਾਰ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਹਮਲਾਵਰ ਸਿਰਫ਼ ਰੈਸਟੋਰੈਂਟ ਨੂੰ ਨਿਸ਼ਾਨਾ ਨਹੀਂ ਬਣਾਉਂਦੇ ਸਗੋਂ ਸੌਮਿਆ ਦੀ ਕਾਰ ਉਤੇ ਵੀ ਆਂਡੇ ਸੁੱਟ ਕੇ ਫ਼ਰਾਰ ਹੋ ਗਏ। ਭਾਵੇਂ ਸੌਮਿਆ ਨੂੰ ਸ਼ੱਕੀਆਂ ਬਾਰੇ ਕੋਈ ਜਾਣਕਾਰੀ ਨਹੀਂ ਪਰ ਲਗਾਤਾਰ ਹੋ ਰਹੇ ਹਮਲੇ ਨਸਲੀ ਨਫ਼ਰਤ ਤੋਂ ਪ੍ਰੇਰਿਤ ਮੰਨੇ ਜਾ ਸਕਦੇ ਹਨ। ਤਕਰੀਬਨ ਇਕ ਦਹਾਕਾ ਪਹਿਲਾਂ ਭਾਰਤ ਤੋਂ ਕੈਨੇਡਾ ਪੁੱਜੇ ਸੌਮਿਆ ਨੇ ਦੱਸਿਆ ਕਿ ਪਹਿਲੇ ਦਿਨ ਤੋਂ ਉਨ੍ਹਾਂ ਦਾ ਸੁਪਨਾ ਇਕ ਰੈਸਟੋਰੈਂਟ ਖੋਲ੍ਹਣ ਦਾ ਰਿਹਾ ਹੈ ਪਰ ਕਦੇ ਸੋਚਿਆ ਵੀ ਨਹੀਂ ਸੀ ਕਿ ਲੋਕ ਅਜਿਹੀਆਂ ਘਟੀਆ ਹਰਕਤਾਂ ਵੀ ਕਰ ਸਕਦੇ ਹਨ। ਸੌਮਿਆ ਨੂੰ ਡਰ ਲੱਗਣ ਲੱਗਾ ਹੈ ਕਿ ਕਿਤੇ ਮਾਮੂਲੀ ਹਮਲੇ ਵੱਡੀ ਹਿੰਸਕ ਵਾਰਦਾਤ ਵਿਚ ਤਬਦੀਲ ਨਾ ਹੋ ਜਾਣ। ਉਨ੍ਹਾ ਖਦਸ਼ਾ ਜ਼ਾਹਰ ਕੀਤਾ ਕਿ ਅਗਲੀ ਵਾਰ ਹਮਲਾ ਕੋਈ ਖ਼ਤਰਨਾਕ ਹਥਿਆਰ ਲੈ ਕੇ ਵੀ ਆ ਸਕਦੇ ਹਨ। ਵਾਟਰਲੂ ਰੀਜਨਲ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ ਅਤੇ ਪੁਲਿਸ ਦਾ ਕਹਿਣਾ ਹੈ ਕਿ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ।

ਵਾਟਰਲੂ ਰੀਜਨਲ ਪੁਲਿਸ ਕਰ ਰਹੀ ਮਾਮਲੇ ਦੀ ਪੜਤਾਲ

ਐਨਾ ਸਭ ਕੁਝ ਹੋਣ ਦੇ ਬਾਵਜੂਦ ਸੌਮਿਆ ਦੱਤਾ ਰਾਏ ਹਮਲਾਵਰ ਨਾਲ ਗੱਲਬਾਤ ਕਰਦਿਆਂ ਮਸਲਾ ਸੁਲਝਾਉਣਾ ਚਾਹੁੰਦੇ ਹਨ। ਸੀ.ਟੀ.ਵੀ. ਨਾਲ ਗੱਲਬਾਤ ਕਰਦਿਆਂ ਸੌਮਿਆ ਨੇ ਕਿਹਾ ਕਿ ਆਪਣੇ ਰੈਸਟੋਰੈਂਟ ਵਿਚ ਹੀ ਰੋਟੀ ਪਾਣੀ ਛਕਦਿਆਂ ਤੋੜਭੰਨ ਕਰ ਰਹੇ ਸ਼ਖਸ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ। ਆਪਣੀ ਜ਼ਿੰਦਗੀ ਦੀ ਸਾਰੀ ਕਮਾਈ ਰੈਸਟੋਰੈਂਟ ਉਤੇ ਖ਼ਰਚ ਕਰਨ ਮਗਰੋਂ ਹੁਣ ਸੌਮਿਆ ਦੱਤਾ ਰਾਏ ਇਸ ਨੂੰ ਬੰਦ ਕਰਨ ਦਾ ਫ਼ੈਸਲਾ ਵੀ ਨਹੀਂ ਲੈ ਸਕਦੇ। ਉਧਰ ਪੁਲਿਸ ਵੱਲੋਂ ਇਲਾਕੇ ਵਿਚ ਗਸ਼ਤ ਵਧਾਈ ਗਈ ਹੈ ਪਰ ਸ਼ੱਕੀ ਬਾਰੇ ਵਿਸਤਾਰਤ ਜਾਣਕਾਰੀ ਸਾਂਝੀ ਨਹੀਂ ਕੀਤੀ ਜਾ ਸਕੀ।

# ਸ਼ੀ ਜਿਨਪਿੰਗ ਦੀ ਸਿਹਤ ਨੂੰ ਲੈ ਕੇ ਵੱਡਾ ਦਾਅਵਾ

## BRICS ਤੋਂ ਪਰਤਦਿਆਂ ਹਸਪਤਾਲ ਪਹੁੰਚੇ



ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਸਿਹਤ ਨੂੰ ਲੈ ਕੇ ਇੱਕ ਵੱਡਾ ਦਾਅਵਾ ਸਾਹਮਣੇ ਆਇਆ ਹੈ। ਚੀਨੀ ਡੈਮੋਕ੍ਰੇਸੀ ਪਾਰਟੀ (CDP) ਦੇ ਚੇਅਰਮੈਨ ਜੀ ਵਾਨਜੁਨ ਨੇ ਦਾਅਵਾ ਕੀਤਾ ਹੈ ਕਿ ਭਾਰਤ ਵਿੱਚ ਹੋਏ BRICS Summit ਵਿੱਚ ਸ਼ਾਮਲ ਹੋਣ ਤੋਂ ਬਾਅਦ ਚੀਨ ਪਰਤੇ ਸ਼ੀ ਜਿਨਪਿੰਗ ਨੂੰ ਬੀਜਿੰਗ ਏਅਰਪੋਰਟ ਤੋਂ ਸਿੱਧਾ ਮਿਲਟਰੀ ਹੈਲੀਕਾਪਟਰ ਰਾਹੀਂ ਬੀਜਿੰਗ ਦੇ 301 ਹਸਪਤਾਲ ਲਿਜਾਇਆ ਗਿਆ। ਵਾਨਜੁਨ ਮੁਤਾਬਕ, ਉੱਥੇ ਜਿਨਪਿੰਗ ਨੂੰ ਐਮਰਜੈਂਸੀ ਇਲਾਜ ਦਿੱਤਾ ਗਿਆ।

ਬੀਜਿੰਗ ਏਅਰਪੋਰਟ 'ਤੇ ਨਹੀਂ ਹੋਇਆ ਆਮ ਸਵਾਗਤ

ਜੀ ਵਾਨਜੁਨ ਨੇ ਕਥਿਤ ਤੌਰ 'ਤੇ ਕੁਝ ਚਸ਼ਮਦੀਦਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਜਿਨਪਿੰਗ ਦੇ ਚੀਨ ਪਰਤਣ ਸਮੇਂ ਬੀਜਿੰਗ ਏਅਰਪੋਰਟ 'ਤੇ ਆਮ ਤੌਰ 'ਤੇ ਦਿਖਾਈ ਦੇਣ ਵਾਲਾ ਅਧਿਕਾਰਤ ਸਵਾਗਤ ਨਹੀਂ ਹੋਇਆ। ਉਨ੍ਹਾਂ ਮੁਤਾਬਕ, ਏਅਰਪੋਰਟ 'ਤੇ ਨਾ ਤਾਂ ਵੱਡੀ ਗਿਣਤੀ ਵਿੱਚ ਅਧਿਕਾਰੀ ਮੌਜੂਦ ਸਨ ਅਤੇ ਨਾ ਹੀ ਕੋਈ ਰਸਮੀ ਸਵਾਗਤ ਸਮਾਰੋਹ ਹੋਇਆ।

ਵਾਨਜੁਨ ਦਾ ਦਾਅਵਾ ਹੈ ਕਿ ਏਅਰਪੋਰਟ ਤੋਂ ਜਿਨਪਿੰਗ ਨੂੰ ਸਿੱਧਾ ਹਸਪਤਾਲ ਲਿਜਾਇਆ ਗਿਆ।

BRICS ਦੌਰਾਨ ਵੀ ਤਬੀਅਤ ਖ਼ਰਾਬ ਹੋਣ ਦਾ ਦਾਅਵਾ

ਜੀ ਵਾਨਜੁਨ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਨਵੀਂ ਦਿੱਲੀ ਵਿੱਚ BRICS Summit ਦੌਰਾਨ ਸ਼ੀ ਜਿਨਪਿੰਗ ਦੀ ਤਬੀਅਤ ਅਚਾਨਕ ਖ਼ਰਾਬ ਹੋ ਗਈ ਸੀ। ਉਨ੍ਹਾਂ ਮੁਤਾਬਕ, ਜਿਨਪਿੰਗ ਦੇ ਨਾਲ ਮੌਜੂਦ ਮੈਡੀਕਲ ਟੀਮ ਨੇ ਉਸ ਸਮੇਂ ਉਨ੍ਹਾਂ ਨੂੰ ਸੰਭਾਲਿਆ।

ਵਾਨਜੁਨ ਨੇ ਇਹ ਵੀ ਦਾਅਵਾ ਕੀਤਾ ਕਿ ਇਸੇ ਕਾਰਨ ਜਿਨਪਿੰਗ ਨੇ ਆਪਣੀ ਭਾਰਤ ਯਾਤਰਾ ਕਥਿਤ ਤੌਰ 'ਤੇ ਤੈਅ ਪ੍ਰੋਗਰਾਮ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤੀ ਸੀ।

ਦਾਅਵਿਆਂ ਦੀ ਨਹੀਂ ਹੋਈ ਸੁਤੰਤਰ ਪੁਸ਼ਟੀ

ਹਾਲਾਂਕਿ, ਇਨ੍ਹਾਂ ਦਾਅਵਿਆਂ ਦੀ ਅਜੇ ਤੱਕ ਕੋਈ ਸੁਤੰਤਰ ਪੁਸ਼ਟੀ ਨਹੀਂ ਹੋਈ ਹੈ। ਸ਼ੀ ਜਿਨਪਿੰਗ ਦੇ 301 ਹਸਪਤਾਲ ਵਿੱਚ ਦਾਖ਼ਲ ਹੋਣ, ਉਨ੍ਹਾਂ ਨੂੰ ਐਮਰਜੈਂਸੀ ਇਲਾਜ ਮਿਲਣ ਜਾਂ ਮਿਲਟਰੀ ਹੈਲੀਕਾਪਟਰ ਰਾਹੀਂ ਹਸਪਤਾਲ ਲਿਜਾਏ ਜਾਣ ਦੀ ਪੁਸ਼ਟੀ ਚੀਨੀ ਸਰਕਾਰ, 301 ਹਸਪਤਾਲ ਜਾਂ ਕਿਸੇ ਭਰੋਸੇਯੋਗ ਸੁਤੰਤਰ ਸਰੋਤ ਵੱਲੋਂ ਨਹੀਂ ਕੀਤੀ ਗਈ।

ਇਸ ਲਈ ਫਿਲਹਾਲ ਇਹ ਜਾਣਕਾਰੀ ਸਿਰਫ਼ ਜੀ ਵਾਨਜੁਨ ਵੱਲੋਂ ਕੀਤੇ ਗਏ ਦਾਅਵੇ ਵਜੋਂ ਹੀ ਸਾਹਮਣੇ ਆ ਰਹੀ ਹੈ।

PM ਮੋਦੀ ਦੇ ਗਾਲਾ ਡਿਨਰ ਵਿੱਚ ਸ਼ਾਮਲ ਨਹੀਂ ਹੋਏ ਸਨ ਜਿਨਪਿੰਗ

BRICS Summit ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸ਼ੀ ਜਿਨਪਿੰਗ ਵਿਚਾਲੇ ਦੁਵੱਲੀ ਮੁਲਾਕਾਤ ਵੀ ਹੋਈ ਸੀ। ਹਾਲਾਂਕਿ, ਪ੍ਰਧਾਨ ਮੰਤਰੀ ਮੋਦੀ ਵੱਲੋਂ ਕਰਵਾਏ ਗਏ ਗਾਲਾ ਡਿਨਰ ਵਿੱਚ ਜਿਨਪਿੰਗ ਸ਼ਾਮਲ ਨਹੀਂ ਹੋਏ ਸਨ। ਉਨ੍ਹਾਂ ਦੀ ਡਿਨਰ ਵਿੱਚ ਗੈਰਹਾਜ਼ਰੀ ਦਾ ਅਧਿਕਾਰਤ ਕਾਰਨ ਜਨਤਕ ਨਹੀਂ ਕੀਤਾ ਗਿਆ ਸੀ। ਸ਼ੀ ਜਿਨਪਿੰਗ ਕਰੀਬ 7 ਸਾਲ ਬਾਅਦ BRICS Summit ਵਿੱਚ ਸ਼ਾਮਲ ਹੋਣ ਲਈ ਭਾਰਤ ਆਏ ਸਨ। ਇਸ ਤੋਂ ਪਹਿਲਾਂ ਉਹ ਅਕਤੂਬਰ 2019 ਵਿੱਚ ਤਾਮਿਲਨਾਡੂ ਦੇ ਮਹਾਬਲੀਪੁਰਮ ਵਿੱਚ ਹੋਏ ਗੈਰ-ਰਸਮੀ ਸ਼ਿਖਰ ਸੰਮੇਲਨ ਲਈ ਭਾਰਤ ਆਏ ਸਨ।

# ਨਿਊਜ਼ੀਲੈਂਡ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਵੱਡੀ ਖ਼ਬਰ, ਵੀਜ਼ਾ ਨਿਯਮਾਂ 'ਚ ਬਦਲਾਅ




ਨਿਊਜ਼ੀਲੈਂਡ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪੜ੍ਹਾਈ ਤੋਂ ਬਾਅਦ ਕੰਮ ਕਰਨ ਦੇ ਨਿਯਮਾਂ ਵਿੱਚ ਅਹਿਮ ਬਦਲਾਅ ਦਾ ਐਲਾਨ ਕੀਤਾ ਹੈ। ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਮੰਤਰਾਲੇ ਨੇ 15 ਸਤੰਬਰ 2026 ਨੂੰ ਨਵੇਂ Short-Term Graduate Work Visa ਦਾ ਐਲਾਨ ਕੀਤਾ ਹੈ, ਜੋ 16 ਨਵੰਬਰ 2026 ਤੋਂ ਲਾਗੂ ਹੋਵੇਗਾ। ਇਸ ਤਹਿਤ ਯੋਗ ਅੰਤਰਰਾਸ਼ਟਰੀ ਗ੍ਰੈਜੂਏਟਾਂ ਨੂੰ ਨਿਊਜ਼ੀਲੈਂਡ ਵਿੱਚ 6 ਮਹੀਨੇ ਤੱਕ ਖੁੱਲ੍ਹੇ ਤੌਰ 'ਤੇ ਕੰਮ ਕਰਨ ਦਾ ਅਧਿਕਾਰ ਮਿਲੇਗਾ। ਇਹ ਬਦਲਾਅ ਖਾਸ ਤੌਰ 'ਤੇ ਉਨ੍ਹਾਂ ਵਿਦਿਆਰਥੀਆਂ ਲਈ ਫਾਇਦੇਮੰਦ ਹੋ ਸਕਦਾ ਹੈ ਜੋ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਤੁਰੰਤ ਲੰਬੇ ਸਮੇਂ ਵਾਲੇ ਪੋਸਟ-ਸਟਡੀ ਵਰਕ ਵੀਜ਼ਾ ਲਈ ਯੋਗ ਨਹੀਂ ਹੁੰਦੇ। ਨੌਕਰੀ ਲੱਭਣ ਲਈ ਮਿਲੇਗਾ 6 ਮਹੀਨੇ ਦਾ ਸਮਾਂ ਨਵੇਂ ਵੀਜ਼ੇ ਦਾ ਮੁੱਖ ਮਕਸਦ ਯੋਗ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਨੌਕਰੀ ਲੱਭਣ ਅਤੇ ਰੁਜ਼ਗਾਰ ਹਾਸਲ ਕਰਨ ਲਈ ਵਾਧੂ ਸਮਾਂ ਦੇਣਾ ਹੈ। ਇਸ 6 ਮਹੀਨਿਆਂ ਦੀ ਮਿਆਦ ਦੌਰਾਨ ਉਹ ਨੌਕਰੀ ਹਾਸਲ ਕਰਕੇ ਲੰਬੇ ਸਮੇਂ ਵਾਲੇ ਵਿਕਲਪਾਂ ਵੱਲ ਵੀ ਵਧ ਸਕਣਗੇ, ਜਿਨ੍ਹਾਂ ਵਿੱਚ Accredited Employer Work Visa (AEWV) ਸ਼ਾਮਲ ਹੈ।

ਲੈਵਲ-7 ਗ੍ਰੈਜੂਏਟ ਡਿਪਲੋਮਾ ਵਾਲਿਆਂ ਲਈ ਵੀ ਬਦਲਾਅ

16 ਨਵੰਬਰ ਤੋਂ ਇੱਕ ਹੋਰ ਮਹੱਤਵਪੂਰਨ ਬਦਲਾਅ ਲਾਗੂ ਹੋਵੇਗਾ। ਇਸ ਤਹਿਤ ਨਿਊਜ਼ੀਲੈਂਡ ਦੇ ਯੋਗਤਾ ਅਤੇ ਸਰਟੀਫਿਕੇਸ਼ਨ ਢਾਂਚੇ ਦੇ ਲੈਵਲ-7 ਦੇ ਯੋਗ ਗ੍ਰੈਜੂਏਟ ਡਿਪਲੋਮਾ ਨੂੰ ਪੂਰਾ ਕਰਨ ਵਾਲੇ ਵਿਦਿਆਰਥੀ ਵੀ ਪੋਸਟ-ਸਟੱਡੀ ਵਰਕ ਵੀਜ਼ਾ ਲਈ ਯੋਗ ਹੋ ਸਕਣਗੇ। ਹਾਲਾਂਕਿ, ਇਸ ਸ਼੍ਰੇਣੀ ਲਈ ਵਿਦਿਆਰਥੀ ਕੋਲ ਪਹਿਲਾਂ ਤੋਂ ਇੱਕ ਬੈਚਲਰ ਡਿਗਰੀ ਹੋਣੀ ਲਾਜ਼ਮੀ ਹੋਵੇਗੀ।

6 ਮਹੀਨੇ ਦੇ ਵਰਕ ਵੀਜ਼ੇ ਲਈ ਕੀ ਹੋਵੇਗੀ ਯੋਗਤਾ?

ਛੇ ਮਹੀਨੇ ਦੇ ਖੁੱਲ੍ਹੇ ਵਰਕ ਵੀਜ਼ੇ ਲਈ ਵਿਦਿਆਰਥੀ ਨੂੰ ਨਿਊਜ਼ੀਲੈਂਡ ਦੇ New Zealand Qualifications and Credentials Framework (NZQCF) ਦੇ ਲੈਵਲ 5, 6 ਜਾਂ 7 ਦੀ ਯੋਗਤਾ ਪੂਰੀ ਕਰਨੀ ਹੋਵੇਗੀ।

ਇਸ ਤੋਂ ਇਲਾਵਾ: ਪੜ੍ਹਾਈ ਫੁੱਲ-ਟਾਈਮ ਹੋਣੀ ਚਾਹੀਦੀ ਹੈ।

ਕੋਰਸ ਨਿਊਜ਼ੀਲੈਂਡ ਵਿੱਚ ਘੱਟੋ-ਘੱਟ 24 ਹਫ਼ਤਿਆਂ ਦਾ ਹੋਣਾ ਚਾਹੀਦਾ ਹੈ। ਇੰਗਲਿਸ਼ ਲੈਂਗਵੇਜ, ਬੇਸਿਕ ਅਤੇ ਫਾਊਂਡੇਸ਼ਨ ਯੋਗਤਾਵਾਂ ਇਸ ਵੀਜ਼ੇ ਦੇ ਦਾਇਰੇ ਵਿੱਚ ਨਹੀਂ ਆਉਣਗੀਆਂ। ਬਿਨੈਕਾਰ ਕੋਲ ਨਿਊਜ਼ੀਲੈਂਡ ਵਿੱਚ ਰਹਿਣ ਦੌਰਾਨ ਆਪਣੇ ਖਰਚਿਆਂ ਲਈ ਘੱਟੋ-ਘੱਟ 5,000 ਨਿਊਜ਼ੀਲੈਂਡ ਡਾਲਰ ਹੋਣੇ ਚਾਹੀਦੇ ਹਨ। ਨਵੇਂ ਨਿਯਮਾਂ ਨਾਲ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਤੁਰੰਤ ਲੰਬੇ ਸਮੇਂ ਵਾਲੇ ਵਰਕ ਵੀਜ਼ੇ ਲਈ ਯੋਗ ਨਾ ਹੋਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨੌਕਰੀ ਦੀ ਭਾਲ ਲਈ ਇੱਕ ਵਾਧੂ ਮੌਕਾ ਮਿਲੇਗਾ।













# ਜਰਨੀ ਆਫ਼ ਮਾਈਂਡ ਦਾ ਆਯੋਜਨ 17 ਸਤੰਬਰ ਤੋਂ 4 ਅਕਤੂਬਰ ਤੱਕ ਟੋਰਾਂਟੋ ਵਿਖੇ




ਸਟਾਰ ਨਿਊਜ਼:- ਵਿਦਾਊਟ ਸ਼ੇਪ ਵਿਦਾਊਟ ਫੋਰਮ ਵਲੋਂ ਵੱਖ-ਵੱਖ ਸ਼ਹਿਰਾਂ ਵਿੱਚ ਪ੍ਰਦਰਸ਼ਨੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਟੋਰਾਂਟੋ ਵਿੱਚ 17 ਸਤੰਬਰ ਤੋਂ 04 ਅਕਤੂਬਰ 2026 ਤੱਕ ਕੈਂਪਵੈਲ ਹਾਊਸ ਮਿਊਜ਼ੀਅਮ, ਟੋਰਾਂਟੋ ਵਿਖੇ ਮਨ ਦੀ ਯਾਤਰਾ ਦਾ ਆਯੋਜਨ ਕੀਤਾ ਗਿਆ ਹੈ। ਇਨ੍ਹਾਂ ਪ੍ਰਦਰਸ਼ਨੀਆਂ ਦਾ ਮੁੱਖ ਉਦੇਸ਼ ਹੈ ਕਿ ਆਪਣੇ ਨੌਜਵਾਨ ਬੱਚੇ ਬੱਚੀਆਂ ਨੂੰ ਆਪਣੇ ਇਤਿਹਾਸ ਆਪਣੇ ਫਲਸਫੇ ਬਾਰੇ ਪਤਾ ਲੱਗੇ।

'ਵਿਦਾਊਟ ਸ਼ੇਪ ਵਿਦਾਊਟ ਫੌਰਮ' (ਿਟਹੁੋਟ ਸਹੳਪਏ ਿਟਹੁੋਟ ਡੋਰੁਮ) ਕਲਾਕਾਰਾਂ, ਚਿੰਤਕਾਂ ਅਤੇ ਸੱਭਿਆਚਾਰਕ ਕਾਰਕੁਨਾਂ ਦਾ ਇੱਕ ਸਮੂਹ ਹੈ, ਜੋ ਸਵੈ-ਖੋਜ ਦੇ ਪਲਾਂ ਨੂੰ ਹਰ ਕਿਸੇ ਲਈ ਪਹੁੰਚਯੋਗ ਬਣਾਉਣ ਲਈ ਵਚਨਬੱਧ ਹੈ। ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸਿੱਖ ਦਾਰਸ਼ਨਿਕ ਸੰਕਲਪਾਂ 'ਤੇ ਆਧਾਰਿਤ ਸਾਡਾ ਸਮਕਾਲੀ ਕਲਾਤਮਕ ਪ੍ਰੋਗਰਾਮ ਲੋਕਾਂ ਨੂੰ ਮਨ ਬਾਰੇ ਅਰਥਪੂਰਨ ਗੱਲਬਾਤ ਕਰਨ ਦੇ ਯੋਗ ਬਣਾਉਂਦਾ ਹੈ।

ਅਸੀਂ ਮਨ ਦੀ ਸ਼ਕਤੀ ਨੂੰ ਜਾਣਨ-ਸਮਝਣ ਲਈ ਅਜਿਹੇ ਮਾਹੌਲ ਅਤੇ ਮੌਕੇ ਸਿਰਜਦੇ ਹਾਂ ਜਿਨ੍ਹਾਂ ਵਿੱਚ ਪ੍ਰਦਰਸ਼ਨੀਆਂ ਦਾ ਆਯੋਜਨ, ਪੋਡਕਾਸਟ ਤਿਆਰ ਕਰਨਾ, ਲੇਖ ਪ੍ਰਕਾਸ਼ਿਤ ਕਰਨਾ, ਵਰਕਸ਼ਾਪਾਂ ਲਗਾਉਣਾ ਅਤੇ 'ਸਿਮਰਨ' (ਟਿਕਾਅ ਅਤੇ ਡੂੰਘੀ ਸੁਣਨ ਦੀ ਅਵਸਥਾ ਦਾ ਅਭਿਆਸ) ਲਈ ਇਕੱਠ ਕਰਨੇ ਸ਼ਾਮਲ ਹਨ। ਸਾਡਾ ਮੰਨਣਾ ਹੈ ਕਿ ਅਜਿਹੇ ਅਨੁਭਵ ਲੋਕਾਂ ਨੂੰ ਇਸ ਲਗਾਤਾਰ ਰੌਲੇ-ਰੱਪੇ ਭਰੀ ਅਤੇ ਖਿੰਡੀ-ਪੁੰਡੀ ਦੁਨੀਆਂ ਵਿੱਚ ਸ਼ਾਂਤੀ, ਮਾਨਸਿਕ ਮਜ਼ਬੂਤੀ ਅਤੇ ਜੀਵਨ ਦਾ ਮਕਸਦ ਲੱਭਣ ਵਿੱਚ ਮਦਦ ਕਰਦੇ ਹਨ। ਆਪਾਂ ਸਾਰੇ ਇਨ੍ਹਾਂ ਪ੍ਰਦਰਸ਼ਨੀਆਂ ਦਾ ਹਿੱਸਾ ਬਣੀਏ ਅਤੇ ਸਿੱਖ ਫਲਸਫੇ ਨੂੰ ਜਾਣੀਏ।

# ਅਮਰੀਕਾ 'ਚ ਪੰਜਾਬੀ ਟਰੱਕ ਡਰਾਈਵਰ 'ਤੇ ਨਸਲੀ ਹਮਲਾ

## ਗੰਭੀਰ ਹਾਲਤ ’ਚ ਹਸਪਤਾਲ ਦਾਖ਼ਲ



ਵਾਸ਼ਿੰਗਟਨ: ਅਮਰੀਕਾ ਵਿੱਚ ਇੱਕ ਪੰਜਾਬੀ ਟਰੱਕ ਡਰਾਈਵਰ ’ਤੇ ਚਾਕੂ ਨਾਲ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਘਟਨਾ ਦੀ ਜਾਣਕਾਰੀ ਦਿੰਦੇ ਪਵਿੱਤਰ ਸਿੰਘ ਦੱਸਿਆ ਕਿ ਡਰਾਈਵਰ ’ਤੇ ਪਹਿਲਾਂ ਕਥਿਤ ਤੌਰ ’ਤੇ ਨਸਲੀ ਟਿੱਪਣੀ ਕੀਤੀ ਗਈ ਅਤੇ ਇਸ ਤੋਂ ਬਾਅਦ ਉਸ ’ਤੇ ਚਾਕੂ ਨਾਲ ਹਮਲਾ ਕਰ ਦਿੱਤਾ ਗਿਆ।

ਹਮਲੇ ਵਿੱਚ ਗੰਭੀਰ ਰੂਪ ਨਾਲ ਜ਼ਖ਼ਮੀ ਹੋਏ ਡਰਾਈਵਰ ਦੀ ਪਛਾਣ ਗੁਰਵਿੰਦਰ ਸਿੰਘ ਵਜੋਂ ਦੱਸੀ ਗਈ ਹੈ। ਉਸ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਪਵਿੱਤਰ ਸਿੰਘ ਮੁਤਾਬਕ, ਗੁਰਵਿੰਦਰ ਦੀ ਹਾਲਤ ਅਜੇ ਵੀ ਗੰਭੀਰ ਹੈ ਅਤੇ ਉਹ ਬੋਲਣ ਦੀ ਸਥਿਤੀ ਵਿੱਚ ਨਹੀਂ ਹੈ। ਘਟਨਾ ਦੀ ਜਾਣਕਾਰੀ ਪੁਲਿਸ ਨੂੰ ਦੇ ਦਿੱਤੀ ਗਈ ਹੈ।

**ਟਰੱਕ ਤੋਂ ਲਗਭਗ 100 ਮੀਟਰ ਦੂਰ ਖ਼ੂਨ ਨਾਲ ਲੱਥਪੱਥ ਮਿਲਿਆ**

ਪਵਿੱਤਰ ਸਿੰਘ ਨੇ ਦੱਸਿਆ ਕਿ ਗੁਰਵਿੰਦਰ ਸਿੰਘ ਝਠਰਓਨਸਪੋਰਟ ਲਈ ਕੰਮ ਕਰਦਾ ਸੀ। ਉਹ ਰੈਸਟ ਲੇਨ ਵਿੱਚ ਆਪਣਾ ਟਰੱਕ ਖੜ੍ਹਾ ਕਰਕੇ ਆਰਾਮ ਕਰ ਰਿਹਾ ਸੀ। ਬਾਅਦ ਵਿੱਚ ਉਹ ਆਪਣੇ ਟਰੱਕ ਤੋਂ ਕਰੀਬ 100 ਮੀਟਰ ਦੀ ਦੂਰੀ ’ਤੇ ਖ਼ੂਨ ਨਾਲ ਲੱਥਪੱਥ ਹਾਲਤ ਵਿੱਚ ਮਿਲਿਆ।

ਘਟਨਾ ਨਾਲ ਸਬੰਧਤ ਸਾਹਮਣੇ ਆਈ ਵੀਡੀਓ ਵਿੱਚ ਟਰੱਕ ਰੋਡਸਾਈਡ ਰੈਸਟ ਏਰੀਆ ਵਿੱਚ ਖੜ੍ਹਾ ਦਿਖਾਈ ਦੇ ਰਿਹਾ ਹੈ। ਵੀਡੀਓ ਵਿੱਚ ਆਲੇ-ਦੁਆਲੇ ਖ਼ੂਨ ਦੇ ਨਿਸ਼ਾਨ ਵੀ ਨਜ਼ਰ ਆ ਰਹੇ ਹਨ।

**ਹਮਲਾਵਰ ਤੋਂ ਬਚਣ ਲਈ ਦੌੜਿਆ ਹੋਣ ਦਾ ਖ਼ਦਸ਼ਾ**

ਸਾਹਮਣੇ ਆਈ ਵੀਡੀਓ ਦੇ ਆਧਾਰ ’ਤੇ ਇਹ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਹਮਲੇ ਤੋਂ ਬਾਅਦ ਗੁਰਵਿੰਦਰ ਨੇ ਆਪਣੇ ਆਪ ਨੂੰ ਬਚਾਉਣ ਲਈ ਭੱਜਣ ਦੀ ਕੋਸ਼ਿਸ਼ ਕੀਤੀ ਹੋਵੇਗੀ। ਉਸ ਨੂੰ ਇੱਕ ਹੋਰ ਟਰੱਕ ਨੇੜੇ ਡਿੱਗੀ ਹੋਈ ਹਾਲਤ ਵਿੱਚ ਪਾਇਆ ਗਿਆ।

ਪਵਿੱਤਰ ਸਿੰਘ ਮੁਤਾਬਕ, ਗੁਰਵਿੰਦਰ ਬੇਹੋਸ਼ ਸੀ ਅਤੇ ਆਵਾਜ਼ ਮਾਰਨ ’ਤੇ ਵੀ ਕੋਈ ਪ੍ਰਤੀਕਿਰਿਆ ਨਹੀਂ ਦੇ ਰਿਹਾ ਸੀ। ਸ਼ੁਰੂਆਤ ਵਿੱਚ ਇਸ ਘਟਨਾ ਨੂੰ ਲੈ ਕੇ ਉਸ ਦੀ ਮੌਤ ਦੀ ਖ਼ਬਰ ਵੀ ਫੈਲ ਗਈ ਸੀ, ਪਰ ਕੈਲੀਫੋਰਨੀਆ ਵਿੱਚ ਰਹਿੰਦੇ ਗੁਰਮੀਤ ਸਿੰਘ ਨੇ ਬਾਅਦ ਵਿੱਚ ਸਪਸ਼ਟ ਕੀਤਾ ਕਿ ਗੁਰਵਿੰਦਰ ਦੀ ਮੌਤ ਨਹੀਂ ਹੋਈ ਅਤੇ ਉਸ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।

**ਚਾਕੂ ਨਾਲ ਕਈ ਵਾਰ ਹਮਲਾ ਕਰਨ ਦਾ ਦਾਅਵਾ**

ਪਵਿੱਤਰ ਸਿੰਘ ਨੇ ਦਾਅਵਾ ਕੀਤਾ ਕਿ ਗੁਰਵਿੰਦਰ ਸਿੰਘ ’ਤੇ ਚਾਕੂ ਨਾਲ ਕਰੀਬ 20 ਜਾਂ ਇਸ ਤੋਂ ਵੱਧ ਵਾਰ ਕੀਤੇ ਗਏ। ਹਾਲਾਂਕਿ, ਇਸ ਦਾਅਵੇ ਦੀ ਪੁਲਿਸ ਵੱਲੋਂ ਪੁਸ਼ਟੀ ਸਾਹਮਣੇ ਨਹੀਂ ਆਈ ਹੈ।

ਉਨ੍ਹਾਂ ਮੁਤਾਬਕ, ਕਥਿਤ ਹਮਲਾਵਰ ਗੋਰਾ ਵਿਅਕਤੀ ਸੀ। ਫਿਲਹਾਲ ਉਸ ਦੀ ਪਛਾਣ ਸਾਹਮਣੇ ਨਹੀਂ ਆਈ ਅਤੇ ਨਾ ਹੀ ਕਿਸੇ ਗ੍ਰਿਫ਼ਤਾਰੀ ਦੀ ਜਾਣਕਾਰੀ ਹੈ। ਇਹ ਵੀ ਸਪਸ਼ਟ ਨਹੀਂ ਹੋਇਆ ਕਿ ਹਮਲੇ ਤੋਂ ਪਹਿਲਾਂ ਦੋਵਾਂ ਵਿਚਾਲੇ ਕੀ ਗੱਲਬਾਤ ਜਾਂ ਝਗੜਾ ਹੋਇਆ ਸੀ।

ਘਟਨਾ ਤੋਂ ਬਾਅਦ ਅਮਰੀਕਾ ਵਿੱਚ ਰਹਿੰਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਵਿੱਚ ਗੁੱਸਾ ਹੈ। ਕਮਿਊਨਿਟੀ ਨਾਲ ਜੁੜੇ ਲੋਕਾਂ ਦਾ ਦੋਸ਼ ਹੈ ਕਿ ਪੰਜਾਬੀ ਅਤੇ ਸਿੱਖ ਟਰੱਕ ਡਰਾਈਵਰਾਂ ਨੂੰ ਨਸਲੀ ਟਿੱਪਣੀਆਂ ਅਤੇ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕਮਿਊਨਿਟੀ ਵੱਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਸਥਾਨਕ ਮੀਡੀਆ ਵਿੱਚ ਲੋੜੀਂਦੀ ਕਵਰੇਜ ਨਹੀਂ ਮਿਲਦੀ। ਲੋਕਾਂ ਨੇ ਸੋਸ਼ਲ ਮੀਡੀਆ ਰਾਹੀਂ ਘਟਨਾ ਨੂੰ ਵੱਧ ਤੋਂ ਵੱਧ ਸਾਂਝਾ ਕਰਨ ਦੀ ਅਪੀਲ ਕੀਤੀ ਹੈ।

**ਡੇਢ ਲੱਖ ਸਿੱਖ ਟਰੱਕ ਡਰਾਈਵਰਾਂ ਦਾ ਦਾਅਵਾ**

ਉੱਤਰੀ ਅਮਰੀਕਨ ਪੰਜਾਬੀ ਟਰੱਕਿੰਗ ਐਸੋਸੀਏਸ਼ਨ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਅਮਰੀਕਾ ਵਿੱਚ ਕਰੀਬ ਡੇਢ ਲੱਖ ਸਿੱਖ ਟਰੱਕ ਡਰਾਈਵਰ ਹਨ। ਐਸੋਸੀਏਸ਼ਨ ਮੁਤਾਬਕ, ਸਿੱਖ ਡਰਾਈਵਰਾਂ ਨੂੰ ਕਥਿਤ ਤੌਰ ’ਤੇ ਨਸਲੀ ਪ੍ਰੋਫਾਈਲਿੰਗ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹ ਮਾਮਲਾ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਅਮਰੀਕਾ ਵਿੱਚ ਸਿੱਖ ਅਤੇ ਪੰਜਾਬੀ ਟਰੱਕ ਡਰਾਈਵਰਾਂ ਨੂੰ ਲੈ ਕੇ ਪਹਿਲਾਂ ਵੀ ਵਿਵਾਦ ਅਤੇ ਨਸਲੀ ਭੇਦਭਾਵ ਦੇ ਦੋਸ਼ ਸਾਹਮਣੇ ਆ ਚੁੱਕੇ ਹਨ। ਫਿਲਹਾਲ ਗੁਰਵਿੰਦਰ ਸਿੰਘ ’ਤੇ ਹੋਏ ਹਮਲੇ ਦੀ ਪੁਲਿਸ ਜਾਂਚ ਜਾਰੀ ਹੈ।


LEGAL SERVICES & IMMIGRATION MATTERS

ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter

THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨਿਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa

Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5



ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ

PUNJAB STAR TV

IPTV
Roku
eBaba Ent
webtv
YUPPTV
GET IT ON Google Play
Shava tv
jadoo tv
Cruze tv
amazon fireTV

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ ‘ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ ਲਖਵਿੰਦਰ ਸੰਧੂ 905-673-7666

NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਅਕਾਲੀ ਦਲ ਨੇ 2027 ਚੋਣਾਂ ਲਈ ਬਣਾਈ ਮੈਨੀਫੈਸਟੋ ਕਮੇਟੀ

## 18 ਸਤੰਬਰ ਨੂੰ ਪਹਿਲੀ ਮੀਟਿੰਗ



ਸ਼੍ਰੋਮਣੀ ਅਕਾਲੀ ਦਲ ਨੇ ਅੱਜ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਚੋਣ ਮੈਨੀਫੈਸਟੋ ਤਿਆਰ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਮੇਟੀ ਵਿੱਚ ਮੈਂਬਰਾਂ ਦੀ ਗਿਣਤੀ 9 ਤੋਂ ਵਧਾ ਕੇ 20 ਕਰ ਦਿੱਤੀ। ਸੀਨੀਅਰ ਪਾਰਟੀ ਆਗੂ ਬਲਵਿੰਦਰ ਸਿੰਘ ਭੂੰਦੜ ਨੂੰ ਇਸ ਵਿਸਤ੍ਰਿਤ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।

ਡਾ. ਦਲਜੀਤ ਸਿੰਘ ਚੀਮਾ ਨੂੰ ਕਮੇਟੀ ਦਾ ਮੈਂਬਰ ਸਕੱਤਰ ਨਿਯੁਕਤ ਕੀਤਾ ਗਿਆ ਹੈ। ਟੀਮ ਵਿੱਚ ਸੀਨੀਅਰ ਪਾਰਟੀ ਆਗੂ ਸ਼ਾਮਲ ਹਨ। ਪਾਰਟੀ ਦਾ ਮੁੱਖ ਉਦੇਸ਼ ਆਉਣ ਵਾਲੀਆਂ ਚੋਣਾਂ ਦੀਆਂ ਤਰਜੀਹਾਂ ਅਤੇ ਨੀਤੀਆਂ ਬਣਾਉਂਦੇ ਸਮੇਂ ਤਜਰਬੇ, ਨਵੇਂ ਵਿਚਾਰਾਂ ਅਤੇ ਨੌਜਵਾਨਾਂ ਦੀਆਂ ਇੱਛਾਵਾਂ ਦਾ ਸੰਤੁਲਿਤ ਮਿਸ਼ਰਣ ਬਣਾਉਣਾ ਹੈ। ਮੈਨੀਫੈਸਟੋ ਕਮੇਟੀ ਦੀ ਪਹਿਲੀ ਮੀਟਿੰਗ 18 ਸਤੰਬਰ ਨੂੰ ਦੁਪਹਿਰ 12 ਵਜੇ ਚੰਡੀਗੜ੍ਹ ਸਥਿਤ ਪਾਰਟੀ ਦਫ਼ਤਰ 'ਚ ਹੋਵੇਗੀ ਬੈਠਕ, ਜਿਸ ਵਿਚ ਕਮੇਟੀ ਦੇ ਕੰਮ-ਕਾਜ ਦੀ ਰੂਪ-ਰੇਖਾ 'ਤੇ ਵਿਚਾਰ-ਵਟਾਂਦਰਾ ਕੀਤਾ ਜਾਏਗਾ। ਡਾ. ਦਲਜੀਤ ਚੀਮਾ ਨੇ ਟਵੀਟ ਕਰ ਕੇ ਇਹ ਜਾਣਕਾਰੀ ਸਾਂਝੀ ਕੀਤੀ।

ਅਕਾਲੀ ਦਲ ਵੱਲੋਂ ਜਾਰੀ ਪੱਤਰ ਮੁਤਾਬਕ ਮੈਨੀਫੈਸਟੋ ਕਮੇਟੀ ਦਾ ਵਿਸਥਾਰ ਕਰਨ ਦਾ ਮੁੱਖ ਉਦੇਸ਼ ਸਮਾਜ ਦੇ ਹਰ ਵਰਗ ਤੱਕ ਪਹੁੰਚਣਾ ਅਤੇ ਸੂਬੇ ਦੇ ਵਿਕਾਸ ਲਈ ਇੱਕ ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਬਲੂਪ੍ਰਿੰਟ ਤਿਆਰ ਕਰਨਾ ਹੈ। ਪਾਰਟੀ ਲੀਡਰਸ਼ਿਪ ਦਾ ਮੰਨਣਾ ਹੈ ਕਿ ਚੋਣ ਮੈਨੀਫੈਸਟੋ ਵਿੱਚ ਨਾ ਸਿਰਫ਼ ਪ੍ਰਸ਼ਾਸਨਿਕ ਤਜਰਬਾ, ਸਗੋਂ ਨੌਜਵਾਨਾਂ ਦੀ ਨਵੀਂ ਸੋਚ ਅਤੇ ਔਰਤਾਂ ਦੀ ਪ੍ਰਤੀਨਿਧਤਾ ਨੂੰ ਵੀ ਦਰਸਾਇਆ ਜਾਣਾ ਚਾਹੀਦਾ ਹੈ।

ਇਸ ਕਮੇਟੀ ਰਾਹੀਂ ਸ਼੍ਰੋਮਣੀ ਅਕਾਲੀ ਦਲ ਨੇ ਨੌਜਵਾਨ ਲੀਡਰਸ਼ਿਪ ਨੂੰ ਅੱਗੇ ਲਿਆਉਣ ਦੇ ਆਪਣੇ ਇਰਾਦੇ ਨੂੰ ਸਪੱਸ਼ਟ ਤੌਰ 'ਤੇ ਸੰਕੇਤ ਦਿੱਤਾ ਹੈ। ਸਰਬਜੀਤ ਸਿੰਘ ਝਿੰਜਰ, ਅਰਸ਼ਦੀਪ ਸਿੰਘ ਕਲੇਰ ਅਤੇ ਰਣਬੀਰ ਸਿੰਘ ਢਿੱਲੋਂ ਵਰਗੇ ਨੌਜਵਾਨ ਚਿਹਰਿਆਂ ਨੂੰ ਸ਼ਾਮਲ ਕਰਕੇ, ਪਾਰਟੀ ਦਾ ਉਦੇਸ਼ ਨੌਜਵਾਨਾਂ ਦੇ ਰੁਜ਼ਗਾਰ, ਸਿੱਖਿਆ ਅਤੇ ਖੇਡਾਂ ਵਰਗੇ ਮੁੱਦਿਆਂ 'ਤੇ ਸਿੱਧਾ ਧਿਆਨ ਕੇਂਦਰਿਤ ਕਰਨਾ ਹੈ। ਇਸ ਤੋਂ ਇਲਾਵਾ, ਹਰਗੋਬਿੰਦ ਕੌਰ, ਜ਼ਾਹਿਦਾ ਸੁਲੇਮਾਨ ਅਤੇ ਕੰਚਨਪ੍ਰੀਤ ਕੌਰ ਦੀ ਮੌਜੂਦਗੀ ਇਹ ਯਕੀਨੀ ਬਣਾਏਗੀ ਕਿ ਔਰਤਾਂ ਦੇ ਮੁੱਦੇ ਅਤੇ ਸੁਰੱਖਿਆ ਨੀਤੀਆਂ ਮੈਨੀਫੈਸਟੋ ਦਾ ਮੁੱਖ ਹਿੱਸਾ ਹਨ। ਪਾਰਟੀ ਸੂਤਰਾਂ ਮੁਤਾਬਕ ਇਹ 20 ਮੈਂਬਰੀ ਕਮੇਟੀ ਜਲਦੀ ਹੀ ਸੂਬੇ ਭਰ ਦੇ ਵੱਖ-ਵੱਖ ਜ਼ਿਲ੍ਹਿਆਂ, ਵਪਾਰਕ ਸੰਗਠਨਾਂ, ਕਿਸਾਨ ਯੂਨੀਅਨਾਂ ਅਤੇ ਵਿਦਿਆਰਥੀ ਸੰਗਠਨਾਂ ਨਾਲ ਮਿਲ ਕੇ ਸੁਝਾਅ ਇਕੱਠੇ ਕਰੇਗੀ। ਇਸ ਫੀਡਬੈਕ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਹੀ ਅਕਾਲੀ ਦਲ ਆਪਣਾ ਅੰਤਿਮ ਚੋਣ ਮੈਨੀਫੈਸਟੋ ਜਨਤਾ ਸਾਹਮਣੇ ਪੇਸ਼ ਕਰੇਗਾ।

# ਚੰਡੀਗੜ੍ਹ 'ਚ ਪੰਜਾਬ ਕਾਂਗਰਸ ਦਾ ਪ੍ਰਦਰਸ਼ਨ

## 3 ਮਹੀਨੇ ਬਾਅਦ ਇੱਕੋ ਮੰਚ 'ਤੇ ਚੰਨੀ ਤੇ ਰਾਜਾ ਵੜਿੰਗ



ਚੰਡੀਗੜ੍ਹ: ਚੰਡੀਗੜ੍ਹ ਦੇ ਸੈਕਟਰ-15 ਸਥਿਤ ਪੰਜਾਬ ਕਾਂਗਰਸ ਭਵਨ ਦੇ ਬਾਹਰ ਕਾਂਗਰਸ ਵੱਲੋਂ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਅਤੇ ਰਾਜਸਥਾਨ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਸਚਿਨ ਪਾਇਲਟ ਵੀ ਇਸ ਪ੍ਰਦਰਸ਼ਨ ਵਿੱਚ ਪਹੁੰਚੇ ਹਨ। ਇਸ ਦੌਰਾਨ ਕਰੀਬ ਤਿੰਨ ਮਹੀਨਿਆਂ ਬਾਅਦ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਇੱਕੋ ਮੰਚ 'ਤੇ ਨਜ਼ਰ ਆਏ।

**ਸਚਿਨ ਪਾਇਲਟ ਦੇ ਦੋਵੇਂ ਪਾਸੇ ਬੈਠੇ ਚੰਨੀ ਤੇ ਵੜਿੰਗ**

ਮੰਚ 'ਤੇ ਸਚਿਨ ਪਾਇਲਟ ਦੇ ਸੱਜੇ ਪਾਸੇ ਚਰਨਜੀਤ ਸਿੰਘ ਚੰਨੀ ਅਤੇ ਖੱਬੇ ਪਾਸੇ ਰਾਜਾ ਵੜਿੰਗ ਬੈਠੇ ਹੋਏ ਸਨ। ਇਸ ਦੌਰਾਨ ਦੋਵੇਂ ਆਗੂ ਆਪਸ ਵਿੱਚ ਗੱਲਬਾਤ ਕਰਦੇ ਵੀ ਦਿਖਾਈ ਦਿੱਤੇ।

ਜਦੋਂ ਮੰਚ ਤੋਂ ਚੰਨੀ ਦਾ ਨਾਮ ਲਿਆ ਗਿਆ ਤਾਂ ਕਾਂਗਰਸੀ ਵਰਕਰਾਂ ਨੇ ਨਾਅਰੇਬਾਜ਼ੀ ਕੀਤੀ। ਹਾਲਾਂਕਿ ਚੰਨੀ ਨੇ ਆਪਣੇ ਪੂਰੇ ਭਾਸ਼ਣ ਦੌਰਾਨ ਰਾਜਾ ਵੜਿੰਗ ਦਾ ਨਾਮ ਨਹੀਂ ਲਿਆ।

**ਪ੍ਰਤਾਪ ਬਾਜਵਾ ਬੋਲੇ- ਸਾਰੇ ਕਾਂਗਰਸੀ ਇਕੱਠੇ ਹੋ ਗਏ**

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ, "ਇਹ ਲਓ, ਮੰਚ 'ਤੇ ਸਾਰੇ ਕਾਂਗਰਸੀ ਇਕੱਠੇ ਹੋ ਗਏ।"

ਬਾਜਵਾ ਨੇ ਕਿਹਾ ਕਿ ਕਾਂਗਰਸ ਅਗਲੀ ਚੋਣ ਬਿਨਾਂ ਕਿਸੇ ਇੱਕ ਚਿਹਰੇ ਦੇ ਲੜੇਗੀ। ਉਨ੍ਹਾਂ ਮੁਤਾਬਕ ਪਾਰਟੀ ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ, ਮੱਲਿਕਾਰਜੁਨ ਖੜਗੇ ਅਤੇ ਸਚਿਨ ਪਾਇਲਟ ਦੇ ਨਾਮ 'ਤੇ ਵੋਟਾਂ ਮੰਗੇਗੀ। ਉਨ੍ਹਾਂ ਕਿਹਾ ਕਿ ਬਹੁਮਤ ਮਿਲਣ ਤੋਂ ਬਾਅਦ ਮੁੱਖ ਮੰਤਰੀ ਬਾਰੇ ਫ਼ੈਸਲਾ ਹਾਈਕਮਾਨ ਕਰੇਗਾ।

**ਰਾਜਾ ਵੜਿੰਗ ਦੇ ਭਾਸ਼ਣ ਦੌਰਾਨ ਵਰਕਰਾਂ ਨੇ ਲਹਿਰਾਏ ਝੰਡੇ**

ਰਾਜਾ ਵੜਿੰਗ ਦੇ ਮਾਈਕ 'ਤੇ ਆਉਂਦੇ ਹੀ NSUI ਵਰਕਰਾਂ ਨੇ ਝੰਡੇ ਚੁੱਕ ਲਏ। ਰਾਜਾ ਵੜਿੰਗ ਉਨ੍ਹਾਂ ਨੂੰ ਬੈਠਣ ਲਈ ਕਹਿੰਦੇ ਰਹੇ, ਪਰ ਵਰਕਰ ਝੰਡੇ ਲਹਿਰਾਉਂਦੇ ਰਹੇ।

**ਰਾਜਾ ਵੜਿੰਗ ਦੀ ਕੁਰਸੀ ਨੂੰ ਲੈ ਕੇ ਚਰਚਾ ਜਾਰੀ**

ਇਸ ਪ੍ਰਦਰਸ਼ਨ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੂੰ ਅਹੁਦੇ ਤੋਂ ਹਟਾਏ ਜਾਣ ਦੀਆਂ ਚਰਚਾਵਾਂ ਵੀ ਮੁੜ ਸਾਹਮਣੇ ਆਈਆਂ ਹਨ। ਸਚਿਨ ਪਾਇਲਟ ਨੇ ਹਾਲ ਹੀ ਵਿੱਚ ਇੱਕ ਇੰਟਰਵਿਊ ਦੌਰਾਨ ਵੜਿੰਗ ਨੂੰ ਬਦਲਣ ਦੀ ਸੰਭਾਵਨਾ ਬਾਰੇ ਸਵਾਲ 'ਤੇ ਸਪੱਸ਼ਟ ਤੌਰ 'ਤੇ ਹਾਂ ਜਾਂ ਨਾਂਹ ਨਹੀਂ ਕੀਤੀ ਸੀ।

ਅਜਿਹੇ ਵਿੱਚ ਇਹ ਵੀ ਚਰਚਾ ਹੈ ਕਿ ਚੰਡੀਗੜ੍ਹ ਪਹੁੰਚਣ ਤੋਂ ਬਾਅਦ ਪਾਇਲਟ ਜ਼ਮੀਨੀ ਪੱਧਰ 'ਤੇ ਪਾਰਟੀ ਦੀ ਕਾਰਗੁਜ਼ਾਰੀ ਅਤੇ ਸੰਗਠਨ ਦੀ ਸਥਿਤੀ ਨੂੰ ਸਮਝਣਾ ਚਾਹੁੰਦੇ ਹਨ। ਇਸ ਤੋਂ ਬਾਅਦ ਹੀ ਅਗਲੇ ਫੈਸਲੇ ਬਾਰੇ ਤਸਵੀਰ ਸਪੱਸ਼ਟ ਹੋਣ ਦੀ ਸੰਭਾਵਨਾ ਹੈ।

**ਟ੍ਰੈਫਿਕ ਨੂੰ ਲੈ ਕੇ ਐਡਵਾਈਜ਼ਰੀ ਜਾਰੀ**

ਕਾਂਗਰਸ ਦੇ ਪ੍ਰਦਰਸ਼ਨ ਨੂੰ ਦੇਖਦੇ ਹੋਏ ਚੰਡੀਗੜ੍ਹ ਟ੍ਰੈਫਿਕ ਪੁਲਿਸ ਨੇ ਵੀ ਐਡਵਾਈਜ਼ਰੀ ਜਾਰੀ ਕੀਤੀ ਹੈ। ਸਵੇਰੇ 11:30 ਵਜੇ ਤੋਂ ਸੈਕਟਰ-15/16 ਲਾਈਟ ਪੁਆਇੰਟ ਤੋਂ GMCH ਸੈਕਟਰ-16 ਚੌਕ ਤੱਕ ਅਤੇ ਮੱਧ ਮਾਰਗ 'ਤੇ GMCH ਸੈਕਟਰ-16 ਚੌਕ ਤੋਂ PGI ਚੌਕ ਤੱਕ ਟ੍ਰੈਫਿਕ ਪ੍ਰਭਾਵਿਤ ਰਹਿਣ ਦੀ ਗੱਲ ਕਹੀ ਗਈ ਹੈ। ਟ੍ਰੈਫਿਕ ਪੁਲਿਸ ਨੇ ਲੋਕਾਂ ਨੂੰ ਇਨ੍ਹਾਂ ਰਸਤਿਆਂ ਤੋਂ ਬਚਣ ਅਤੇ ਸੰਭਵ ਹੋਵੇ ਤਾਂ ਬਦਲਵੇਂ ਰੂਟ ਵਰਤਣ ਦੀ ਅਪੀਲ ਕੀਤੀ ਹੈ।

# ਰਵਿੰਦਰ ਬ੍ਰਹਮਪੁਰਾ ਸ਼੍ਰੋਮਣੀ ਅਕਾਲੀ ਦਲ 'ਚੋਂ ਬਰਖ਼ਾਸਤ



ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ (SAD) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਲਕਾ ਖਡੂਰ ਸਾਹਿਬ ਤੋਂ ਪਾਰਟੀ ਤੋਂ ਮਰਹੂਮ ਸੀਨੀਅਰ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਦੇ ਸਪੁੱਤਰ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਪਿਛਲੇ ਲੰਮੇ ਸਮੇ ਤੋਂ ਪਾਰਟੀ ਵਿਰੋਧੀ ਗਤੀਵਿਧੀਆਂ ਕਰਨ ਕਰਕੇ ਬ੍ਰਹਮਪੁਰਾ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿੱਪ ਤੋਂ ਖਾਰਜ ਕੀਤਾ ਗਿਆ ਹੈ। ਹਲਕਾ ਖਡੂਰ ਸਾਹਿਬ ਦੇ ਜਥੇਬੰਦਕ ਆਗੂਆਂ ਅਤੇ ਜ਼ਮੀਨੀ ਵਰਕਰਾਂ ਵੱਲੋਂ ਰਵਿੰਦਰ ਸਿੰਘ ਬ੍ਰਹਮਪੁਰਾ ਦੀਆਂ ਪਾਰਟੀ ਵਿਰੋਧੀ ਕਾਰਵਾਈਆਂ ਨੂੰ ਲੈ ਕੇ ਲਗਾਤਾਰ ਲਿਖਤੀ ਸ਼ਿਕਾਇਤਾਂ ਹਾਈਕਮਾਂਡ ਤੱਕ ਪਹੁੰਚਾਈਆਂ ਜਾ ਰਹੀਆਂ ਸਨ। ਬੀਤੀ 13 ਸਤੰਬਰ ਨੂੰ ਸ੍ਰੀ ਗੋਇੰਦਵਾਲ ਸਾਹਿਬ ਦੀ ਪਵਿੱਤਰ ਧਰਤੀ 'ਤੇ ਆਯੋਜਿਤ ਕੀਤੀ ਗਈ ਵਿਸ਼ਾਲ 'ਪੰਜਾਬ ਬਚਾਓ ਰੈਲੀ' ਦੌਰਾਨ ਵੀ ਸਥਾਨਿਕ ਸੀਨੀਅਰ ਲੀਡਰਸ਼ਿਪ ਅਤੇ ਵਰਕਰਾਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਨਿੱਜੀ ਤੌਰ 'ਤੇ ਮੁਲਾਕਾਤ ਕੀਤੀ ਸੀ। ਇਸ ਦੌਰਾਨ ਲੀਡਰਸ਼ਿਪ ਨੇ ਵਿਸਥਾਰਪੂਰਵਕ ਦੱਸਿਆ ਸੀ ਕਿ ਰਵਿੰਦਰ ਬ੍ਰਹਮਪੁਰਾ ਕਿਸ ਤਰ੍ਹਾਂ ਪਾਰਟੀ ਦੇ ਅੰਦਰ ਰਹਿ ਕੇ ਹੀ ਸੰਗਠਨ ਦੇ ਖ਼ਿਲਾਫ਼ ਸਾਜ਼ਿਸ਼ਾਂ ਘੜ ਰਹੇ ਹਨ ਅਤੇ ਅੰਦਰੂਨੀ ਨੁਕਸਾਨ ਪਹੁੰਚਾਉਣ ਦਾ ਯਤਨ ਕਰ ਰਹੇ ਹਨ।ਬਾਦਲ ਨੇ ਕਿਹਾ ਕਿ ਪਾਰਟੀ ਅਨੁਸ਼ਾਸ਼ਨ ਹਰ ਹੀਲੇ ਕਾਇਮ ਰੱਖਿਆ ਜਾਵੇਗਾ ਅਤੇ ਅੱਜ ਇਸ ਸਬੰਧੀ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਰਵਿੰਦਰ ਸਿੰਘ ਬ੍ਰਹਮਪੁਰਾ ਨੂੰ ਪਾਰਟੀ ਵਿਰੋਧੀ ਕਾਰਵਾਈਆਂ ਕਰਨ ਕਰਕੇ ਪਾਰਟੀ ਦੀ ਮੁਢਲੀ ਮੈਂਬਰਸ਼ਿੱਪ ਤੋਂ ਖਾਰਜ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਵਿਵਾਦ ਦੀ ਮੁੱਖ ਜੜ੍ਹ ਹਲਕਾ ਖਡੂਰ ਸਾਹਿਬ ਦੀ ਇੰਚਾਰਜਸ਼ਿਪ ਨਾਲ ਜੁੜੀ ਹੋਈ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜਦੋਂ ਤੋਂ ਬੀਬਾ ਰਮਨਦੀਪ ਕੌਰ ਨੂੰ ਹਲਕਾ ਖਡੂਰ ਸਾਹਿਬ ਦਾ ਇੰਚਾਰਜ ਥਾਪਿਆ ਗਿਆ ਸੀ, ਉਦੋਂ ਤੋਂ ਹੀ ਰਵਿੰਦਰ ਸਿੰਘ ਬ੍ਰਹਮਪੁਰਾ ਪਾਰਟੀ ਲੀਡਰਸ਼ਿਪ ਨਾਲ ਕਾਫ਼ੀ ਨਾਰਾਜ਼ ਚੱਲ ਰਹੇ ਸਨ। ਉਹ ਜਨਤਕ ਤੌਰ 'ਤੇ ਅਤੇ ਅੰਦਰੂਨੀ ਪੱਧਰ 'ਤੇ ਲਗਾਤਾਰ ਬੀਬਾ ਰਮਨਦੀਪ ਕੌਰ ਅਤੇ ਅਵਤਾਰ ਸਿੰਘ ਬਿੱਲਾਂ ਸ਼ੇਰੋਂ ਦੀ ਵਿਰੋਧਤਾ ਕਰ ਰਹੇ ਸਨ, ਜਿਸ ਕਾਰਨ ਹਲਕੇ ਦੇ ਵਰਕਰਾਂ ਵਿੱਚ ਭੰਬਲਭੂਸਾ ਬਣਿਆ ਹੋਇਆ ਸੀ।

# ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੀ ਜ਼ਮਾਨਤ ਅਰਜ਼ੀ ਖ਼ਾਰਜ ਕਰਨਯੋਗ: ਸੁਪਰੀਮ ਕੋਰਟ

## 'ਤੁਸੀਂ ਹੁਣ ਖ਼ਾਰਜ ਕਰਵਾਉਣਾ ਚਾਹੁੰਦੇ ਹੋ ਜਾਂ ਬਾਅਦ ਵਿੱਚ?'

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਪੰਜਾਬ ਪੁਲਿਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਦੀ ਦੂਜੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਚਾਰ ਹਫ਼ਤਿਆਂ ਲਈ ਮੁਲਤਵੀ ਕਰ ਦਿੱਤੀ ਹੈ। ਭੁੱਲਰ ਦੀ ਦੂਜੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਦੌਰਾਨ, ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਇੱਕ ਸਖ਼ਤ ਟਿੱਪਣੀ ਜਾਰੀ ਕਰਦਿਆਂ ਇਸਨੂੰ "100% ਖਾਰਜ ਕਰਨ ਦਾ ਮਾਮਲਾ" ਦੱਸਿਆ ਅਤੇ ਸੰਕੇਤ ਦਿੱਤਾ ਕਿ ਮੁੱਖ ਗਵਾਹਾਂ ਦੇ ਬਿਆਨ ਦਰਜ ਹੋਣ ਤੋਂ ਬਾਅਦ ਜ਼ਮਾਨਤ 'ਤੇ ਵਿਚਾਰ ਕੀਤਾ ਜਾ ਸਕਦਾ ਹੈ। ਭੁੱਲਰ ਨੂੰ ਪਿਛਲੇ ਸਾਲ ਅਕਤੂਬਰ ਵਿੱਚ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਸੀਬੀਆਈ ਨੇ ਗ੍ਰਿਫ਼ਤਾਰ ਕੀਤਾ ਸੀ।

**ਚਾਰ ਹਫ਼ਤਿਆਂ ਬਾਅਦ ਅਗਲੀ ਸੁਣਵਾਈ**

ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਵੀ. ਮੋਹਨਾ ਦੀ ਬੈਂਚ ਨੇ ਚਾਰ ਹਫ਼ਤਿਆਂ ਬਾਅਦ ਮਾਮਲੇ ਨੂੰ ਸੁਣਵਾਈ ਲਈ ਸੂਚੀਬੱਧ ਕੀਤਾ। ਬੈਂਚ ਨੇ ਸੰਕੇਤ ਦਿੱਤਾ ਕਿ ਕੁਝ ਮੁੱਖ ਗਵਾਹਾਂ ਦੇ ਬਿਆਨ ਦਰਜ ਹੋਣ ਤੋਂ ਬਾਅਦ ਹੀ ਜ਼ਮਾਨਤ ਪਟੀਸ਼ਨ 'ਤੇ ਵਿਚਾਰ ਕੀਤਾ ਜਾਵੇਗਾ। ਸੁਣਵਾਈ ਦੌਰਾਨ, ਚੀਫ਼ ਜਸਟਿਸ ਨੇ ਟਿੱਪਣੀ ਕੀਤੀ, "ਇਹ 100% ਖਾਰਜ ਕਰਨ ਦਾ ਮਾਮਲਾ ਹੈ! ਕੀ ਤੁਸੀਂ ਹੁਣੇ ਜਾਂ ਬਾਅਦ ਵਿੱਚ ਖਾਰਜ ਕਰਨਾ ਚਾਹੁੰਦੇ ਹੋ?"

**ਵਕੀਲ ਨੇ ਮੁੱਖ ਗਵਾਹਾਂ ਦੀ ਸਥਿਤੀ ਬਾਰੇ ਦੱਸਿਆ**

ਭੁੱਲਰ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਸ਼ਿਕਾਇਤਕਰਤਾ ਅਤੇ ਕੁਝ ਮੁੱਖ ਗਵਾਹਾਂ ਤੋਂ ਅਜੇ ਤੱਕ ਪੁੱਛਗਿੱਛ ਨਹੀਂ ਕੀਤੀ ਗਈ ਹੈ, ਜਦੋਂ ਕਿ ਕੁਝ ਹੋਰ ਗਵਾਹਾਂ ਦੇ ਬਿਆਨ ਪਹਿਲਾਂ ਹੀ ਦਰਜ ਕੀਤੇ ਜਾ ਚੁੱਕੇ ਹਨ। ਭੁੱਲਰ ਨੇ 10 ਅਗਸਤ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਪਣੀ ਜ਼ਮਾਨਤ ਪਟੀਸ਼ਨ ਨੂੰ ਰੱਦ ਕਰਨ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ।

## ਪੰਜਾਬ ਯੂਨੀਵਰਸਿਟੀ ਦੇ ਇਤਿਹਾਸ ਸਿਲੇਬਸ 'ਤੇ ਵਿਵਾਦ

# ਹਰਸਿਮਰਤ ਬਾਦਲ ਨੇ ਸਿੱਖਿਆ ਮੰਤਰੀ ਨੂੰ ਲਿਖਿਆ ਪੱਤਰ



ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ (PU), ਚੰਡੀਗੜ੍ਹ ਦੇ ਐੱਮਏ ਇਤਿਹਾਸ ਦੇ ਨਵੇਂ ਸਿਲੇਬਸ ਨੂੰ ਲੈ ਕੇ ਪੰਜਾਬ ਦੀ ਸਿਆਸਤ ਗਰਮਾ ਗਈ ਹੈ। ਦੋਸ਼ ਹੈ ਕਿ ਸਿੱਖ ਇਤਿਹਾਸ ਨਾਲ ਸਬੰਧਤ ਵਿਸ਼ਿਆਂ ਨੂੰ ਲਾਜ਼ਮੀ ਵਿਸ਼ਿਆਂ ਦੀ ਸੂਚੀ ਤੋਂ ਹਟਾ ਕੇ ਵਿਕਲਪਿਕ ਸ਼੍ਰੇਣੀ ਵਿੱਚ ਰੱਖ ਦਿੱਤਾ ਗਿਆ ਹੈ।

ਬਠਿੰਡਾ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਸ ਫੈਸਲੇ ਦਾ ਵਿਰੋਧ ਕੀਤਾ ਹੈ। ਉਨ੍ਹਾਂ ਨੇ ਕੇਂਦਰੀ ਸਿੱਖਿਆ ਮੰਤਰੀ ਪ੍ਰਹਲਾਦ ਜੋਸ਼ੀ ਨੂੰ ਪੱਤਰ ਲਿਖ ਕੇ ਯੂਨੀਵਰਸਿਟੀ ਦੇ ਇਸ ਫੈਸਲੇ 'ਤੇ ਸਖ਼ਤ ਇਤਰਾਜ਼ ਜਤਾਇਆ ਹੈ।

**ਹਰਸਿਮਰਤ ਬਾਦਲ ਨੇ ਲਾਇਆ ਇਹ ਦੋਸ਼**

ਹਰਸਿਮਰਤ ਕੌਰ ਬਾਦਲ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਇਹ ਫੈਸਲਾ ਪੰਜਾਬ ਵਿਰੋਧੀ ਹੈ ਅਤੇ ਇਸ ਕਾਰਨ ਪੰਜਾਬੀਆਂ ਤੇ ਸਿੱਖ ਭਾਈਚਾਰੇ ਵਿੱਚ ਗੁੱਸਾ ਅਤੇ ਅਵਿਸ਼ਵਾਸ ਪੈਦਾ ਹੋਇਆ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਪੰਜਾਬ ਦੀ ਸਮਾਜਿਕ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੁੜੇ ਇਤਿਹਾਸ ਨੂੰ ਐੱਮਏ ਦੇ ਸਿਲੇਬਸ ਵਿੱਚ ਪਹਿਲਾਂ ਵਾਲੀ ਮਹੱਤਤਾ ਨਹੀਂ ਦਿੱਤੀ ਗਈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਐੱਮਏ ਇਤਿਹਾਸ ਦਾ ਨਵਾਂ ਸਿਲੇਬਸ ਤੁਰੰਤ ਰੱਦ ਕਰਕੇ ਪੁਰਾਣਾ ਸਿਲੇਬਸ ਮੁੜ ਲਾਗੂ ਕੀਤਾ ਜਾਵੇ।

**ਯੂਨੀਵਰਸਿਟੀ ਨੇ ਦਿੱਤਾ 'ਓਫ ਦਾ ਹਵਾਲਾ**

ਦੂਜੇ ਪਾਸੇ, ਯੂਨੀਵਰਸਿਟੀ ਪ੍ਰਸ਼ਾਸਨ ਦਾ ਤਰਕ ਹੈ ਕਿ ਸਿਲੇਬਸ ਵਿੱਚ ਇਹ ਬਦਲਾਅ ਰਾਸ਼ਟਰੀ ਸਿੱਖਿਆ ਨੀਤੀ (NEP) ਤਹਿਤ ਕੀਤਾ ਗਿਆ ਹੈ। ਹਾਲਾਂਕਿ, ਹਰਸਿਮਰਤ ਬਾਦਲ ਇਸ ਤਰਕ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਬਦਲਾਅ ਪੰਜਾਬ ਦੀ ਅਮੀਰ ਸਮਾਜਿਕ-ਸੱਭਿਆਚਾਰਕ ਵਿਰਾਸਤ ਨੂੰ ਕਮਜ਼ੋਰ ਕਰ ਸਕਦੇ ਹਨ।

**ਪੁਰਾਣੇ ਸਿਲੇਬਸ ਵਿੱਚ ਕੀ ਪੜ੍ਹਾਇਆ ਜਾਂਦਾ ਸੀ?**

ਹਰਸਿਮਰਤ ਬਾਦਲ ਦੇ ਪੱਤਰ ਮੁਤਾਬਕ, ਪੁਰਾਣੇ ਸਿਲੇਬਸ ਵਿੱਚ 15ਵੀਂ ਤੋਂ 17ਵੀਂ ਸਦੀ ਤੱਕ ਪੰਜਾਬ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਵਿਸ਼ਿਆਂ ਨੂੰ ਖ਼ਾਸ ਤੌਰ 'ਤੇ ਪੜ੍ਹਾਇਆ ਜਾਂਦਾ ਸੀ। ਇਸ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਦਾ ਇਤਿਹਾਸ, ਸਿੱਖ ਪੰਥ ਦਾ ਵਿਕਾਸ, ਗੁਰੂ ਅਰਜਨ ਦੇਵ ਜੀ ਵੱਲੋਂ ਆਦਿ ਗ੍ਰੰਥ ਦਾ ਸੰਕਲਨ, ਹਰਿਮੰਦਰ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੀਰੀ-ਪੀਰੀ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ 1699 ਵਿੱਚ ਖ਼ਾਲਸਾ ਪੰਥ ਦੀ ਸਾਜਨਾ ਵਰਗੇ ਵਿਸ਼ੇ ਸ਼ਾਮਲ ਸਨ।

ਨਵੇਂ 2026-27 ਸਿਲੇਬਸ ਵਿੱਚ ਇਹ ਇਤਿਹਾਸ ਇੱਕ ਵੱਖਰੇ ਸਮਰਪਿਤ ਪੇਪਰ ਵਜੋਂ ਨਹੀਂ ਰੱਖਿਆ ਗਿਆ। ਇਸ ਦੀ ਥਾਂ ਧਾਰਮਿਕ ਅੰਦੋਲਨਾਂ ਅਤੇ ਪੰਜਾਬ ਦੀ ਧਾਰਮਿਕ-ਸੱਭਿਆਚਾਰਕ ਵਿਰਾਸਤ ਨੂੰ ਥੀਮ ਆਧਾਰਿਤ ਪੇਪਰਾਂ ਵਿੱਚ ਸ਼ਾਮਲ ਕੀਤਾ ਗਿਆ ਹੈ।

**18ਵੀਂ ਅਤੇ 19ਵੀਂ ਸਦੀ ਦੇ ਪੰਜਾਬ ਦਾ ਇਤਿਹਾਸ**

ਪੁਰਾਣੇ ਸਿਲੇਬਸ ਵਿੱਚ 18ਵੀਂ ਸਦੀ ਦੇ ਪੰਜਾਬ ਵਿੱਚ ਸਿੱਖ ਸ਼ਕਤੀ ਦੇ ਵਿਸਥਾਰ, ਮੁਗਲ ਸੱਤਾ ਦੇ ਕਮਜ਼ੋਰ ਹੋਣ ਤੋਂ ਬਾਅਦ ਦੀ ਸਿਆਸੀ ਸਥਿਤੀ, ਬੰਦਾ ਸਿੰਘ ਬਹਾਦਰ ਦੇ ਸੰਘਰਸ਼, ਸਿੱਖ ਮਿਸਲਾਂ, ਦਲ ਖ਼ਾਲਸਾ, ਗੁਰਮਤਾ ਅਤੇ ਰਾਖੀ ਪ੍ਰਣਾਲੀ ਵਰਗੇ ਵਿਸ਼ੇ ਪੜ੍ਹਾਏ ਜਾਂਦੇ ਸਨ। ਇਸੇ ਤਰ੍ਹਾਂ 19ਵੀਂ ਸਦੀ ਦੇ ਸਿਲੇਬਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਸਾਮਰਾਜ, ਉਸ ਦੇ ਪਤਨ, ਐਂਗਲੋ-ਸਿੱਖ ਜੰਗਾਂ ਅਤੇ 1849 ਵਿੱਚ ਪੰਜਾਬ ਦੇ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਹੋਣ ਤੋਂ ਬਾਅਦ ਦੇ ਬਦਲਾਵਾਂ ਦਾ ਅਧਿਐਨ ਸ਼ਾਮਲ ਸੀ। ਸਿੰਘ ਸਭਾ ਲਹਿਰ ਅਤੇ ਹੋਰ ਸਮਾਜਿਕ-ਧਾਰਮਿਕ ਸੁਧਾਰ ਅੰਦੋਲਨ ਵੀ ਇਸ ਦਾ ਹਿੱਸਾ ਸਨ।

**20ਵੀਂ ਸਦੀ ਦਾ ਪੰਜਾਬ ਵੀ ਸੀ ਅਹਿਮ ਹਿੱਸਾ**

20ਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਵਿੱਚ ਕਿਸਾਨ ਅੰਦੋਲਨ, ਗ਼ਦਰ ਲਹਿਰ, ਜਲ੍ਹਿਆਂਵਾਲਾ ਬਾਗ਼ ਕਤਲੇਆਮ, ਅਕਾਲੀ ਲਹਿਰ, ਗੁਰਦੁਆਰਾ ਸੁਧਾਰ ਅੰਦੋਲਨ ਅਤੇ ਭਗਤ ਸਿੰਘ ਨਾਲ ਸਬੰਧਤ ਘਟਨਾਵਾਂ ਨੂੰ ਮਹੱਤਵ ਦਿੱਤਾ ਜਾਂਦਾ ਸੀ।

# ਮੇਰੀ ਦਸਤਾਰ ਨੂੰ 'ਨਕਲੀ' ਕਹਿ ਕੇ ਭਗਵੰਤ ਮਾਨ ਨੇ ਗੁਰੂ ਸਾਹਿਬਾਨ ਦਾ ਅਪਮਾਨ ਕੀਤਾ: ਸੈਣੀ



ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਉਨ੍ਹਾਂ ਦੀ ਦਸਤਾਰ (ਪੱਗ) ਨੂੰ 'ਨਕਲੀ' ਦੱਸਣ 'ਤੇ ਤਿੱਖਾ ਪਲਟਵਾਰ ਕੀਤਾ ਹੈ। ਸੋਮਵਾਰ ਰਾਤ ਇੱਕ ਬਿਆਨ ਜਾਰੀ ਕਰਦਿਆਂ ਮੁੱਖ ਮੰਤਰੀ ਸੈਣੀ ਨੇ ਭਗਵੰਤ ਮਾਨ ਦੀ ਇਸ ਟਿੱਪਣੀ ਨੂੰ ਅਤਿ ਮੰਦਭਾਗਾ ਕਰਾਰ ਦਿੱਤਾ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਸੈਣੀ ਨੇ ਕਿਹਾ, "ਸਾਡੇ ਲਈ ਦਸਤਾਰ ਗੁਰੂ ਸਾਹਿਬਾਨ ਦੇ ਸਤਿਕਾਰ, ਸ਼ਰਧਾ, ਵਿਸ਼ਵਾਸ਼ ਅਤੇ ਆਦਰ ਦਾ ਪ੍ਰਤੀਕ ਹੈ। ਪੱਗ ਸਾਡੇ ਗੁਰੂਆਂ ਵੱਲੋਂ ਬਖਸ਼ੀ ਹੋਈ ਇੱਕ ਪਵਿੱਤਰ ਪਰੰਪਰਾ ਹੈ। ਅਸੀਂ ਆਪਣੇ ਗੁਰੂ ਸਾਹਿਬਾਨ ਦੀਆਂ ਦਿੱਤੀਆਂ ਸਿੱਖਿਆਵਾਂ ਅਤੇ ਮਾਰਗ 'ਤੇ ਚੱਲ ਕੇ ਹੀ ਆਪਣੀ ਸਰਕਾਰ ਚਲਾ ਰਹੇ ਹਾਂ। ਜੇਕਰ ਭਗਵੰਤ ਮਾਨ ਇਸ ਪੱਗ ਨੂੰ 'ਨਕਲੀ' ਆਖ ਰਹੇ ਹਨ, ਤਾਂ ਉਨ੍ਹਾਂ ਨੂੰ ਗੁਰੂ ਸਾਹਿਬਾਨ ਦੇ ਚਰਨਾਂ ਵਿੱਚ ਜਾ ਕੇ ਮੁਆਫ਼ੀਮੰਗਣੀ ਚਾਹੀਦੀ ਹੈ"। ਪੰਜਾਬ ਦੇ ਮੁੱਖ ਮੰਤਰੀ 'ਤੇ ਨਿਸ਼ਾਨਾ ਸੇਧਦਿਆਂ ਹਰਿਆਣਾ ਦੇ ਸੀ.ਐੱਮ. ਨੇ ਅੱਗੇ ਕਿਹਾ ਕਿ ਮਾਨ ਨੇ ਅਜਿਹੀ ਹਲਕੀ ਸ਼ਬਦਾਵਲੀ ਦੀ ਵਰਤੋਂ ਕਰਕੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ, "ਮਾਨ ਸਾਹਿਬ ਨੇ ਪੰਜਾਬ ਦੀ ਜਨਤਾ ਦਾ ਅਪਮਾਨ ਕੀਤਾ ਹੈ; ਉਨ੍ਹਾਂ ਨੂੰ ਗੁਰੂ ਸਾਹਿਬਾਨ ਅਤੇ ਪੰਜਾਬ ਦੇ ਲੋਕਾਂ ਤੋਂ ਤੁਰੰਤ ਮੁਆਫ਼ੀ ਮੰਗਣੀ ਚਾਹੀਦੀ ਹੈ। ਇਹ ਸਾਡੇ ਗੁਰੂ ਸਾਹਿਬਾਨ ਦੀਆਂ ਮਹਾਨ ਸ਼ਹਾਦਤਾਂ ਦੀ ਬਦੌਲਤ ਹੀ ਹੈ ਕਿ ਅੱਜ ਅਸੀਂ ਇਸ ਮੁਕਾਮ 'ਤੇ ਬੈਠੇ ਹਾਂ"।











ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjar
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਪਰਿਵਾਰਾਂ ਦਾ ਮੁੜ-ਮਿਲਣਾ (Family Reunion)

## (ਝੰਡ ਪਰਿਵਾਰ ਦੀ ਮੁੜ-ਮਿਲਣੀ : 2026)






ਕਹਿਣ ਨੂੰ ਤਾਂ ਇਹ 'ਸੰਪਰਕ-ਯੁੱਗ' ਹੈ, ਕਿਉਂਕਿ ਮੋਬਾਈਲ ਫੋਨਾਂ ਅਤੇ ਹੋਰ ਡਿਜ਼ੀਟਲ ਸਾਧਨਾਂ ਨੇ ਦੁਨੀਆਂ ਦੀਆਂ ਭੌਤਿਕ ਦੂਰੀਆਂ ਬਹੁਤ ਘਟਾ ਦਿੱਤੀਆਂ ਹਨ ਪਰ ਇਸ ਵਿਚਾਰ ਨੂੰ ਜੇਕਰ ਅਸਲ ਜੀਵਨ ਉੱਤੇ ਲਾਗੂ ਕਰੀਏ ਤਾਂ ਇੱਕ ਦਿਲਚਸਪ ਵਿਰੋਧਾ-ਭਾਸ ਸਾਹਮਣੇ ਆਉਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਕੋਲ ਪਹਿਲਾਂ ਨਾਲੋਂ ਵੱਧ ਸੰਪਰਕ ਸਾਧਨ ਹਨ, ਪਰ ਇਨ੍ਹਾਂ ਨਾਲ਼ ਸਾਡੇ ਪਰਿਵਾਰਕ ਰਿਸ਼ਤੇ ਓਨੇ ਗੂੜ੍ਹੇ ਨਹੀਂ ਹੋ ਰਹੇ। ਇੱਕ ਪਰਿਵਾਰ ਦੇ ਚਾਰ-ਪੰਜ ਮੈਂਬਰ ਇੱਕੋ ਘਰ ਵਿੱਚ ਰਹਿੰਦੇ ਹੋਏ ਵੀ ਇੱਕ ਦੂਜੇ ਦੀ ਸੰਗਤ ਤੋਂ ਵਾਂਝੇ ਰਹਿੰਦੇ ਹਨ।



ਇਹ ਬੁਨਿਆਦੀ ਫ਼ਰਕ ਸਮਝਣ ਦੀ ਲੋੜ ਹੈ ਕਿ ਡਿਜ਼ੀਟਲ ਅਤੇ ਮਨੁੱਖੀ ਸੰਬੰਧ ਇੱਕੋ ਗੱਲ ਨਹੀਂ ਹਨ। ਤਕਨਾਲੋਜੀ ਭੌਤਿਕ ਦੂਰੀਆਂ ਮਿਟਾਉਣ ਲਈ ਹੈ ਅਤੇ ਪਰਿਵਾਰਕ ਮਿਲਣੀਆਂ ਦਿਲਾਂ ਦੀ ਦੂਰੀ ਮਿਟਾਉਣ ਲਈ ਹਨ। ਤਕਨਾਲੋਜੀ ਸਾਨੂੰ ਇੱਕ-ਦੂਜੇ ਨਾਲ਼ ਗੱਲਾਂ ਕਰਨ ਦੇ ਸਾਧਨ ਦੇ ਸਕਦੀ ਹੈ, ਪਰ ਪਰਿਵਾਰਕ ਨੇੜਤਾ, ਆਪਣਾਪਨ ਅਤੇ ਦਿਲੀ-ਸਾਂਝ ਪੈਦਾ ਕਰਨ ਲਈ ਇੱਕ ਦੂਜੇ ਨਾਲ਼ ਸਰੀਰਕ ਪੱਖੋਂ ਨੇੜੇ ਹੋ ਕੇ ਵਿਚਰਨਾ ਇਸ ਤੋਂ ਕਿਤੇ ਵੱਧ ਜ਼ਰੂਰੀ ਅਤੇ ਲਾਭਦਾਇਕ ਹੈ। ਇਸ ਲਈ ਪਰਿਵਾਰਕ ਮਿਲਣੀਆਂ ਅੱਜ ਪਹਿਲਾਂ ਨਾਲੋਂ ਵਧੇਰੇ ਮਹੱਤਵਪੂਰਨ ਹੋ ਗਈਆਂ ਹਨ ਅਤੇ ਏਨਾ ਹੀ ਜ਼ਰੂਰੀ ਨੇੜਲੇ ਰਿਸ਼ਤਿਆਂ ਰਾਹੀਂ ਜੁੜੇ ਪਰਿਵਾਰਾਂ ਦਾ ਆਪਸ 'ਚ ਸਮੇਂ-ਸਮੇਂ ਸਿਰ ਮਿਲਦੇ ਰਹਿਣਾ ਹੋ ਗਿਆ ਹੈ।

ਇਸ ਤਰ੍ਹਾਂ ਦੀਆਂ ਪਰਿਵਾਰਿਕ ਮਿਲਣੀਆਂ ਵਿੱਚ ਬੱਚੇ ਆਪਣੇ ਦਾਦਾ-ਦਾਦੀ ਜਾਂ ਨਾਨਾ-ਨਾਨੀ ਦੀਆਂ ਗੱਲਾਂ ਸਿੱਧੀਆਂ ਸੁਣਦੇ ਹਨ ਅਤੇ ਨੌਜਵਾਨ ਆਪਣੇ ਮਾਤਾ-ਪਿਤਾ ਦੇ ਬਚਪਨ ਅਤੇ ਪਰਿਵਾਰ ਦੇ ਇਤਿਹਾਸ ਬਾਰੇ ਜਾਣਦੇ ਹਨ। ਵੱਡੀ ਪੀੜ੍ਹੀ ਨੂੰ ਅਹਿਸਾਸ ਹੁੰਦਾ ਹੈ ਕਿ ਨਵੀਂ ਪੀੜ੍ਹੀ ਨਾਲ ਉਸ ਦਾ ਰਿਸ਼ਤਾ ਅਜੇ ਵੀ ਕਾਇਮ ਹੈ। ਪਰਿਵਾਰਕ ਯਾਦਾਂ ਸਿਰਫ਼ ਜਾਣਕਾਰੀ ਨਹੀਂ ਹੁੰਦੀਆਂ, ਉਹ ਭਾਵਨਾਤਮਕ ਵਿਰਾਸਤ ਹੁੰਦੀਆਂ ਹਨ। ਮਨੁੱਖੀ ਵਿਕਾਸ ਲਈ ਅਸਲ ਸਮਾਜਿਕ ਸੰਪਰਕ, ਖੇਡ, ਆਜ਼ਾਦੀ ਅਤੇ ਦੂਜਿਆਂ ਨਾਲ ਸਿੱਧਾ ਮਿਲਾਪ ਬਹੁਤ ਮਹੱਤਵਪੂਰਨ ਹਨ। ਪਰਿਵਾਰਕ ਮਿਲਣੀਆਂ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਦੀਆਂ ਹਨ। ਅੱਜ ਜਦੋਂ 'ਬਨਾਉਟੀ ਬੁੱਧੀ' (ਏ.ਆਈ.) ਮਨੁੱਖੀ ਗੱਲਬਾਤ, ਸਲਾਹ-ਮਸ਼ਵਰਾ ਅਤੇ ਸਾਥ ਦੇਣ ਦੀ ਸਮਰੱਥਾ ਵੀ ਤੇਜ਼ੀ ਨਾਲ ਵਧਾ ਰਹੀ ਹੈ ਤਾਂ ਇਹ ਸਵਾਲ ਹੋਰ ਮਹੱਤਵਪੂਰਨ ਹੋ ਜਾਂਦਾ ਹੈ ਕਿ ਮਨੁੱਖ ਨੂੰ ਅਸਲ ਮਨੁੱਖੀ ਸੰਗਤ ਦੀ ਲੋੜ ਕਿਉਂ ਹੈ? ਏ.ਆਈ. ਸਾਨੂੰ ਜਾਣਕਾਰੀ ਦੇ ਸਕਦੀ ਹੈ, ਪਰ ਪਰਿਵਾਰ ਸਾਨੂੰ 'ਆਪਣਾਪਨ' ਦਿੰਦਾ ਹੈ। ਇਸ ਲਈ ਜਿੰਨੀ ਤੇਜ਼ੀ ਨਾਲ ਤਕਨਾਲੋਜੀ ਸਾਡੀ ਜ਼ਿੰਦਗੀ ਵਿੱਚ ਦਾਖ਼ਲ ਹੋ ਰਹੀ ਹੈ, ਓਨੀ ਹੀ ਸੂਝ-ਬੂਝ ਨਾਲ ਸਾਨੂੰ ਪਰਿਵਾਰਕ ਮਿਲਣੀਆਂ ਦੀ ਪਰੰਪਰਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਨੌਜੁਆਨ, ਬਜੁਰਗਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਨ ਅਤੇ ਬਜੁਰਗ ਨੌਜੁਆਨਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਨ।

ਇਹ ਗੱਲ ਦੋ ਹਜ਼ਾਰ ਸਾਲ ਪਹਿਲਾਂ ਹੋਏ ਪ੍ਰਸਿੱਧ ਰੋਮਨ ਦਾਰਸ਼ਨਿਕ ਸਿਸਰੋ ਦੇ ਵਿਚਾਰਾਂ ਨਾਲ਼ ਮੇਲ਼ ਖਾਂਦੀ ਹੈ ਹੈ। ਉਸਦੇ ਅਨੁਸਾਰ ਉਹ ਜਵਾਨ ਚੰਗਾ ਹੁੰਦਾ ਹੈ ਜਿਸ ਵਿੱਚ ਬੁਜ਼ੁਰਗਾਂ ਵਾਲ਼ੀ ਸਿਆਣਪ ਹੋਵੇ, ਅਤੇ ਬੁਜ਼ੁਰਗ ਉਹ ਚੰਗਾ ਹੁੰਦਾ ਹੈ ਜਿਸ ਵਿੱਚ ਜਵਾਨਾਂ ਵਾਲ਼ੀ ਤਾਜ਼ਗੀ ਅਤੇ ਉਤਸ਼ਾਹ ਹੋਵੇ। ਸਿਆਣਪ ਤੋਂ ਬਿਨਾਂ ਜਵਾਨੀ ਬੇ-ਲਗਾਮ ਹੋ ਸਕਦੀ ਹੈ ਅਤੇ ਉਤਸ਼ਾਹ ਤੋਂ ਬਿਨਾਂ ਬੁਢਾਪਾ ਨਿਰਜੀਵ ਹੋ ਜਾਂਦਾ ਹੈ। ਸਿਸਰੋ ਦੇ ਵਿਚਾਰ ਦੀ ਪੇਚੀਦਗੀ ਇਹ ਹੈ ਕਿ ਬੁਜ਼ੁਰਗ ਤਾਂ ਜਵਾਨੀ ਨੂੰ ਸਮਝਦੇ ਹਨ, ਕਿਉਂਕਿ ਉਹ ਖੁਦ ਉਸ ਵਿੱਚੋਂ ਲੰਘ ਚੁੱਕੇ ਹੁੰਦੇ ਹਨ। ਪਰ ਜਵਾਨਾਂ ਨੂੰ, ਬਜ਼ੁਰਗਾਂ ਨਾਲ਼ ਤਾਲ-ਮੇਲ ਦੇ ਫ਼ਾਇਦਿਆਂ ਅਤੇ ਇਸ ਦੀ ਲੋੜ ਦਾ ਅਹਿਸਾਸ ਨਹੀਂ ਹੁੰਦਾ। ਪਰਿਵਾਰਕ ਮਿਲਣੀ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਸਿਰਫ਼ ਨੌਜਵਾਨਾਂ ਨੂੰ ਬਜ਼ੁਰਗਾਂ ਤੋਂ ਸਿੱਖਣ ਦਾ ਮੌਕਾ ਹੀ ਨਹੀਂ ਦਿੰਦੀ, ਸਗੋਂ ਬਜ਼ੁਰਗ ਵੀ ਨੌਜਵਾਨਾਂ ਤੋਂ ਬਦਲਦੀ ਦੁਨੀਆਂ, ਨਵੀਂ ਤਕਨਾਲੋਜੀ ਅਤੇ ਨਵੇਂ ਵਿਚਾਰ ਸਿੱਖ ਸਕਦੇ ਹਨ। ਬਜ਼ੁਰਗਾਂ ਕੋਲ ਜੀਵਨ ਦਾ ਤਜਰਬਾ ਹੈ ਅਤੇ ਨੌਜਵਾਨਾਂ ਕੋਲ ਨਵੀਂ ਦੁਨੀਆਂ ਨੂੰ ਸਮਝਣ ਦੀ ਤਾਜ਼ਗੀ। ਜਦੋਂ ਦੋਵੇਂ ਪੀੜ੍ਹੀਆਂ ਮਿਲ਼ ਕੇ ਇੱਕ ਮੇਜ਼ 'ਤੇ ਬੈਠਦੀਆਂ ਹਨ ਅਤੇ ਇਕੱਠੀਆਂ ਵਿਚਰਦੀਆਂ ਹਨ ਤਾਂ ਗਿਆਨ ਦਾ ਦਰਿਆ ਸਿਰਫ਼ ਇੱਕ ਪਾਸੇ ਨਹੀਂ ਵਗਦਾ, ਇਹ ਦੋਹਾਂ ਪਾਸਿਆਂ ਤੋਂ ਵਗਦਾ ਹੈ। ਬਜ਼ੁਰਗ ਅਤੀਤ ਦੀ ਯਾਦ ਲਿਆਉਂਦੇ ਹਨ, ਮਾਪੇ ਵਰਤਮਾਨ ਨੂੰ ਸੰਭਾਲਦੇ ਹਨ ਅਤੇ ਨੌਜਵਾਨ ਭਵਿੱਖ ਲਿਆਉਂਦੇ ਹਨ। ਪਰਿਵਾਰਕ ਮਿਲਣੀ ਉਹ ਥਾਂ ਹੈ ਜਿੱਥੇ ਇਹ ਤਿੰਨੇ ਸਮੇਂ —ਅਤੀਤ, ਵਰਤਮਾਨ ਅਤੇ ਭਵਿੱਖ ਇੱਕੋ ਮੇਜ਼ 'ਤੇ ਬੈਠਦੇ ਹਨ। ਪਰਿਵਾਰਾਂ ਦਾ ਮੁੜ-ਮਿਲਣਾ (Family Reunion) ਆਮ ਪਰਿਵਾਰਕ ਮਿਲਣੀਆਂ ਤੋਂ ਵੱਖਰਾ ਹੈ। ਦਰਅਸਲ, ਇਹ ਇਸ ਤੋਂ ਅਗਾਂਹ ਦੀ ਗੱਲ ਹੈ। ਪਰਿਵਾਰਕ ਮੁੜ-ਮਿਲਣੀਆਂ ਵਿੱਚ ਪਰਿਵਾਰ ਦੇ ਮੈਂਬਰਾਂ, ਨੇੜਲੇ ਰਿਸ਼ਤੇਦਾਰਾਂ ਅਤੇ ਬੱਚਿਆਂ ਨੂੰ ਇੱਕ ਦੂਸਰੇ ਨਾਲ ਮਿਲਣ ਦਾ ਬਹੁਤ ਵਧੀਆ ਮੌਕਾ ਮਿਲਦਾ ਹੈ। ਪੁਰਾਣੀ ਅਤੇ ਨਵੀਂ ਪੀੜ੍ਹੀ ਦਾ ਮੇਲ਼ ਹੁੰਦਾ ਹੈ, ਬੱਚਿਆਂ ਨੂੰ ਪਰਿਵਾਰਕ ਰਿਸ਼ਤਿਆਂ ਦੀ ਸਮਝ ਪੈਂਦੀ ਹੈ ਅਤੇ ਉਹ ਇੱਕ ਦੂਸਰੇ ਨੂੰ ਜਾਣਨ ਲੱਗਦੇ ਹਨ। ਇਹ ਪਰਿਵਾਰਕ ਮੁੜ-ਮਿਲਣੀਆਂ ਜ਼ਰੂਰੀ ਨਹੀਂ ਕਿ ਵੱਡੇ ਪੱਧਰ 'ਤੇ ਕਿਸੇ ਬੈਂਕੁਇਟ ਹਾਲ ਵਿੱਚ ਹੀ ਕੀਤੀਆਂ ਜਾਣ। ਸੀਮਤ ਰੂਪ ਵਿੱਚ ਇਹ ਘਰ ਦੇ ਪਿਛਵਾੜੇ 'ਬੈਕ-ਯਾਰਡ' ਵਿੱਚ ਵੀ ਆਯੋਜਿਤ ਕੀਤੀਆਂ ਜਾ ਸਕਦੀਆਂ ਹਨ। ਪਰ ਘਰਾਂ ਵਿੱਚ ਜਗ੍ਹਾ ਸੀਮਤ ਹੋਣ ਕਰਕੇ ਇੱਕ ਸਮੇਂ ਇੱਕ ਜਾਂ ਦੋ ਪਰਿਵਾਰਾਂ ਨੂੰ ਹੀ ਬੁਲਾਇਆ ਜਾ ਸਕਦਾ ਹੈ ਅਤੇ ਵੱਡੇ ਪੱਧਰ 'ਤੇ ਪਰਿਵਾਰਕ ਮਿਲਣੀਆਂ ਕਰਨ ਲਈ ਬੈਂਕੁਇਟ-ਹਾਲ ਜਾਂ ਕਿਸੇ ਰੈੱਸਟੋਰੈਂਟ ਦੇ ਛੋਟੇ ਜਾਂ ਦਰਮਿਆਨੇ ਹਾਲ ਦੀ ਜ਼ਰੂਰਤ ਪੈਂਦੀ ਹੈ।

ਪੈਸੇ ਦੀ ਦੌੜ ਵਿੱਚ ਅੱਜਕੱਲ੍ਹ ਜਨ-ਜੀਵਨ ਅਤੀ ਰੁਝੇਵਿਆਂ ਭਰਭੂਰ ਹੋ ਗਿਆ ਹੈ। ਇਨ੍ਹਾਂ ਕਥਿੱਤ 'ਵਿਕਸਿਤ ਅਖਵਾਉਂਦੇ ਦੇਸ਼ਾਂ' (Developed countries) ਵਿੱਚ ਪਰਿਵਾਰਾਂ ਦੇ ਬਾਲਗ ਮੈਂਬਰ ਆਪੋ-ਆਪਣੇ ਕਾਰੋਬਾਰਾਂ ਅਤੇ ਨੌਕਰੀਆਂ ਵਿੱਚ ਏਨੇ ਰੁੱਝੇ ਹੋਏ ਹਨ ਕਿ ਉਨ੍ਹਾਂ ਕੋਲ ਇੱਕ ਦੂਸਰੇ ਨਾਲ ਗੱਲਬਾਤ ਸਾਂਝੀ ਕਰਨ ਦੀ ਵਿਹਲ ਨਹੀਂ ਹੈ। ਕਈ 'ਇਕਹਿਰੇ ਪਰਿਵਾਰਾਂ' (Nuclear families) ਵਿੱਚ ਤਾਂ ਮੀਆਂ-ਬੀਵੀ ਹਫ਼ਤੇ ਦੇ ਅਖ਼ੀਰਲੇ ਦਿਨੀਂ (Weekends) ਹੀ ਚੱਜ ਨਾਲ ਇੱਕ ਦੂਸਰੇ ਨੂੰ ਮਿਲ਼ਦੇ ਹਨ। ਉਨ੍ਹਾਂ ਵਿੱਚੋਂ ਕੋਈ ਸਵੇਰ ਦੀ ਸ਼ਿਫ਼ਟ 'ਤੇ ਜਾਂਦਾ ਹੈ ਤੇ ਕੋਈ ਸ਼ਾਮ ਦੀ। ਹਫ਼ਤੇ ਦੇ ਵਿਚਲੇ ਦਿਨਾਂ ਵਿੱਚ ਤਾਂ ਉਨ੍ਹਾਂ ਵਿਚਕਾਰ ਮਸਾਂ 'ਹੈਲੋ-ਹਾਏ' ਹੀ ਹੁੰਦੀ ਹੈ। ਇਸ ਤੋਂ ਅਗਲੀ ਗੱਲ 'ਸੰਯੁਕਤ ਪਰਿਵਾਰਾਂ' (Joint families) ਅਤੇ 'ਵਿਸਤ੍ਰਿਤ ਪਰਿਵਾਰਾਂ' (Extended families) ਦੀ ਹੈ, ਜੋ ਕਿ ਦਾਦਾ-ਦਾਦੀ/ਨਾਨਾ-ਨਾਨੀ ਅਤੇ ਹੋਰ ਰਿਸ਼ਤੇਦਾਰਾਂ ਨੂੰ ਸ਼ਾਮਲ ਕਰਕੇ ਬਣਦੇ ਹਨ। ਇਹ ਇਕਹਿਰੇ ਪਰਿਵਾਰ ਤੋਂ ਪਰੇ ਦੀ ਗੱਲ ਹੈ। ਇਨ੍ਹਾਂ ਪਰਿਵਾਰਾਂ ਦੇ ਮੈਂਬਰਾਂ ਦਾ ਇੱਕ-ਦੂਸਰੇ ਨੂੰ ਮਿਲਣਾ-ਗਿਲਣਾ ਤਾਂ ਇੱਕ ਪਾਸੇ ਰਿਹਾ, ਉਨ੍ਹਾਂ ਵਿੱਚੋਂ ਕਈ ਇੱਕ ਦੂਜੇ ਦਾ ਨਾਂ ਤੱਕ ਵੀ ਨਹੀਂ ਜਾਣਦੇ। ਉਨ੍ਹਾਂ ਵਿੱਚੋਂ ਬਹੁਤ ਸਾਰੇ ਅੱਜਕੱਲ੍ਹ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਰਹਿੰਦੇ ਹਨ ਅਤੇ ਕਈ ਵੱਖ-ਵੱਖ ਦੇਸ਼ਾਂ ਵਿੱਚ ਵੀ ਹੁੰਦੇ ਹਨ। ਅਜਿਹੀ ਹਾਲਤ ਵਿੱਚ ਉਹ ਇੱਕ ਦੂਸਰੇ ਨੂੰ ਜਾਣ ਵੀ ਕਿਵੇਂ ਸਕਦੇ ਹਨ? ਉਂਜ, ਵੇਖਿਆ ਜਾਏ ਤਾਂ ਹਰੇਕ ਇਨਸਾਨ ਵਿੱਚ ਆਪਣੇ ਪਰਿਵਾਰ ਦੇ ਵੱਡੇ ਜੀਆਂ ਨੂੰ ਮਿਲਣ ਅਤੇ ਆਪਣੇ ਪਰਿਵਾਰਕ ਪਿਛੋਕੜ ਬਾਰੇ ਜਾਣਨ ਦੀ ਇੱਛਾ ਜ਼ਰੂਰ ਹੁੰਦੀ ਹੈ। ਉਹ ਕਈ ਵਾਰ ਇਕੱਲਾ ਬੈਠਾ ਆਪਣੀਆਂ 'ਜੜ੍ਹਾਂ' ਨੂੰ ਲੱਭਣ ਤੇ ਉਨ੍ਹਾਂ ਨੂੰ ਡੂੰਘਾਈ ਨਾਲ ਤਲਾਸ਼ਣ ਦਾ ਯਤਨ ਕਰਦਾ ਹੈ। ਉਹ ਜਾਣਨਾ ਚਾਹੁੰਦਾ ਹੈ ਕਿ ਉਸਦੇ ਵੱਡ-ਵਡੇਰੇ 'ਪੁਰਖ਼ੇ' ਕੌਣ ਸਨ? ਉਹ ਕਿੱਥੇ-ਕਿੱਥੇ ਰਹਿੰਦੇ ਤੇ ਕਿਵੇਂ ਵਿਚਰਦੇ ਰਹੇ ਹਨ? ਉਨ੍ਹਾਂ ਦੀ ਆਪਸੀ ਸਾਂਝ ਕਿਹੋ ਜਿਹੀ ਸੀ? ਪਰਿਵਾਰਕ ਮਿਲਣੀਆਂ ਨਾਲ ਸਾਨੂੰ ਆਪਣੇ 'ਫੈਮਿਲੀ ਟਰੀ' (Family Tree) ਬਾਰੇ ਪਤਾ ਲੱਗਦਾ ਹੈ। ਸਾਡੇ ਪੁਰਖ਼ਿਆਂ ਦਾ ਪਿਛੋਕੜ ਕੀ ਸੀ ਅਤੇ ਸਾਡੇ ਦਾਦੇ, ਪੜਦਾਦੇ ਤੇ ਨਕੜਦਾਦੇ ਕੌਣ ਸਨ। ਇਹ ਮਿਲਣੀਆਂ ਸਾਡੇ 'ਫੈਮਿਲੀ ਟਰੀ' ਨੂੰ ਮਜ਼ਬੂਤ ਕਰਦੀਆਂ ਹਨ ਅਤੇ ਉਸ ਨੂੰ ਹੋਰ ਅੱਗੇ ਵਧਾਉਂਦੀਆਂ ਹਨ। ਇਨ੍ਹਾਂ ਨਾਲ ਸਾਡੀ ਸਮਾਜਿਕ ਤੇ ਸੱਭਿਆਚਾਰਕ ਸਾਂਝ ਵਿੱਚ ਵਾਧਾ ਹੁੰਦਾ ਹੈ ਅਤੇ ਅਗਲੀ ਪੀੜ੍ਹੀ ਦੇ ਬੱਚਿਆਂ ਵਿੱਚ ਤਾਲ-ਮੇਲ ਵੱਧਦਾ ਹੈ। ਇਸ ਸਮਾਜਿਕ ਸਾਂਝ ਤੇ ਤਾਲ-ਮੇਲ ਦੀ ਅੱਜ ਦੇ ਯੁੱਗ ਵਿੱਚ ਵਧੇਰੇ ਲੋੜ ਹੈ।



ਪਰਿਵਾਰਕ ਰਿਸ਼ਤਿਆਂ ਵਿਚਕਾਰ ਦੂਰੀਆਂ ਨੂੰ ਘਟਾਉਣ ਅਤੇ ਉਨ੍ਹਾਂ ਨੂੰ ਆਪਸ ਵਿੱਚ ਮੁੜ ਮਿਲਾਉਣ ਲਈ 'ਝੰਡ ਪਰਿਵਾਰ' ਵੱਲੋਂ ਇੱਕ ਖ਼ੂਬਸੂਰਤ ਅਤੇ ਸੁਹਿਰਦ ਯਤਨ ਵਜੋਂ ਕੈਨੇਡਾ ਦੇ ਸੂਬੇ ਅਲਬਰਟਾ ਦੇ ਸ਼ਹਿਰ ਕੈਲਗਰੀ ਵਿੱਚ ਪਹਿਲੀ ਅਗਸਤ ਤੋਂ 7 ਅਗਸਤ 2026 ਤੱਕ 'ਪਰਿਵਾਰਕ ਮੁੜ-ਮਿਲਣੀ' ਆਯੋਜਿਤ ਕੀਤੀ ਗਈ। ਇਸਦੇ ਲਈ ਕੈਲਗਰੀ ਸ਼ਹਿਰ ਦੀ ਚੋਣ ਕਰਨ ਦਾ ਮੁੱਖ ਕਾਰਨ ਇੱਥੇ ਇਸ ਝੰਡ ਪਰਿਵਾਰ ਦੇ ਚਾਰ ਪਰਿਵਾਰਾਂ ਦੀ ਪਿਛਲੇ ਕਈ ਸਾਲਾਂ ਤੋਂ ਪੱਕੀ ਰਿਹਾਇਸ਼ ਦਾ ਹੋਣਾ ਸੀ ਅਤੇ ਇਸਦੇ ਨਾਲ ਹੀ ਇਸ ਤੋਂ ਲੱਗਭੱਗ 200 ਕਿਲੋਮੀਟਰ ਦੂਰ ਪੈਂਦੇ ਸ਼ਹਿਰ ਐਡਮੰਟਨ ਵਿੱਚ ਇਸ ਪਰਿਵਾਰ ਦੀ ਇੱਕ ਹੋਰ ਸ਼ਾਖ ਦਾ 'ਬਸੇਰਾ' ਵੀ ਇਸ ਚੋਣ ਵਿੱਚ ਵਾਧਾ ਕਰਦਾ ਸੀ। ਉਹ ਸਾਰੇ ਮਿਲ਼ ਕੇ ਮੇਜ਼ਬਾਨੀ ਕਰਕੇ ਇਸ ਪਰਿਵਾਰਕ ਮੁੜ-ਮਿਲਣੀ ਦਾ ਵਧੀਆ ਪ੍ਰਬੰਧ ਕਰ ਸਕਦੇ ਸਨ ਅਤੇ ਉਨ੍ਹਾਂ ਨੇ ਇਹ ਸਫ਼ਲਤਾ ਪੂਰਵਕ ਕਰ ਵਿਖਾਇਆ ਵੀ। ਪਰਿਵਾਰ ਦੇ ਹੋਰ ਮੈਂਬਰਾਂ ਨੇ ਓਨਟਾਰੀਓ ਦੇ ਸ਼ਹਿਰਾਂ ਬਰੈਂਪਟਨ ਤੇ ਸਡਬਰੀ, ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਤੇ ਸਰੀ ਅਤੇ ਅਮਰੀਕਾ ਦੇ ਸ਼ਹਿਰਾਂ ਸੈਨ ਐਨਟਾਨੀਓ, ਰੈੱਡਵੁੱਡ ਸਿਟੀ ਤੇ ਨਿਊਯਾਰਕ ਤੋਂ ਆਉਣਾ ਸੀ। ਸਬੱਬ ਨਾਲ ਇੱਕ ਪਰਿਵਾਰ ਦੇ ਦੋ ਮੈਂਬਰ ਇਹਨੀ ਦਿਨੀਂ ਪਟਿਆਲੇ ਤੋਂ ਆਪਣੇ ਬੱਚਿਆਂ ਨੂੰ ਮਿਲਣ ਲਈ ਸਰੀ ਬੀ.ਸੀ. ਆਏ ਹੋਏ ਸਨ ਅਤੇ ਉਨ੍ਹਾਂ ਵੱਲੋਂ ਵੀ ਇਸ ਪਰਿਵਾਰਕ ਮੁੜ-ਮਿਲਣੀ ਵਿੱਚ ਵਧੀਆ ਵਾਧਾ ਕੀਤਾ ਗਿਆ।

ਇਸ ਪਰਿਵਾਰਕ ਮੁੜ-ਮਿਲਣੀ ਦੇ ਮੁੱਖ-ਪ੍ਰਬੰਧਕਾਂ ਡਾ. ਪਲਵਿੰਦਰਜੀਤ ਸਿੰਘ ਝੰਡ ਅਤੇ ਡਾ. ਸੁਖਵਿੰਦਰ ਸਿੰਘ ਬਿੰਦ ਵੱਲੋਂ ਇਸਦਾ ਪ੍ਰੋਗਰਾਮ ਲੱਗਭੱਗ ਅੱਠ ਮਹੀਨੇ ਪਹਿਲਾਂ ਹੀ ਇੱਕ ਹਫ਼ਤੇ ਲਈ ਉਲੀਕ ਲਿਆ ਗਿਆ ਸੀ। ਇਸਦੇ ਲਈ ਵੱਖ-ਵੱਖ ਝੰਡ ਪਰਿਵਾਰ ਦੇ ਸਮੂਹ ਮੈਂਬਰਾਂ ਨੂੰ 31 ਜੁਲਾਈ ਜਾਂ ਇਸ ਤੋਂ ਇੱਕ-ਦੋ ਦਿਨ ਪਹਿਲਾਂ ਕੈਲਗਰੀ ਪਹੁੰਚਣ ਦੀ ਤਾਕੀਦ ਕੀਤੀ ਗਈ ਸੀ। ਸਾਡੇ ਵਰਗੇ ਕਈ ਸੀਨੀਅਰ ਮੈਂਬਰ ਤਾਂ ਇਸ ਤੋਂ ਤਿੰਨ ਦਿਨ ਪਹਿਲਾਂ 28 ਜੁਲਾਈ ਨੂੰ ਹੀ ਪਹੁੰਚ ਗਏ। ਕੁਝ ਮੈਂਬਰ 30 ਜੁਲਾਈ ਨੂੰ ਆਏ। ਕਈ ਇਸਦੇ ਲਈ ਨਿਸਚਤ ਕੀਤੇ ਗਏ ਦਿਨ 31 ਜੁਲਾਈ ਦੀ ਸਵੇਰ ਨੂੰ ਆਏ ਤੇ ਕਈ ਬਾਅਦ ਦੁਪਹਿਰ ਵੀ ਪਹੁੰਚੇ। ਅਜਿਹੇ ਮੌਕਿਆਂ 'ਤੇ ਪਹੁੰਚਣ ਦੀ ਹਰੇਕ ਦੀ ਆਪੋ-ਆਪਣੀ ਮਜਬੂਰੀ ਹੋ ਜਾਂਦੀ ਹੈ। ਪ੍ਰਬੰਧਕਾਂ ਵੱਲੋਂ ਪਰਿਵਾਰਕ ਮੁੜ-ਮਿਲਣੀ ਦਾ ਮੁੱਖ-ਸਮਾਗ਼ਮ ਕੈਲਗਰੀ ਦੇ ਰੈੱਸਟੋਰੈਂਟ 'ਫ਼ਹਾਦ' ਦੇ ਬੇਸਮੈਂਟ-ਹਾਲ ਵਿੱਚ ਰੱਖਿਆ ਗਿਆ। ਹਾਲ ਵਿੱਚ ਡੱਠੇ 9 ਗੋਲ਼ ਮੇਜ਼ਾਂ ਦੇ ਆਲ਼ੇ-ਦੁਆਲੇ 10-10 ਕੁਰਸੀਆਂ ਸਜਾਈਆਂ ਹੋਈਆਂ ਸਨ। ਇਸ ਤਰ੍ਹਾਂ ਇਸ ਸਮਾਗ਼ਮ ਵਿੱਚ 12 ਝੰਡ ਪਰਿਵਾਰਾਂ ਦੇ 70 ਤੋਂ ਉੱਪਰ ਮੈਂਬਰ ਸ਼ਾਮਲ ਹੋਏ। ਟੇਬਲਾਂ ਉੱਪਰ ਹਰੇਕ ਪਰਿਵਾਰ ਦੇ 'ਮੁਖੀ' ਦਾ ਨਾਂ ਕਾਰਡ ਬੋਰਡ ਉੱਪਰ ਮੋਟੇ ਅੱਖਰਾਂ ਵਿੱਚ ਲਿਖ ਕੇ ਲਗਾਇਆ ਗਿਆ ਤਾਂ ਜੋ ਇੱਕ ਪਰਿਵਾਰ ਦੇ ਮੈਂਬਰ ਇੱਕ ਹੀ ਟੇਬਲ ਦੁਆਲੇ ਬੈਠਣ। ਹਾਲ ਦੀਆਂ ਦੀਵਾਰਾਂ ਵਿੱਚ ਪਹਿਲਾਂ ਤੋਂ ਬਣਾਈਆਂ ਗਈਆਂ ਵਿਸ਼ੇਸ਼ ਥਾਵਾਂ ਉੱਪਰ ਝੰਡ ਪਰਿਵਾਰ ਦਾ 'ਮੁੱਖ ਫੈਮਿਲੀ ਟਰੀ' ਜੋ ਇਸ ਪਰਿਵਾਰ ਦੀਆਂ 18 ਪੀੜ੍ਹੀਆਂ ਨੂੰ ਬਾਖ਼ੂਬੀ ਦਰਸਾ ਰਿਹਾ ਸੀ ਅਤੇ ਇਸਦੇ ਨਾਲ ਹੀ ਅੱਗੋਂ ਹਰੇਕ ਪਰਿਵਾਰ ਦੇ ਵੱਖੋ-ਵੱਖਰੇ 'ਫੈਮਿਲੀ ਟਰੀ' ਵੱਖ-ਵੱਖ ਨਿਸਚਤ ਕੀਤੀਆਂ ਗਈਆਂ ਥਾਵਾਂ 'ਤੇ ਚਾਰਟਾਂ ਦੇ ਰੂਪ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਪਹਿਲਾਂ ਤੋਂ ਤਿਆਰ ਕੀਤੇ ਹੋਏ, ਲਗਾਏ ਗਏ ਸਨ। ਹਰੇਕ ਪਰਿਵਾਰ ਦੇ ਮੈਂਬਰ ਇਹ ਚਾਰਟ ਬੜੇ ਗਹੁ ਨਾਲ ਵੇਖ ਰਹੇ ਸਨ ਅਤੇ ਆਪਣੇ ਪਰਿਵਾਰ ਦੀਆਂ ਜੜ੍ਹਾਂ ਝੰਡ ਪਰਿਵਾਰ ਦੇ 'ਮੁੱਖ ਚਾਰਟ' ਵਿੱਚੋਂ ਲੱਭ ਰਹੇ ਹਨ। ਇਨ੍ਹਾਂ ਪਰਿਵਾਰਾਂ ਦੇ ਬਾਲਗ ਮੈਂਬਰ ਤਾਂ ਪੰਜਾਬੀ ਵਾਲੇ ਚਾਰਟ ਹੀ ਵੇਖ ਰਹੇ ਸਨ ਪਰ ਅਜੋਕੀ ਪੀੜ੍ਹੀ ਦੇ ਕਈ ਮੈਂਬਰਾਂ ਨੂੰ ਪੰਜਾਬੀ ਪੜ੍ਹਨੀ ਨਾ ਆਉਣ ਕਰਕੇ ਉਹ ਇਹ ਚਾਰਟ ਅੰਗਰੇਜ਼ੀ ਵਿੱਚ ਦੇਖ ਰਹੇ ਸਨ।

ਚਾਹ-ਪਾਣੀ ਅਤੇ ਸਨੈਕਸ ਲੈਣ ਤੋਂ ਬਾਅ ਸ਼ਾਮ ਦੇ ਸਾਢੇ ਪੰਜ ਵਜੇ ਇਸ ਪਰਿਵਾਰਕ ਮਿਲਣੀ ਦਾ ਸ਼ੁਭ-ਆਰੰਭ ਹੋਇਆ। ਮੇਜ਼ਬਾਨ ਪਰਿਵਾਰਾਂ ਦੀ ਮੁਖੀ ਗੁਰਚਰਨ ਕੌਰ ਥਿੰਦ ਵੱਲੋਂ ਆਏ ਸਮੂਹ ਝੰਡ ਪਰਿਵਾਰਾਂ ਨੂੰ ਬੜੇ ਭਾਵਪੂਰਤ ਸ਼ਬਦਾਂ ਵਿੱਚ 'ਜੀ ਆਇਆਂ' ਕਿਹਾ ਗਿਆ। ਮੰਚ-ਸੰਚਾਲਕ ਦੀ ਭੂਮਿਕਾ ਨਿਭਾ ਰਹੀ ਬੇਟੀ ਅਵਨੀਤ ਉਰਫ਼ ਡਿੰਪਲ, ਵਰਦੀਪ ਤੇ ਨਿਸ਼ਜੋਤ ਵੱਲੋਂ ਹਰੇਕ ਪਰਿਵਾਰ ਨੂੰ ਫੁੱਲਾਂ ਤੇ ਰੰਗ-ਬਿਰੰਗੇ ਗ਼ੁਬਾਰਿਆਂ ਨਾਲ ਸਜੇ ਹੋਏ ਖ਼ੂਬਸੂਰਤ ਮੰਚ 'ਤੇ ਆਉਣ ਅਤੇ ਪਰਿਵਾਰ ਦੇ ਮੁਖੀ ਵੱਲੋਂ ਆਪਣੇ ਮੈਂਬਰਾਂ ਦੀ ਜਾਣ-ਪਛਾਣ ਕਰਵਾਉਣ ਲਈ ਕਿਹਾ ਗਿਆ, ਜਿਸ ਦੀ ਪਾਲਣਾ ਕਰਦਿਆਂ ਹੋਇਆਂ ਵਾਰੋ-ਵਾਰੀ ਸਾਰੇ ਪਰਿਵਾਰ ਮੰਚ ਉੱਪਰ ਆਏ। ਪ੍ਰੋਫ਼ੈਸ਼ਨਲ ਫ਼ੋਟੋਗ੍ਰਾਫ਼ਰ ਵੱਲੋਂ ਉਨ੍ਹਾਂ ਦੀਆਂ ਤਸਵੀਰਾਂ ਲਈਆਂ ਗਈਆਂ ਅਤੇ ਪਰਿਵਾਰਕ ਮੁਖੀਆਂ ਵੱਲੋਂ ਪਰਿਵਾਰ ਦੇ ਹਰੇਕ ਮੈਂਬਰ ਦਾ ਨਾਂ ਲੈ ਕੇ ਜਾਣ-ਪਛਾਣ ਕਰਵਾਈ ਗਈ ਅਤੇ ਨਾਲ ਹੀ ਉਨ੍ਹਾਂ ਦੀ ਖ਼ਾਸੀਅਤ ਵੀ ਦੱਸੀ ਗਈ।

ਫਿਰ ਵਾਰੀ ਆਈ ਮੰਚ ਉੱਪਰ ਡਾਂਸ ਕਰਨ ਦੀ, ਜਿਸ ਦੀ ਸ਼ੁਰੂਆਤ ਛੋਟੇ ਬੱਚਿਆਂ ਵੱਲੋਂ ਕੀਤੀ ਗਈ। ਸੱਭ ਤੋਂ ਪਹਿਲਾਂ ਨਿਊਯਾਰਕ ਤੋਂ ਆਈ ਭਾਣਜੀ ਜੈਸਮੀਨ ਉਰਫ਼ 'ਮੀਨੂ' ਦੇ ਬੱਚਿਆਂ ਕਰੈਸਿਡਾ ਤੇ ਥੀਓ, ਮੇਰੇ ਛੋਟੇ ਪੋਤਰੇ ਰੌਨਿਧ ਅਤੇ ਐਡਮਿੰਟਨ ਤੋਂ ਆਈ ਭਤੀਜੀ ਕੁਲਵਿੰਦਰ ਦੀ ਪੋਤਰੀ ਅਸੀਸ ਨੇ ਇਕ ਅੰਗਰੇਜ਼ੀ ਗਾਣੇ 'ਤੇ ਡਾਂਸ ਕੀਤਾ, ਜਿਸ ਦੀ ਸਾਰਿਆਂ ਵੱਲੋਂ ਭਰਪੂਰ ਸ਼ਲਾਘਾ ਹੋਈ। ਉਸ ਤੋਂ ਬਾਅਦ ਵੱਡੇ ਬੱਚਿਆਂ ਉਦੇਸ਼, ਸਮਰਿੱਧ, ਹਰਮਨ, ਖ਼ੁਸ਼ਮੀਤ, ਮਨਪ੍ਰੀਤ ਅਤੇ ਵਰਦੀਪ ਵੱਲੋਂ ਇਕ ਪੰਜਾਬੀ ਗੀਤ ਉੱਪਰ ਭੰਗੜੇ ਦੀ ਸ਼ਾਨਦਾਰ ਆਈਟਮ ਪੇਸ਼ ਕੀਤੀ ਗਈ। ਸਟੇਜ ਉੱਪਰ ਉਨ੍ਹਾਂ ਦੇ ਵਧੀਆ ਤਾਲ-ਮੇਲ ਤੋਂ ਪਤਾ ਲੱਗਦਾ ਸੀ ਕਿ ਇਨ੍ਹਾਂ ਨੇ ਇਸ ਦੀ ਪਹਿਲਾਂ ਕਾਫ਼ੀ ਪ੍ਰੈਕਟਿਸ ਕੀਤੀ ਹੋਈ ਹੈ। ਅਮਰੀਕਾ ਤੋਂ ਆਈ ਨਿਰਮਲ ਕੌਰ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਇੱਕ ਪੰਜਾਬੀ ਗੀਤ ਸੁਣਾਇਆ ਅਤੇ ਕੈਲਗਰੀ ਦੇ ਨੇੜਲੇ ਸ਼ਹਿਰ ਚੈਸਟਰਮੇਅਰ ਤੋਂ ਪਧਾਰੀ ਪਰਵਿੰਦਰ ਕੌਰ ਵੱਲੋਂ ਇੱਕ ਲੋਕ-ਗੀਤ ਪੇਸ਼ ਕੀਤਾ ਗਿਆ। ਇਨ੍ਹਾਂ ਸਾਰੀਆਂ ਆਈਟਮਾਂ ਨੂੰ ਸਰੋਤਿਆਂ ਤੋਂ ਬੁਲੰਦ ਤਾੜੀਆਂ ਦੀ ਭਰਪੂਰ ਦਾਦ ਪ੍ਰਾਪਤ ਹੋਈ। ਸੈਨ ਓਨਟਾਨੀਓ ਤੋਂ ਆਈ ਬੇਟੀ ਗਗਨਦੀਪ ਵੱਲੋਂ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਬਾਰੇ ਖ਼ੂਬਸੂਰਤ ਵਿਚਾਰ ਪੇਸ਼ ਕੀਤੇ ਗਏ। ਏਸੇ ਤਰ੍ਹਾਂ ਬੇਟੀ ਅਵਨੀਤ (ਡਿੰਪਲ) ਦੇ ਬੇਟੇ ਉਸਤਤ ਨੇ ਵੀ ਫੈਮਿਲੀ ਸਿਸਟਮ ਬਾਰੇ ਬਾਖ਼ੂਬੀ ਚਾਨਣਾ ਪਾਇਆ। ਇਨ੍ਹਾਂ ਦੋਹਾਂ ਦੇ ਵਿਚਾਰਾਂ ਨੂੰ ਵੀ ਸਰੋਤਿਆਂ ਵੱਲੋਂ ਭਰਪੂਰ ਸਲਾਹਿਆ ਗਿਆ। ਸਮਾਗ਼ਮ ਦੇ ਇਸ ਭਾਗ ਦੇ ਅਖ਼ੀਰ ਵੱਲ ਵੱਧਦਿਆਂ ਅਮਰੀਕਾ ਦੇ ਰੈੱਡਵੁੱਡ ਸਿਟੀ ਤੋਂ ਪਧਾਰੇ ਦੋਸਤ ਗੁਰਦੇਵ ਸਿੰਘ 'ਤੀਰ' ਨੇ ਝੰਡ ਪਰਿਵਾਰ ਨਾਲ 1969-70 ਤੋਂ ਆਰੰਭ ਹੋਈ ਆਪਣੀ ਪੁਰਾਣੀ ਤੇ ਭਾਵੁਕ ਸਾਂਝ ਨੂੰ ਮੁੜ ਤਾਜ਼ਾ ਕਰਦਿਆਂ ਹੋਇਆਂ ਇਸ ਪਰਿਵਾਰ ਦੇ ਵਡੇਰਿਆਂ ਨੂੰ ਬਾਖ਼ੂਬੀ ਯਾਦ ਕੀਤਾ ਅਤੇ ਨਾਲ ਹੀ ਪਰਿਵਾਰਕ ਕਦਰਾਂ-ਕੀਮਤਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।



ਅਖ਼ੀਰ ਵਿੱਚ ਇਨ੍ਹਾਂ ਸਤਰਾਂ ਦੇ ਲੇਖਕ ਡਾ. ਸੁਖਦੇਵ ਸਿੰਘ ਝੰਡ ਨੇ ਝੰਡ ਪਰਿਵਾਰ ਦੇ ਮੁਖੀ 'ਬਾਬਾ ਝੰਡ' ਦੇ ਪੰਦਰਵੀ ਸਦੀ ਵਿੱਚ ਇਸ ਜਗਤ ਨੂੰ ਤਾਰਨ ਆਏ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਗੂੜ੍ਹੇ ਸਾਥੀ ਬਾਬਾ ਮਰਦਾਨਾ ਜੀ ਦੇ ਸਮਕਾਲੀ ਹੋਣ ਦਾ ਜ਼ਿਕਰ ਕਰਦਿਆਂ ਆਪਣੇ ਪਿਤਾ ਜੀ ਸ. ਵਰਿਆਮ ਸਿੰਘ ਨੂੰ ਉਨ੍ਹਾਂ ਦੀ ਸਵੈ-ਜੀਵਨੀ 'ਮੇਰੇ ਜੀਵਨ ਦੀਆਂ ਯਾਦਾਂ' ਦੇ ਹਵਾਲੇ ਨਾਲ ਝੰਡ ਪਰਿਵਾਰ ਦੀ ਪੰਦਰਵੀਂ ਪੀੜ੍ਹੀ ਦੇ ਬਸ਼ਿੰਦੇ ਹੋਣ ਬਾਰੇ ਦੱਸਿਆ। ਇਸ ਹਿਸਾਬ ਨਾਲ ਉਸ ਸਮੇਂ ਹਾਲ ਵਿੱਚ ਇਸ ਝੰਡ ਪਰਿਵਾਰ ਦੀ ਸੋਲ੍ਹਵੀਂ, ਸਤਾਰਵੀਂ ਅਤੇ ਅਠਾਰਵੀਂ ਪੀੜ੍ਹੀ ਦੇ ਬਜ਼ੁਰਗ, ਨੌਜੁਆਨ ਤੇ ਬੱਚੇ ਬੈਠੇ ਹੋਏ ਸਨ। ਉਨ੍ਹਾਂ ਵੱਲੋਂ ਸਮਾਗਮ ਵਿੱਚ ਸ਼ਾਮਲ ਹੋਏ ਝੰਡ ਪਰਿਵਾਰ ਦੇ ਸਮੂਹ ਮੈਂਬਰਾਂ ਤੇ ਸਮਾਗਮ ਦੇ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ ਅਤੇ ਅੱਗੋਂ ਵੀ ਇਹੋ ਜਿਹੇ ਮੁੜ-ਮਿਲਣੀ ਸਮਾਗ਼ਮ ਜਾਰੀ ਰੱਖਣ ਲਈ ਕਿਹਾ ਗਿਆ। ਇਸਦੇ ਲਈ ਉਨ੍ਹਾਂ ਵੱਲੋਂ ਪਰਿਵਾਰਕ ਮੁੜ-ਮਿਲਣੀ ਦਾ ਅਗਲਾ ਸਮਾਗ਼ਮ ਬਰੈਂਪਟਨ ਵਿੱਚ ਰੱਖਣ ਦਾ ਸੱਦਾ ਦਿੱਤਾ ਗਿਆ।

ਉਪਰੰਤ, ਸਾਰਿਆਂ ਨੇ ਸੁਆਦਲੇ ਖਾਣੇ ਦਾ ਭਰਪੂਰ ਅਨੰਦ ਮਾਣਿਆਂ ਅਤੇ ਫਿਰ ਡੀ.ਜੇ. ਉੱਪਰ ਪੰਜਾਬੀ ਗਾਣਿਆਂ ਉੱਪਰ ਡਾਂਸ, ਭੰਗੜਾ ਅਤੇ ਗਿੱਧੇ ਦਾ ਸਿਲਸਿਲਾ ਸ਼ੁਰੂ ਹੋਗਿਆ ਜੋ ਰਾਤ ਦੇ 10.30 ਵਜੇ ਤੱਕ ਚੱਲਦਾ ਰਿਹਾ। ਇਸ ਦੌਰਾਨ ਹੋਰ ਗਾਣਿਆਂ ਦੇ ਨਾਲ-ਨਾਲ ਪਰਿਵਾਰ ਦੇ ਸੀਨੀਅਰ ਮੈਂਬਰਾਂ ਨੇ ਗੁਰਦਾਸ ਮਾਨ ਦੇ ਗਾਏ ਗਾਣੇ "ਬਾਬੇ ਭੰਗੜਾ ਪਾਉਂਦੇ ਨੇ" ਉੱਪਰ ਭੰਗੜਾ ਪਾਇਆ। ਸਾਰੇ ਇਸ ਸਮਾਗਮ ਦੀ ਬੇਹੱਦ ਸਰਾਹਨਾ ਕਰ ਰਹੇ ਸਨ ਅਤੇ ਅਗਲਾ ਸਮਾਗਮ ਜਲਦੀ ਹੀ ਕਰਨ ਲਈ ਕਹਿ ਰਹੇ ਸਨ। ਇਸ ਸਮਾਗਮ ਸਦਕਾ ਕਈ ਮੈਂਬਰ ਤਾਂ 20 ਤੋਂ 25 ਸਾਲ ਬਾਅਦ ਮਿਲੇ ਸਨ ਅਤੇ ਕਈਆਂ ਦੀ ਮੁਲਾਕਾਤ ਪਹਿਲੀ ਵਾਰ ਹੀ ਹੋਈ ਸੀ। ਬੱਚਿਆਂ ਵਿੱਚੋਂ ਬਹੁਤ ਸਾਰੇ ਇੱਕ ਦੂਸਰੇ ਨੂੰ ਪਹਿਲੀ ਵਾਰ ਹੀ ਮਿਲ ਰਹੇ ਸਨ ਅਤੇ ਹਰ ਕੋਈ ਦੂਸਰੇ ਨੂੰ ਆਪਣੇ ਕੋਲ ਆਉਣ ਦਾ ਸੱਦਾ ਦੇ ਰਿਹਾ ਸੀ। ਇਸ ਤੋਂ ਅਗਲੇ ਛੇ ਦਿਨ੍ਹਾਂ ਵਿੱਚ ਪਰਿਵਾਰ ਦੇ ਸਾਰੇ ਮੈਂਬਰਾਂ ਵੱਲੋਂ ਮਿਲ ਕੇ ਬੈਂਫ਼, ਬਾਰ-ਯੂ-ਰੈਂਚ, ਐਡਮੰਟਨ, ਚੈੱਸਰਮੇਅਰ, ਗੋਲਡਨ ਵਾਟਰ ਫਾਲਜ਼, ਬੋ ਲੇਕ, ਆਦਿ ਥਾਵਾਂ 'ਤੇ ਪਿਕਨਿਕ ਰੂਪੀ ਯਾਤਰਾਵਾਂ ਦਾ ਭਰਪੂਰ ਲੁਤਫ਼ ਉਠਾਇਆ ਗਿਆ। ਇਸ ਤੋਂ ਬਾਅਦ ਪਰਿਵਾਰ ਦੇ ਕੁਝ ਮੈਂਬਰਾਂ ਵੱਲੋਂ ਬੀ ਸੀ ਦੇ ਸ਼ਹਿਰਾਂ ਕੈਮਲੂਪਸ, ਵਿਸਲਰ, ਵੈਨਕੂਵਰ, ਵਿਕਟੋਰੀਆ, ਸਰੀ, ਡੈਲਟਾ, ਐਬਸਫੋਰਡ, ਆਦਿ ਦਾ ਵੀ ਇੱਕ ਹਫ਼ਤੇ ਲਈ ਟੂਰ ਲਗਾਇਆ ਗਿਆ। ਇਸ ਤਰ੍ਹਾਂ ਝੰਡ ਪਰਿਵਾਰ ਦੇ ਮੈਂਬਰਾਂ ਲਈ ਇਹ ਪਰਿਵਾਰਕ ਮੁੜ-ਮਿਲਣੀ ਖ਼ੂਬਸੂਰਤ ਯਾਦਗਾਰੀ ਈਵੈਂਟ ਬਣ ਗਿਆ।

ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128

CANADIAN TRUCK TRAINING CENTRE






ਤਸੱਲੀਬਖ਼ਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ
*ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
*ਕੰਮ ਲੱਭ ਕੇ ਦੇਣ ਦੀ ਵੀ ਗਰੰਟੀ
Approved private career college,
Training Classes for Air Brakes,
Dangerous Goods & Log Book
7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਸ਼ੀਰੀਂ-ਫਰਹਾਦ

ਪੇਸ਼ਕਸ਼ ਬਲਰਾਜ ਸਿੰਘ ਸਿੱਧੂ

ਅਰਮੀਨੀਆ ਦੀ ਸ਼ਹਿਜ਼ਾਦੀ ਸ਼ੀਰੀਂ ਦੀ ਖ਼ੂਬਸੂਰਤੀ ਦੇ ਚਰਚੇ ਦੂਰ-ਦੂਰ ਤੱਕ ਸਨ। ਜਦੋਂ ਫਾਰਸ (ਪਰਸ਼ੀਆ ਮੌਜੂਦਾ ਇਰਾਨ) ਦੇ ਬਾਦਸ਼ਾਹ ਖੁਸਰੋ ਨੇ ਸ਼ੀਰੀਂ ਦੀ ਇੱਕ ਤਸਵੀਰ ਦੇਖੀ, ਤਾਂ ਉਹ ਪਹਿਲੀ ਹੀ ਨਜ਼ਰ ਵਿੱਚ ਉਸ ਦੀ ਖ਼ੂਬਸੂਰਤੀ 'ਤੇ ਫਿਦਾ ਹੋ ਗਿਆ। ਉਸ ਨੇ ਤੁਰੰਤ ਆਪਣੇ ਸਿਪਾਹਸਾਲਾਰ ਦੇ ਹੱਥ ਸ਼ੀਰੀਂ ਲਈ ਵਿਆਹ ਦਾ ਪੈਗਾਮ ਭੇਜਿਆ।

ਸ਼ੀਰੀਂ ਨੇ ਖੁਸਰੋ ਦਾ ਪ੍ਰਸਤਾਵ ਸੁਣ ਕੇ ਇੱਕ ਅਨੋਖੀ ਸ਼ਰਤ ਰੱਖੀ। ਉਸ ਨੇ ਕਿਹਾ, "ਮੈਂ ਵਿਆਹ ਲਈ ਤਿਆਰ ਹਾਂ, ਪਰ ਮੇਰੀ ਇੱਕ ਇੱਛਾ ਹੈ। ਜੇਕਰ ਬਾਦਸ਼ਾਹ ਪਰਸ਼ੀਆ ਦੀ ਜਨਤਾ ਲਈ ਪਹਾੜਾਂ ਦੇ ਵਿੱਚੋਂ ਦੁੱਧ ਦੀ ਨਹਿਰ ਕੱਢਵਾ ਦੇਣ, ਤਾਂ ਹੀ ਮੈਂ ਉਨ੍ਹਾਂ ਦੀ ਮਲਿਕਾ ਬਣਾਂਗੀ।"



ਖੁਸਰੋ ਨੇ ਇਹ ਸ਼ਰਤ ਮੰਨ ਲਈ ਅਤੇ ਦੋਹਾਂ ਦਾ ਵਿਆਹ ਹੋ ਗਿਆ। ਵਿਆਹ ਤੋਂ ਬਾਅਦ ਨਹਿਰ ਖੋਦਣ ਦਾ ਕੰਮ ਸ਼ੁਰੂ ਹੋਇਆ। ਖੁਸਰੋ ਨੇ ਇਸ ਔਖੇ ਕੰਮ ਲਈ ਰਾਜ ਦੇ ਸਭ ਤੋਂ ਮਾਹਿਰ ਸੰਗਤਰਾਸ਼ ਫਰਹਾਦ ਨੂੰ ਚੁਣਿਆ। ਬਾਦਸ਼ਾਹ ਨੇ ਫਰਹਾਦ ਨੂੰ ਸ਼ੀਰੀਂ ਨਾਲ ਮਿਲਵਾਇਆ ਤਾਂ ਜੋ ਸ਼ੀਰੀਂ ਉਸ ਨੂੰ ਆਪਣੀ ਪਸੰਦ ਸਮਝਾ ਸਕੇ।

ਦਰਬਾਰ ਵਿੱਚ ਜਦੋਂ ਫਰਹਾਦ ਨੇ ਪਹਿਲੀ ਵਾਰ ਸ਼ੀਰੀਂ ਨੂੰ ਦੇਖਿਆ, ਤਾਂ ਉਹ ਆਪਣੇ ਹੋਸ਼ ਗੁਆ ਬੈਠਾ। ਸ਼ੀਰੀਂ ਦੇ ਹੁਸਨ ਨੇ ਫਰਹਾਦ ਦੇ ਦਿਲ ਵਿੱਚ ਮੁਹੱਬਤ ਦੀ ਇੱਕ ਅਜਿਹੀ ਚੰਗਿਆੜੀ ਲਗਾ ਦਿੱਤੀ ਜੋ ਕਦੇ ਬੁੱਝ ਨਹੀਂ ਸਕਦੀ ਸੀ। ਫਰਹਾਦ ਦਿਨ-ਰਾਤ ਸ਼ੀਰੀਂ ਦੇ ਖਿਆਲਾਂ ਵਿੱਚ ਗੁੰਮ ਰਹਿੰਦਾ ਅਤੇ ਹਥੌੜਾ ਚਲਾਉਂਦੇ ਹੋਏ ਬਸ ਉਸੇ ਦਾ ਨਾਮ ਜਪਦਾ।

ਇੱਕ ਦਿਨ ਜਦੋਂ ਸ਼ੀਰੀਂ ਨਹਿਰ ਦੇ ਕੰਮ ਦਾ ਜਾਇਜ਼ਾ ਲੈਣ ਆਈ, ਤਾਂ ਫਰਹਾਦ ਆਪਣੇ ਜਜ਼ਬਾਤਾਂ 'ਤੇ ਕਾਬੂ ਨਾ ਰੱਖ ਸਕਿਆ। ਉਹ ਸ਼ੀਰੀਂ ਦੇ ਕਦਮਾਂ ਵਿੱਚ ਝੁਕ ਗਿਆ ਅਤੇ ਬੋਲਿਆ, "ਐ ਸ਼ਹਿਜ਼ਾਦੀ, ਇਹ ਨਹਿਰ ਤਾਂ ਸਿਰਫ਼ ਪੱਥਰਾਂ ਵਿੱਚ ਚੱਲੇਗੀ, ਪਰ ਮੇਰੇ ਦਿਲ ਵਿੱਚ ਤੁਹਾਡੀ ਮੁਹੱਬਤ ਦਾ ਦਰਿਆ ਵਹਿ ਰਿਹਾ ਹੈ। ਮੈਂ ਤੁਹਾਡੇ ਨਾਲ ਬੇਅੰਤ ਮੁਹੱਬਤ ਕਰਦਾ ਹਾਂ।" ਸ਼ੀਰੀਂ ਨੂੰ ਫਰਹਾਦ ਦੀ ਇਹ ਗੁਸਤਾਖੀ ਬਹੁਤ ਬੁਰੀ ਲੱਗੀ। ਉਹ ਗੁੱਸੇ ਵਿੱਚ ਉੱਥੋਂ ਚਲੀ ਗਈ। ਜਦੋਂ ਖੁਸਰੋ ਨੂੰ ਫਰਹਾਦ ਦੀ ਇਸ ਮੁਹੱਬਤ ਦਾ ਪਤਾ ਲੱਗਾ, ਤਾਂ ਉਹ ਗੁੱਸੇ ਨਾਲ ਲਾਲ-ਪੀਲਾ ਹੋ ਗਿਆ। ਉਸ ਨੇ ਫਰਹਾਦ ਨੂੰ ਦਰਬਾਰ ਵਿੱਚ ਤਲਬ ਕੀਤਾ। ਖੁਸਰੋ ਨੇ ਗੁੱਸੇ ਵਿੱਚ ਲਲਕਾਰਿਆ, "ਇੱਕ ਆਮ ਨਜਾਰ ਦੀ ਇਹ ਮਜ਼ਾਲ ਕਿ ਉਹ ਪਰਸ਼ੀਆ ਦੀ ਮਲਿਕਾ 'ਤੇ ਅੱਖ ਚੁੱਕੇ? ਤੇਰਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ ਜਾਵੇਗਾ!" ਫਰਹਾਦ ਨੇ ਬਿਨਾਂ ਡਰੇ ਕਿਹਾ, "ਜਾਂ ਤਾਂ ਸ਼ੀਰੀਂ ਮੇਰੀ ਹੈ, ਜਾਂ ਫਿਰ ਇਹ ਜਾਨ ਸ਼ੀਰੀਂ ਦੀ ਹੈ। ਬਾਦਸ਼ਾਹ, ਤੁਸੀਂ ਮੇਰਾ ਸਿਰ ਤਾਂ ਕੱਟ ਸਕਦੇ ਹੋ, ਪਰ ਮੇਰੇ ਦਿਲ ਵਿੱਚੋਂ ਸ਼ੀਰੀਂ ਦਾ ਨਾਮ ਨਹੀਂ ਮਿਟਾ ਸਕਦੇ।"

ਖੁਸਰੋ ਤਲਵਾਰ ਚੁੱਕਣ ਹੀ ਲੱਗਾ ਸੀ ਕਿ ਉਸ ਦੇ ਸਮਝਦਾਰ ਵਜ਼ੀਰ ਨੇ ਉਸ ਨੂੰ ਰੋਕ ਲਿਆ ਅਤੇ ਕੰਨ ਵਿੱਚ ਕਿਹਾ, "ਜਹਾਂਪਨਾਹ, ਇਸ ਨੂੰ ਮਾਰਨ ਨਾਲ ਇਹ ਸ਼ਹੀਦ-ਏ-ਵਫਾ ਅਖਵਾਏਗਾ। ਇਸ ਨੂੰ ਇੱਕ ਅਜਿਹਾ ਕੰਮ ਦਿਓ ਜੋ ਅਸੰਭਵ ਹੋਵੇ।"

ਵਜ਼ੀਰ ਦੀ ਸਲਾਹ 'ਤੇ ਖੁਸਰੋ ਨੇ ਫਰਹਾਦ ਸਾਹਮਣੇ ਨਵੀਂ ਸ਼ਰਤ ਰੱਖੀ, "ਜੇ ਤੂੰ ਆਪਣੀ ਮਿਹਨਤ ਨਾਲ ਵਿਸ਼ਾਲ ਪਹਾੜਾਂ ਨੂੰ ਚੀਰ ਕੇ ਰਾਹ ਬਣਾ ਦੇਵੇਂਗਾ, ਤਾਂ ਮੈਂ ਸ਼ੀਰੀਂ ਦਾ ਨਿਕਾਹ ਤੇਰੇ ਨਾਲ ਕਰ ਦੇਵਾਂਗਾ।"

ਫਰਹਾਦ ਨੇ ਇਸ ਅਸੰਭਵ ਸ਼ਰਤ ਨੂੰ ਵੀ ਖੁਸ਼ੀ-ਖੁਸ਼ੀ ਪ੍ਰਵਾਨ ਕਰ ਲਿਆ। ਉਹ ਦਿਨ-ਰਾਤ ਪਹਾੜਾਂ ਨੂੰ ਕੱਟਣ ਵਿੱਚ ਜੁੱਟ ਗਿਆ। ਉਸ ਦੀ ਲਗਨ ਅਤੇ ਇਸ਼ਕ ਦੀ ਸ਼ਿੱਦਤ ਦੇਖ ਕੇ ਸ਼ੀਰੀਂ ਦਾ ਦਿਲ ਵੀ ਪਿਘਲਣ ਲੱਗਾ। ਸ਼ੀਰੀਂ ਨੂੰ ਅਹਿਸਾਸ ਹੋਇਆ ਕਿ ਫਰਹਾਦ ਦਾ ਪਿਆਰ ਜਿਸਮਾਨੀ ਨਹੀਂ, ਬਲਕਿ ਰੂਹਾਨੀ ਹੈ।

ਜਦੋਂ ਬਾਦਸ਼ਾਹ ਨੇ ਦੇਖਿਆ ਕਿ ਫਰਹਾਦ ਨੇ ਲਗਭਗ ਪਹਾੜ ਕੱਟ ਕੇ ਸੜਕ ਬਣਾ ਦਿੱਤੀ ਹੈ, ਤਾਂ ਉਹ ਘਬਰਾ ਗਿਆ। ਉਸ ਨੇ ਇੱਕ ਛਲ ਰਚਿਆ। ਬਾਦਸ਼ਾਹ ਨੇ ਇੱਕ ਔਰਤ ਨੂੰ ਫਰਹਾਦ ਕੋਲ ਝੂਠੀ ਖਬਰ ਲੈ ਕੇ ਭੇਜਿਆ।

ਉਸ ਔਰਤ ਨੇ ਰੋਂਦੇ ਹੋਏ ਫਰਹਾਦ ਨੂੰ ਕਿਹਾ, "ਫਰਹਾਦ, ਤੂੰ ਕਿਸ ਲਈ ਇਹ ਪਹਾੜ ਤੋੜ ਰਿਹਾ ਹੈਂ? ਤੇਰੀ ਸ਼ੀਰੀਂ ਤਾਂ ਹੁਣ ਇਸ ਦੁਨੀਆ ਵਿੱਚ ਨਹੀਂ ਰਹੀ, ਉਸ ਨੇ ਆਤਮਹੱਤਿਆ ਕਰ ਲਈ ਹੈ!"

ਇਹ ਸੁਣਦਿਆਂ ਹੀ ਫਰਹਾਦ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਉਹ ਪਾਗਲਾਂ ਵਾਂਗ ਚਿੱਲਾਉਣ ਲੱਗਾ, "ਸ਼ੀਰੀਂ! ਜੇ ਤੂੰ ਹੀ ਨਹੀਂ ਰਹੀ, ਤਾਂ ਇਸ ਜਹਾਨ ਵਿੱਚ ਮੇਰਾ ਕੀ ਕੰਮ?" ਫਰਹਾਦ ਨੇ ਆਪਣੀ ਹੀ ਕੁਹਾੜੀ ਆਪਣੇ ਸਿਰ 'ਤੇ ਮਾਰ ਲਈ ਅਤੇ ਉੱਥੇ ਹੀ ਦਮ ਤੋੜ ਦਿੱਤਾ।

ਜਦੋਂ ਸ਼ੀਰੀਂ ਨੂੰ ਖੁਸਰੋ ਦੀ ਇਸ ਚਾਲ ਅਤੇ ਫਰਹਾਦ ਦੀ ਮੌਤ ਦੀ ਖਬਰ ਮਿਲੀ, ਤਾਂ ਉਸ ਦਾ ਦਿਲ ਤੜਫ ਉੱਠਿਆ। ਉਹ ਭੱਜੀ-ਭੱਜੀ ਉਸ ਜਗ੍ਹਾ ਪਹੁੰਚੀ ਜਿੱਥੇ ਫਰਹਾਦ ਦੀ ਲਾਸ਼ ਪਈ ਸੀ। ਫਰਹਾਦ ਦੇ ਖੂਨ ਨਾਲ ਲੱਥਪੱਥ ਵਜੂਦ ਨੂੰ ਦੇਖ ਕੇ ਸ਼ੀਰੀਂ ਨੇ ਰੋਂਦੇ ਹੋਏ ਕਿਹਾ, "ਤੂੰ ਮੇਰੇ ਲਈ ਪਹਾੜਾਂ ਦਾ ਸੀਨਾ ਚੀਰ ਦਿੱਤਾ, ਅਤੇ ਮੈਂ ਤੇਰੇ ਸੱਚੇ ਇਸ਼ਕ ਨੂੰ ਪਛਾਣਨ ਵਿੱਚ ਦੇਰ ਕਰ ਦਿੱਤੀ। ਹੁਣ ਮੈਂ ਵੀ ਇਸ ਧੋਖੇਬਾਜ਼ ਮਹਿਲ ਵਿੱਚ ਵਾਪਸ ਨਹੀਂ ਜਾਵਾਂਗੀ।"

ਸ਼ੀਰੀਂ ਨੇ ਫਰਹਾਦ ਦੇ ਕਦਮਾਂ ਵਿੱਚ ਹੀ ਆਪਣੇ ਪ੍ਰਾਣ ਤਿਆਗ ਦਿੱਤੇ। ਦੋਹਾਂ ਸੱਚੇ ਪ੍ਰੇਮੀਆਂ ਨੂੰ ਇੱਕੋ ਜਗ੍ਹਾ ਦਫਨਾਇਆ ਗਿਆ। ਉਨ੍ਹਾਂ ਦਾ ਜਿਸਮ ਤਾਂ ਮਿੱਟੀ ਵਿੱਚ ਮਿਲ ਗਿਆ, ਪਰ ਸ਼ੀਰੀਂ-ਫਰਹਾਦ ਦੀ ਅਮਰ ਮੁਹੱਬਤ ਦੀ ਦਾਸਤਾਨ ਅੱਜ ਵੀ ਦੁਨੀਆ ਵਿੱਚ ਜ਼ਿੰਦਾ ਹੈ।

# ਟੀ.ਪੀ.ਏ.ਆਰ. ਕਲੱਬ ਦੇ ਸੱਤ ਮੈਂਬਰਾਂ ਨੇ ਨਿੱਜੀ ਤੌਰ 'ਤੇ 'ਜੌਰਜਿਨਾ ਮੈਰਾਥਨ ਤੇ ਹਾਫ਼-ਮੈਰਾਥਨ' 'ਚ ਭਾਗ ਲਿਆ







ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 13 ਸਤੰਬਰ ਨੂੰ ਟੋਰਾਂਟੋ ਤੋਂ 81 ਕਿਲੋਮੀਟਰ ਦੂਰ ਪੈਂਦੇ ਸ਼ਹਿਰ ਜੌਰਜਿਨਾ ਵਿਖੇ ਸਿਮਕੋ ਲੇਕ ਦੇ ਕਿਨਾਰੇ ਦੇ ਖ਼ੂਬਸੂਰਤ 'ਡੀ ਲਾ ਸਾਲੇ ਪਾਰਕ' ਵਿੱਚ ਜੌਰਜਿਨਾ ਮਾਥਨ ਐਂਡ ਹਾਫ਼-ਮੈਰਾਥਨ' ਦੇ ਆਯੋਜਕਾਂ ਵੱਲੋਂ ਫ਼ੁੱਲ-ਮੈਰਾਥਨ, ਹਾਫ਼-ਮੈਰਾਥਨ ਅਤੇ 10 ਕਿਲੋਮੀਟਰ ਦੌੜਾਂ ਦਾ ਈਵੈਂਟ ਆਯੋਜਿਤ ਕੀਤਾ ਗਿਆ। ਬਰੈਂਪਟਨ ਵਿੱਚ ਪਿਛਲੇ 12-13 ਸਾਲਾਂ ਤੋਂ ਵਿਚਰ ਰਹੀ ਟੀ.ਪੀ.ਏ.ਆਰ. ਕਲੱਬ ਦੇ ਪੰਜ ਮੈਂਬਰ ਜਸਵਿੰਦਰ ਜੱਸੀ ਧਾਲੀਵਾਲ, ਕਰਮਜੀਤ ਖੰਗੂੜਾ, ਅਰੁਨ ਗੁਪਤਾ, ਅਮਰਜੀਤ ਸਿੰਘ, ਧਿਆਨ ਸਿੰਘ ਸੋਹਲ, ਨਿਰਮਲ ਗਿੱਲ ਅਤੇ ਗੁਰਦਰਸ਼ਨ ਪਾਲ ਬੇਦੀ ਇਸ ਵਿੱਚ ਨਿੱਜੀ ਤੌਰ 'ਤੇ ਸ਼ਾਮਲ ਹੋਏ। ਉਹ ਆਪਣੇ ਵਾਹਨਾਂ ਰਾਹੀਂ ਸਵੇਰੇ ਸੱਤ ਵਜੇ ਦੌੜਾਂ ਦੇ ਆਰੰਭ ਹੋਣ ਵਾਲੇ ਸਥਾਨ ਡੀ ਲਾ ਸਾਲੇ ਪਾਰਕ ਪਹੁੰਚ ਗਏ। ਮੈਰਾਥਨ ਦੌੜ ਪ੍ਰਬੰਧਕਾਂ ਵੱਲੋਂ ਸਵੇਰੇ ਸੱਤ ਵਜੇ ਸ਼ੁਰੂ ਕਰਵਾਈ ਗਈ। ਟੀ.ਪੀ.ਏ.ਆਰ. ਕਲੱਬ ਦੇ ਇਨ੍ਹਾਂ ਪੰਜ ਮੈਂਬਰਾਂ ਵਿੱਚੋਂ ਜੱਸੀ ਧਾਲੀਵਾਲ, ਕਰਮਜੀਤ ਖੰਗੂੜਾ ਅਤੇ ਅਮਰਜੀਤ ਸਿੰਘ 42 ਕਿਲੋਮੀਟਰ ਲੰਮੀ ਮੈਰਾਥਨ ਦੌੜ ਵਿੱਚ ਸ਼ਾਮਲ ਹੋਏ, ਜਦ ਕਿ ਅਰੁਨ ਗੁਪਤਾ ਨੇ ਹਾਫ਼-ਮੈਰਾਥਨ ਅਤੇ ਨਿਰਮਲ ਗਿੱਲ ਨੇ 10 ਕਿਲੋਮੀਟਰ ਦੌੜ ਵਿੱਚ ਸਫ਼ਲਤਾ-ਪੂਰਵਕ ਸ਼ਮੂਲੀਅਤ ਕੀਤੀ। ਜੱਸੀ ਧਾਲੀਵਾਲ ਨੇ ਫ਼ੁੱਲ ਮੈਰਾਥਨ 3 ਘੰਟੇ, 48 ਮਿੰਟ 14 ਸਕਿੰਟ ਵਿੱਚ ਸੰਪੰਨ ਕੀਤੀ, ਜਦਕਿ ਅਬਰਜੀਤ ਖੰਗੂੜਾ ਨੇ ਇਸਦੇ ਲਈ 3 ਘੰਟੇ, 51 ਮਿੰਟ 9 ਸਕਿੰਟ ਅਤੇ ਅਮਰਜੀਤ ਸਿੰਘ ਨੇ 4 ਘੰਟੇ, 29 ਮਿੰਟ ਤੇ 50 ਸਕਿੰਟ ਦਾ ਸਮਾਂ ਲਿਆ। ਹਾਫ਼-ਮੈਰਾਥਨ ਦੌੜ ਵਿੱਚ ਹਿੱਸਾ ਲੈਂਦਿਆਂ ਅਰੁਨ ਗੁਪਤਾ ਨੇ ਇਹ 2 ਘੰਟੇ, 8 ਮਿੰਟ, 25 ਸਕਿੰਟ ਵਿੱਚ ਪੂਰੀ ਕੀਤੀ ਅਤੇ ਧਿਆਨ ਸਿੰਘ ਸੋਹਲਨੇ ਇਸ ਦੇ ਲਈ 2 ਘੰਟੇ 54 ਮਿੰਟ 24 ਸਕਿੰਟ ਸਮਾਂ ਲਿਆ। ਨਿਰਮਲ ਗਿੱਲ ਨੇ 10 ਕਿਲੋਮੀਟਰ ਪੈਂਡਾ ਦੌੜ ਕੇ ਤੈਅ ਕਰਨ ਲਈ 53 ਮਿੰਟ 11 ਸਕਿੰਟ ਲਏ ਅਤੇ ਗੁਰਦਰਸ਼ਨਪਾਲ ਬੇਦੀ ਨੇ 5 ਕਿਲੋਮੀਟਰ ਦੌੜ 54 ਮਿੰਟ 35 ਸਕਿੰਟ 'ਚ ਸੰਪੰਨ ਕੀਤੀ। ਲੰਮੀਂ ਦੂਰੀ ਵਾਲੀਆਂ ਦੌੜਾਂ ਵਿੱਚ ਭਾਗ ਲੈਣਾ ਤੇ ਇਨ੍ਹਾਂ ਨੂੰ ਸਫ਼ਲਤਾ ਪੂਰਵਕ ਪੂਰੀਆਂ ਕਰਨਾ ਹੀ ਬੜੀ ਵੱਡੀ ਗੱਲ ਹੈ। ਸਮੇਂ ਦੀ 'ਵਾਧ-ਘਾਟ' ਦੀ ਇੱਥੇ ਬਹੁਤੀ ਅਹਿਮੀਅਤ ਨਹੀਂ ਰਹਿ ਜਾਂਦੀ। ਜੱਸੀ ਧਾਲੀਵਾਲ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਦੱਸ ਰਿਹਾ ਸੀ ਕਿ ਦੌੜਾਂ ਵਾਲੇ ਦਿਨ ਤਾਪਮਾਨ ਅਤੇ ਵਾਤਾਵਰਨ ਵਿੱਚ ਸਿਲ੍ਹ ਦੋਵੇਂ ਹੀ ਕਾਫ਼ੀ ਵਧੇਰੇ ਹੋਣ ਕਾਰਨ ਗਰਮੀ ਬਹੁਤ ਜ਼ਿਆਦਾ ਮਹਿਸੂਸ ਹੋ ਰਹੀ ਸੀ। ਬਹੁਤ ਸਾਰੇ ਦੌੜਾਕ ਘੜੀ-ਮੁੜੀ "ਵੈਰੀ ਹੌਟ ਟੂਡੇ" ਅਤੇ "ਟੂ ਹੌਟ ਟੂਡੇ" ਮੂੰਹੋਂ ਉਚਾਰ ਰਹੇ ਸਨ ਅਤੇ ਕਈ ਗੋਰੇ ਦੌੜਾਕ ਤਾਂ "ਵੀ ਆਰ ਮੈਲਟਿੰਗ" ਵੀ ਕਹਿ ਰਹੇ ਸਨ। ਇਸ ਦੌਰਾਨ ਤਿੰਨ-ਚਾਰ ਦੌੜਾਕ ਗਰਮੀ ਕਾਰਨ ਡਿੱਗ ਕੇ ਬੇਹੋਸ਼ ਵੀ ਹੋ ਗਏ ਅਤੇ ਪੈਰਾਮੀਡਿਕ-ਸਟਾਫ਼ ਵੱਲੋਂ ਉਨ੍ਹਾਂ ਨੂੰ ਐਂਬੂਲੈਂਸਾਂ ਵਿੱਚ ਪਾ ਕੇ ਹਸਪਤਾਲ ਲਿਜਾਣਾ ਪਿਆ। ਸਖ਼ਤ ਗਰਮੀ ਵਾਲੇ ਇਸ ਦਿਨ ਦੌੜਾਕਾਂ ਨੇ ਬੇਹੱਦ ਹੌਸਲੇ, ਦੌੜਾਂ ਲਈ ਵਚਨਬੱਧਤਾ ਤੇ ਪ੍ਰਤੀਬੱਧਤਾ ਅਤੇ ਟੀਮ-ਸਪਿਰਟ ਦਾ ਵਧੀਆ ਮੁਜ਼ਾਹਰਾ ਕੀਤਾ। ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਵੱਲੋਂ ਗੁਰਦਰਸ਼ਨ ਪਾਲ ਬੇਦੀ ਅਤੇ ਜੱਸ ਖੋਸਾ ਦਾ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਨਿਰੰਤਰ ਹੌਸਲਾ ਅਫ਼ਜ਼ਾਈ ਅਤੇ ਹੱਲਾਸ਼ੇਰੀ ਲਈ ਦਿਲੀ ਧੰਨਵਾਦ ਕੀਤਾ ਗਿਆ। ਇਸਦੇ ਨਾਲ ਹੀ ਕਲੱਬ ਦੇ ਸੀਨੀਅਰ ਮੈਂਬਰ ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ ਦਾ ਉਨ੍ਹਾਂ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਹੈਮਿਲਟਨ 'ਚ ਹੋਈ '19ਵੀਂ ਬ੍ਰਾਈਟ ਰਨ' 'ਚ ਟੀ.ਪੀ.ਏ.ਆਰ. ਕਲੱਬ ਦੇ 18 ਮੈਂਬਰਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ




ਬਰੈਂਪਟਨ, (ਡਾ. ਝੰਡ) – ਕੁਦਰਤੀ ਖ਼ੂਬਸੂਰਤੀ ਨਾਲ ਭਰਪੂਰ 'ਕ੍ਰਿਸਟੀ ਲੇਕ ਕਨਜ਼ਰਵੇਸ਼ਨ ਏਰੀਆ' ਹੈਮਿਲਟਨ ਵਿੱਚ ਲੰਘੇ ਸ਼ਨੀਵਾਰ 12 ਸਤੰਬਰ ਨੂੰ ਆਯੋਜਿਤ ਕੀਤੀ ਗਈ 5 ਕਿਲੋਮੀਟਰ 'ਰਨ-ਕਮ-ਵਾਕ' ਵਿੱਚ ਟੀ.ਪੀ.ਏ.ਆਰ. ਕਲੱਬ ਦੇ 18 ਮੈਂਬਰਾਂ ਨੇ ਬੜੇ ਜੋਸ਼ ਤੇ ਉਤਸ਼ਾਹ ਨਾਲ ਭਾਗ ਲਿਆ। ਦੌੜ ਅਤੇ ਵਾਕ ਦੇ ਇਸ ਈਵੈਂਟ ਵਿੱਚ 1500 ਤੋਂ ਵਧੀਕ ਦੌੜਾਕਾਂ ਤੇ ਪੈਦਲ ਚੱਲਣ ਵਾਲੇ ਸ਼ਾਮਲ ਹੋਏ। ਇਹ ਉਨ੍ਹਾਂ ਵਿੱਚ ਨਵੀਂ ਊਰਜਾ ਤੇ ਤਾਜ਼ਗੀ ਭਰਨ ਵਾਲਾ ਦਿਲਚਸਪ ਈਵੈਂਟ ਸੀ।

ਇਹ ਮਹਿਜ਼ ਇੱਕ 'ਰਨਿੰਗ ਈਵੈਂਟ' ਨਹੀਂ ਹੈ, ਬਲਕਿ ਇਸਦੇ ਪਿੱਛੇ ਬੜਾ ਵੱਡੀ ਮਨੁੱਖੀ ਭਾਵਨਾ ਕੰਮ ਕਰ ਰਹੀ ਹੈ। ਇਸ ਵਿੱਚ ਸਪਾਂਸਰਾਂ ਅਤੇ ਰਜਿਸਟਰ ਹੋਣ ਵਾਲੀਆਂ ਟੀਮਾਂ ਤੇ ਨਿੱਜੀ ਤੌਰ 'ਤੇ ਸ਼ਾਮਲ ਹੋਣ ਵਾਲੇ ਵਿਅੱਕਤੀਆਂ ਵੱਲੋਂ ਪ੍ਰਾਪਤ ਹੋਈ ਵਿੱਤੀ ਰਾਸ਼ੀ ਮੈਕਮਾਸਟਰ ਯੂਨੀਵਰਸਿਟੀ ਦੇ ਜੁਰਾਵਿੰਸਕੀ ਕੈਂਸਰ ਸੋਸਾਇਟੀ ਨੂੰ ਭੇਜੀ ਜਾਂਦੀ ਹੈ ਜਿਸ ਦੇ ਨਾਲ ਕੈਂਸਰ ਨਾਲ ਜੂਝ ਰਹੇ ਰੋਗੀਆਂ ਦਾ ਇਲਾਜ ਕੀਤਾ ਜਾਂਦਾ ਹੈ। ਇਸ ਵਾਰ ਪ੍ਰਬੰਧਕਾਂ ਵੱਲੋਂ 500,026 ਡਾਲਰ ਇਕੱਤਰ ਹੋਣ ਦਾ ਟੀਚਾ ਮਿਥਿਆ ਗਿਆ ਸੀ ਪਰ ਉਨ੍ਹਾਂ ਦੀ ਆਸ ਦੇ ਉਲਟ ਇਸ ਈਵੈਂਟ 'ਤੇ 545,000 ਡਾਲਰ ਇਕੱਠੇ ਹੋਏ ਜੋ ਉਨ੍ਹਾਂ ਦੇ ਲਈ ਹੌਸਲਾ, ਉਤਸ਼ਾਹ ਅਤੇ ਹੱਲਾਸ਼ੇਰੀ ਵਧਾਉਣ ਵਾਲੀ ਗੱਲ ਹੈ।

ਟੀ.ਪੀ.ਏ.ਆਰ. ਕਲੱਬ ਦੇ 18 ਮੈਂਬਰ ਸਵੇਰੇ 8.00 ਵਜੇ ਆਪਣੀਆਂ ਕਾਰਾਂ ਰਾਹੀਂ ਈਵੈਂਟ ਦੇ ਆਰੰਭ ਹੋਣ ਵਾਲੀ ਜਗ੍ਹਾ ਪਹੁੰਚ ਗਏ ਅਤੇ ਈਵੈਂਟ ਦੇ ਮੇਜ਼ਬਾਨਾਂ ਸੰਨੀ ਜੈਨੈਸਕੋ ਤੇ ਨੈਂਸੀ ਮੈਕਮਿਲਨ ਨੂੰ ਮਿਲੇ, ਜਿਨ੍ਹਾਂ ਵੱਲੋਂ ਬੜੇ ਤਪਾਕ ਨਾਲ ਕਲੱਬ ਮੈਂਬਰਾਂ ਦਾ ਸੁਆਗ਼ਤ ਕੀਤਾ ਗਿਆ। ਉੱਥੇ ਹੀ ਕਲੱਬ ਮੈਂਬਰਾਂ ਨੂੰ ਮੈਕਮਾਸਟਰ ਯੂਨੀਵਰਸਿਟੀ ਵਿੱਚ ਕੈਂਸਰ ਉੱਪਰ ਖੋਜ ਕਰਹੇ ਡਾ. ਜੈਨਾ ਸਮਿੱਥ-ਟੁਰਚਿਨ ਅਤੇ ਕੈਂਸਰ ਦੀ ਨਾ-ਮੁਰਾਦ ਬੀਮਾਰੀ ਤੋਂ ਰਾਹਤ ਪਾ ਚੁੱਕੇ ਰੋਗੀ ਨਾਲ ਮੁਲਾਕਾਤ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੂੰ ਮਿਲ਼ ਕੇ ਕਲੱਬ ਮੈਂਬਰਾਂ ਨੂੰ ਇਸ ਈਵੈਂਟ ਵਿੱਚ ਸ਼ਾਮਲ ਹੋਣ ਦੇ ਅਸਲ ਮਕਸਦ ਬਾਰੇ ਵੱਡਮੁੱਲੀ ਜਾਣਕਾਰੀ ਪ੍ਰਾਪਤ ਹੋਈ।

ਦੌੜ ਤੇ ਵਾਕ ਦੇ ਇਸ ਈਵੈਂਟ ਵਿੱਚ ਸ਼ਮੂਲੀਅਤ ਕਰਦਿਆਂ ਉਨ੍ਹਾਂ ਨੇ ਦੌੜ ਦੇ ਰਸਤੇ ਵਿੱਚ ਕੁਦਰਤੀ ਨਜ਼ਾਰਿਆਂ ਦਾ ਪੂਰਾ ਲੁਤਫ਼ ਲਿਆ। ਦੌੜ ਦੀ ਸਮਾਪਤੀ 'ਤੇ ਮਿਊਜ਼ਿਕ, ਗਾਣਿਆਂ ਅਤੇ ਉੱਥੇ ਸਜੇ ਵੱਖ-ਵੱਖ ਕਮਿਊਨਿਟੀ ਬੂਥਾਂ ਨੂੰ ਵੇਖਣ ਦਾ ਆਪਣਾ ਹੀ ਮਜ਼ਾ ਸੀ। ਇਸ ਈਵੈਂਟ ਵਿੱਚ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਦੀ ਅਗਵਾਈ ਵਿੱਚ ਕਲੱਬ ਦੇ ਮੈਂਬਰ ਨਰਿੰਦਰ ਪਾਲ ਬੈਂਸ, ਸੁਰਿੰਦਰ ਨਾਗਰਾ, ਮਨਜੀਤ ਨੌਟਾ, ਕਰਮਜੀਤ ਗਿੱਲ, ਨਿਰਮਲ ਗਿੱਲ, ਕੇਸਰ ਬੜੈਚ, ਸਿਮਰਜੀਤ ਭੁੱਲਰ, ਗੈਰੀ ਗਿੱਲ, ਰਾਹੁਲ ਗਰੇਵਾਲ, ਸੁਰਿੰਦਰ ਧਾਲੀਵਾਲ, ਤਰਸੇਮ ਧਾਲੀਵਾਲ, ਤਰਸੇਮ, ਜਸਬੀਰਪਾਲ ਸਿੰਘ, ਪਿੰਕੀ ਬੈਂਸ, ਸੰਨੀ, ਉਨ੍ਹਾਂ ਦੀ ਪਤਨੀ ਤੇ ਬੇਟਾ ਗੈਵਨ ਅੱਟਾ ਸ਼ਾਮਲ ਸਨ।

# ਮੰਗਾਂ ਨਾ ਮੰਨੇ ਜਾਣ 'ਤੇ ਕਿਸਾਨ ਮਜ਼ਦੂਰ ਮੋਰਚਾ ਪੰਜਾਬ ਵੱਲੋਂ 17 ਸਤੰਬਰ ਨੂੰ ਰੇਲਾਂ ਰੋਕਣ ਦੀ ਚਿਤਾਵਨੀ



ਕਿਸਾਨ ਮਜ਼ਦੂਰ ਮੋਰਚਾ ਪੰਜਾਬ ਨੇ ਜਥੇਬੰਦੀ ਦੀਆਂ ਮੰਗਾਂ ਨੂੰ ਸਰਕਾਰ ਵੱਲੋਂ ਅਣਗੌਲਿਆ ਕੀਤੇ ਜਾਣ ਤੇ ਭਲਕੇ 17 ਸਤੰਬਰ ਨੂੰ ਪੰਜਾਬ ਵਿੱਚ ਪੰਜ ਥਾਵਾਂ ਤੇ ਰੇਲਾਂ ਰੋਕਣ ਦਾ ਐਲਾਨ ਕੀਤਾ ਹੈ। ਜਥੇਬੰਦੀ ਨੇ ਸਰਕਾਰ ਨੂੰ ਭਲਕੇ 17 ਸਤੰਬਰ 12 ਵਜੇ ਤੱਕ ਮੰਗਾਂ ਬਾਰੇ ਵਿਚਾਰ ਕਰਨ ਦਾ ਅਲਟੀਮੇਟਮ ਦਿੱਤਾ ਹੈ। ਜਿਸ ਤੋਂ ਬਾਅਦ ਜਥੇਬੰਦੀ ਵੱਲੋਂ ਰੇਲਾਂ ਰੋਕੀਆਂ ਜਾਣਗੀਆਂ।

ਕਿਸਾਨ ਮਜ਼ਦੂਰ ਮੋਰਚਾ ਚੈਪਟਰ ਪੰਜਾਬ ਦੀ ਅਹਿਮ ਮੀਟਿੰਗ ਅੱਜ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਮੁੱਖ ਦਫ਼ਤਰ ਚੱਬਾ ਵਿਖੇ ਹੋਈ। ਮੀਟਿੰਗ ਤੋਂ ਬਾਅਦ ਮੋਰਚੇ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਸਰਵਣ ਸਿੰਘ ਪੰਧੇਰ, ਬਲਦੇਵ ਸਿੰਘ ਜੀਰਾ, ਬਲਵੰਤ ਸਿੰਘ ਬਹਿਰਾਮਕੇ, ਜਸਵਿੰਦਰ ਸਿੰਘ ਲੌਂਗੋਵਾਲ, ਮਨਜੀਤ ਸਿੰਘ ਰਾਏ, ਅਮਰਜੀਤ ਸਿੰਘ ਮੋੜੀ, ਗੁਰਅਮਨੀਤ ਸਿੰਘ ਮਾਂਗਟ ਅਤੇ ਓਂਕਾਰ ਸਿੰਘ ਪੁਰਾਣਾ ਭੰਗਾਲਾ ਨੇ ਪੰਜਾਬ ਸਰਕਾਰ ਦੇ ਰਵੱਈਏ ਖ਼ਿਲਾਫ਼ ਜਥੇਬੰਦੀ ਦੇ ਅਗਲੇ ਸੰਘਰਸ਼ ਦਾ ਐਲਾਨ ਕੀਤਾ। ਆਗੂਆਂ ਨੇ ਕਿਹਾ ਕਿ ਕਿਸਾਨ ਮਜ਼ਦੂਰ ਮੋਰਚਾ ਪਿਛਲੇ ਤਿੰਨ ਦਿਨਾਂ ਤੋਂ ਪੰਜਾਬ ਸਰਕਾਰ ਦੇ ਨੌਂ ਮੰਤਰੀਆਂ ਦੇ ਘਰਾਂ ਅੱਗੇ ਆਪਣੇ ਹੱਕਾਂ ਅਤੇ ਮੰਗਾਂ ਨੂੰ ਲੈ ਕੇ ਮੋਰਚੇ ਲਗਾ ਕੇ ਬੈਠਾ ਹੈ, ਪਰ ਸਰਕਾਰ ਵੱਲੋਂ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਮੋਰਚੇ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਨੂੰ ਚਿੱਠੀ ਅਤੇ ਮੰਗ ਪੱਤਰ ਭੇਜ ਕੇ ਮੰਗਾਂ ਦੇ ਹੱਲ ਲਈ ਸਰਕਾਰ ਨਾਲ ਬੈਠ ਕੇ ਗੱਲਬਾਤ ਕਰਨ ਦੀ ਮੰਗ ਕੀਤੀ ਗਈ ਸੀ, ਪਰ ਸਰਕਾਰ ਵੱਲੋਂ ਇਸ ਸਬੰਧੀ ਕੋਈ ਗੱਲ ਨਹੀਂ ਕੀਤੀ ਗਈ।

ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਰਵੱਈਏ ਨੂੰ ਦੇਖਦਿਆਂ ਕਿਸਾਨ ਮਜ਼ਦੂਰ ਮੋਰਚਾ ਚੈਪਟਰ ਪੰਜਾਬ ਨੇ ਸਰਕਾਰ ਨੂੰ 17 ਸਤੰਬਰ ਨੂੰ ਦੁਪਹਿਰ 12 ਵਜੇ ਤੱਕ ਦਾ ਸਮਾਂ ਦਿੱਤਾ ਹੈ ਕਿ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਗਾਂ ਦਾ ਠੋਸ ਹੱਲ ਲੱਭੇ। ਜੇਕਰ ਸਰਕਾਰ ਵੱਲੋਂ ਇਸ ਸਮੇਂ ਤੱਕ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ 17 ਸਤੰਬਰ ਨੂੰ ਦੁਪਹਿਰ 12 ਵਜੇ ਪੰਜਾਬ ਦੀਆਂ ਪੰਜ ਥਾਵਾਂ 'ਤੇ ਰੇਲ ਆਵਾਜਾਈ ਰੋਕੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਰੇਲ ਰੋਕੋ ਪ੍ਰੋਗਰਾਮ ਅੰਮ੍ਰਿਤਸਰ ਵਿੱਚ ਦੇਵੀਦਾਸਪੁਰਾ, ਸੰਗਰੂਰ-ਸੁਨਾਮ, ਗੁਰਦਾਸਪੁਰ, ਮੋਗਾ ਅਤੇ ਫਿਰੋਜ਼ਪੁਰ ਵਿਖੇ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਜੇਕਰ ਇਸ ਦੇ ਬਾਵਜੂਦ ਵੀ ਪੰਜਾਬ ਸਰਕਾਰ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਦਾ ਹੱਲ ਨਹੀਂ ਕਰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਹੋਰ ਥਾਵਾਂ ਤੇ ਵੀ ਰੇਲਾਂ ਰੋਕੀਆਂ ਜਾਣਗੀਆਂ। ਮੋਰਚੇ ਦੇ ਆਗੂਆਂ ਨੇ ਕਿਹਾ ਕਿ 18 ਸਤੰਬਰ ਨੂੰ ਕਿਸਾਨ ਮਜ਼ਦੂਰ ਮੋਰਚਾ ਦੀ ਅਗਲੀ ਮੀਟਿੰਗ ਕੀਤੀ ਜਾਵੇਗੀ, ਜਿਸ ਵਿੱਚ ਪੰਜਾਬ ਸਰਕਾਰ ਦੇ ਰਵੱਈਏ ਦਾ ਜਾਇਜ਼ਾ ਲੈਂਦਿਆਂ ਅਗਲੇ ਸੰਘਰਸ਼ ਦੀ ਰੂਪ-ਰੇਖਾ ਤੈਅ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਅੱਜ ਪੰਜਾਬ ਸਰਕਾਰ ਦੇ ਮੰਤਰੀਆਂ ਦੇ ਘਰਾਂ ਅੱਗੇ ਲੱਗੇ ਮੋਰਚਿਆਂ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ, ਮਜ਼ਦੂਰਾਂ ਅਤੇ ਬੀਬੀਆਂ ਦੇ ਵਿਸ਼ਾਲ ਇਕੱਠ ਹੋਏ ਸਨ। ਸ਼ਾਮ ਸਮੇਂ ਸਾਰੇ ਮੋਰਚਿਆਂ 'ਤੇ ਕਿਸਾਨਾਂ, ਮਜ਼ਦੂਰਾਂ ਅਤੇ ਬੀਬੀਆਂ ਵੱਲੋਂ ਰੋਸ ਮਾਰਚ ਵੀ ਕੀਤੇ ਗਏ।

ਅੰਮ੍ਰਿਤਸਰ ਵਿੱਚ ਹਰਭਜਨ ਸਿੰਘ ਈਟੀਓ ਦੇ ਨਿਊ ਅੰਮ੍ਰਿਤਸਰ ਸਥਿਤ ਘਰ ਅੱਗੇ ਲੱਗਾ ਮੋਰਚਾ ਹੁਣ ਦੇਵੀਦਾਸਪੁਰਾ ਰੇਲਵੇ ਟਰੈਕ ਦੇ ਨੇੜੇ ਤਬਦੀਲ ਕਰ ਦਿੱਤਾ ਗਿਆ ਹੈ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰਨ ਦੀ ਬਜਾਏ ਮੋਰਚੇ ਨਾਲ ਗੱਲਬਾਤ ਕਰਕੇ ਮੰਗਾਂ ਦਾ ਹੱਲ ਕੀਤਾ ਜਾਣਾ ਚਾਹੀਦਾ ਹੈ।

# CM Mann ਦੀ ਪਤਨੀ ਡਾ. ਗੁਰਪ੍ਰੀਤ ਕੌਰ ਵੱਲੋਂ ਮਜੀਠੀਆ, ਹਰਸਿਮਰਤ ਬਾਦਲ ਅਤੇ ਖਹਿਰਾ ਖ਼ਿਲਾਫ਼ ਮਾਣਹਾਨੀ ਦਾ ਕੇਸ ਦਰਜ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਆਪਣੇ ਉੱਪਰ ਝੂਠੇ ਦੋਸ਼ ਲਗਾਉਣ ਦੇ ਮਾਮਲੇ ਵਿੱਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਹਰਸਿਮਰਤ ਕੌਰ ਬਾਦਲ ਅਤੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਖ਼ਿਲਾਫ਼ ਅਦਾਲਤ ਵਿੱਚ ਅਪਰਾਧਿਕ ਮਾਣਹਾਨੀ ਦਾ ਕੇਸ ਦਰਜ ਕਰਵਾਇਆ ਹੈ। ਉਨ੍ਹਾਂ ਨੇ ਚੰਡੀਗੜ੍ਹ ਅਦਾਲਤ ਵਿੱਚ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (BNSS), 2023 ਦੀ ਧਾਰਾ 210 ਅਤੇ 222 ਤਹਿਤ ਸ਼ਿਕਾਇਤ ਦਰਜ ਕਰਵਾਈ ਹੈ, ਜੋ ਕਿ ਭਾਰਤੀ ਨਿਆਇਕ ਸੰਹਿਤਾ (BNS), 2023 ਦੀ ਧਾਰਾ 356 ਅਧੀਨ ਆਉਂਦੇ ਅਪਰਾਧ ਨਾਲ ਸਬੰਧਤ ਹੈ। ਆਪਣੀ ਸ਼ਿਕਾਇਤ ਵਿੱਚ ਉਨ੍ਹਾਂ ਦੱਸਿਆ ਕਿ ਉਹ ਇੱਕ ਯੋਗ ਮੈਡੀਕਲ ਪੇਸ਼ੇਵਰ ਹਨ ਅਤੇ ਸਮਾਜ ਵਿੱਚ ਉਨ੍ਹਾਂ ਦਾ ਇੱਕ ਚੰਗਾ ਰੁਤਬਾ ਤੇ ਵੱਕਾਰ ਹੈ। ਸ਼ਿਕਾਇਤਕਰਤਾ ਅਨੁਸਾਰ ਮੁਲਜ਼ਮਾਂ ਵੱਲੋਂ ਲਗਾਏ ਗਏ ਬੇਬੁਨਿਆਦ ਦੋਸ਼ਾਂ ਨਾਲ ਉਨ੍ਹਾਂ ਦੇ ਚਰਿੱਤਰ ਅਤੇ ਸ਼ੋਹਰਤ ਨੂੰ ਨਾ ਸਿਰਫ਼ ਸਮਾਜਿਕ ਤੌਰ 'ਤੇ ਸਗੋਂ ਵਿਅਕਤੀਗਤ ਤੌਰ 'ਤੇ ਵੀ ਅਜਿਹਾ ਵੱਡਾ ਘਾਟਾ ਪਹੁੰਚਿਆ ਹੈ, ਜਿਸ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ।

ਉਨ੍ਹਾਂ ਦੱਸਿਆ ਕਿ ਬਿਕਰਮ ਸਿੰਘ ਮਜੀਠੀਆ ਨੇ ਉਨ੍ਹਾਂ ਵਿਰੁੱਧ ਝੂਠੀ ਮੁਹਿੰਮ ਛੇੜੀ ਹੈ। 1 ਸਤੰਬਰ, 2026 ਨੂੰ ਚੰਡੀਗੜ੍ਹ ਵਿੱਚ ਕੀਤੀ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਮਜੀਠੀਆ ਨੇ ਬੇਬੁਨਿਆਦ ਅਤੇ ਝੂਠੇ ਬਿਆਨ ਦਿੰਦਿਆਂ ਦੋਸ਼ ਲਾਇਆ ਸੀ ਕਿ ਡਾ. ਗੁਰਪ੍ਰੀਤ ਕੌਰ ਨੇ ਆਪਣੇ ਇੱਕ ਰਿਸ਼ਤੇਦਾਰ ਰਾਹੀਂ ਜਬਰ-ਜਨਾਹ ਵਰਗੇ ਗੰਭੀਰ ਅਪਰਾਧ ਦੇ ਮੁਲਜ਼ਮ ਨੂੰ ਬਚਾਉਣ ਲਈ ਸਰਕਾਰੀ ਤੰਤਰ ਨੂੰ ਪ੍ਰਭਾਵਿਤ ਕਰਨ ਬਦਲੇ ਪੈਸਿਆਂ ਦੀ ਮੰਗ ਕੀਤੀ ਸੀ। ਇਸ ਪ੍ਰੈੱਸ ਕਾਨਫਰੰਸ ਦੌਰਾਨ ਝੂਠੀਆਂ ਆਡੀਓ ਰਿਕਾਰਡਿੰਗਾਂ, ਤਸਵੀਰਾਂ ਅਤੇ ਸੀ.ਸੀ.ਟੀ.ਵੀ. ਫੁਟੇਜ ਦਿਖਾ ਕੇ ਇਹ ਦਾਅਵਾ ਕੀਤਾ ਗਿਆ ਸੀ ਕਿ ਸ਼ਿਕਾਇਤਕਰਤਾ ਦੇ ਨਜ਼ਦੀਕੀ ਪੈਸਿਆਂ ਦੇ ਲੈਣ-ਦੇਣ ਵਿੱਚ ਸ਼ਾਮਲ ਹਨ।

ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ ਸਾਰੇ ਮੁਲਜ਼ਮਾਂ ਨੇ ਆਪਣੇ ਬਿਆਨਾਂ ਵਿੱਚ ਉਨ੍ਹਾਂ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਹੈ। ਇੱਕ ਔਰਤ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਪੈਸਿਆਂ ਦੀ ਖਾਤਰ ਜਬਰ-ਜਨਾਹ ਦੇ ਮੁਲਜ਼ਮ ਦੀ ਮਦਦ ਕਰਨ ਵਾਲੀ ਵਜੋਂ ਪੇਸ਼ ਕੀਤਾ ਗਿਆ ਹੈ। ਇਹਨਾਂ ਝੂਠੇ ਦੋਸ਼ਾਂ ਨਾਲ ਉਨ੍ਹਾਂ ਦੇ ਅਕਸ, ਸ਼ਾਨ ਅਤੇ ਨਿੱਜੀ ਪਛਾਣ ਨੂੰ ਡੂੰਘੀ ਠੇਸ ਪੁੱਜੀ ਹੈ।

ਉਨ੍ਹਾਂ ਨੇ ਅਦਾਲਤ ਅੱਗੇ ਅਪੀਲ ਕੀਤੀ ਹੈ ਕਿ ਮੁਲਜ਼ਮਾਂ ਨੂੰ ਅਪਰਾਧਿਕ ਮਾਣਹਾਨੀ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਤਲਬ ਕੀਤਾ ਜਾਵੇ ਅਤੇ ਬੀ.ਐੱਨ.ਐੱਸ. ਦੀ ਧਾਰਾ 356 ਤਹਿਤ ਸਜ਼ਾ ਦਿੱਤੀ ਜਾਵੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇੱਕ ਵੱਖਰੇ ਮਾਮਲੇ ਵਿੱਚ ਸਿਵਲ ਜੱਜ (ਜੂਨੀਅਰ ਡਵੀਜ਼ਨ) ਡਾ. ਪ੍ਰੀਕਸ਼ਿਤ ਦੀ ਅਦਾਲਤ ਨੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ, ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ 'ਤੇ ਅਗਲੇ ਹੁਕਮਾਂ ਤੱਕ ਸੋਸ਼ਲ ਮੀਡੀਆ ਜਾਂ ਕਿਸੇ ਵੀ ਹੋਰ ਮਾਧਿਅਮ 'ਤੇ ਰਿਸ਼ਵਤ ਦੀ ਮੰਗ ਨਾਲ ਸਬੰਧਤ ਕੋਈ ਵੀ ਅਣ-ਪ੍ਰਮਾਣਿਤ ਅਤੇ ਮਾਣਹਾਨੀਯੋਗ ਸਮੱਗਰੀ ਪ੍ਰਕਾਸ਼ਿਤ ਜਾਂ ਸ਼ੇਅਰ ਕਰਨ 'ਤੇ ਅੰਤਰਿਮ ਰੋਕ ਲਗਾਈ ਹੋਈ ਹੈ।









# ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਵਧਾਉਣ ਵਿੱਚ ਸੰਗੀਤ ਦੀ ਮਹੱਤਤਾ



ਅੱਜ ਦਾ ਯੁੱਗ ਡਿਜ਼ੀਟਲ ਸਹੂਲਤਾਂ ਦਾ ਯੁੱਗ ਹੈ, ਪਰ ਇਸ ਦੇ ਨਾਲ ਹੀ ਮਨੁੱਖੀ ਇਕਾਗਰਤਾ ਲਈ ਚੁਣੌਤੀਆਂ ਵੀ ਲਗਾਤਾਰ ਵੱਧ ਰਹੀਆਂ ਹਨ। ਮੋਬਾਈਲ ਫੋਨ, ਸੋਸ਼ਲ ਮੀਡੀਆ, ਲਗਾਤਾਰ ਆਉਣ ਵਾਲੀਆਂ ਸੂਚਨਾਵਾਂ ਅਤੇ ਹੋਰ ਡਿਜ਼ੀਟਲ ਵਿਘਨਾਂ ਨੇ ਵਿਦਿਆਰਥੀਆਂ, ਕਰਮਚਾਰੀਆਂ ਅਤੇ ਆਮ ਲੋਕਾਂ ਦੀ ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਨੂੰ ਪ੍ਰਭਾਵਿਤ ਕੀਤਾ ਹੈ। ਅਜਿਹੇ ਸਮੇਂ ਵਿੱਚ ਸੰਗੀਤ ਮਨੁੱਖੀ ਮਨ ਨੂੰ ਸ਼ਾਂਤ ਕਰਨ, ਭਾਵਨਾਵਾਂ ਨੂੰ ਸੰਤੁਲਿਤ ਕਰਨ ਅਤੇ ਇਕਾਗਰਤਾ ਵੱਧਾਉਣ ਦਾ ਇੱਕ ਕੁਦਰਤੀ ਅਤੇ ਪ੍ਰਭਾਵਸ਼ਾਲੀ ਸਾਧਨ ਬਣ ਸਕਦਾ ਹੈ।

ਆਮ ਤੌਰ 'ਤੇ ਸੰਗੀਤ ਨੂੰ ਮਨੋਰੰਜਨ ਦਾ ਸਾਧਨ ਮੰਨਿਆ ਜਾਂਦਾ ਹੈ, ਪਰ ਇਸ ਦਾ ਪ੍ਰਭਾਵ ਮਨੋਰੰਜਨ ਤੱਕ ਸੀਮਿਤ ਨਹੀਂ। ਸੰਗੀਤ ਮਨੁੱਖੀ ਭਾਵਨਾਵਾਂ ਨੂੰ ਪ੍ਰਭਾਵਿਤ ਕਰਦਾ ਹੈ, ਦਿਮਾਗ ਦੇ ਵੱਖ-ਵੱਖ ਹਿੱਸਿਆਂ ਨੂੰ ਸਰਗਰਮ ਕਰਦਾ ਹੈ ਅਤੇ ਅਜਿਹਾ ਵਾਤਾਵਰਨ ਪੈਦਾ ਕਰ ਸਕਦਾ ਹੈ ਜੋ ਪੜ੍ਹਾਈ, ਰਚਨਾਤਮਕਤਾ ਅਤੇ ਕੰਮ ਵਿੱਚ ਧਿਆਨ ਕੇਂਦਰਿਤ ਕਰਨ ਲਈ ਅਨੁਕੂਲ ਹੋਵੇ। ਮਿੱਠੀਆਂ ਧੁਨਾਂ ਤੋਂ ਲੈ ਕੇ ਲੈਅਬੱਧ ਸੰਗੀਤ ਤੱਕ, ਹਰ ਕਿਸਮ ਦਾ ਸੰਗੀਤ ਮਨ ਦੀ ਅਵਸਥਾ 'ਤੇ ਆਪਣਾ ਵਿਲੱਖਣ ਪ੍ਰਭਾਵ ਛੱਡਦਾ ਹੈ।

ਇਕਾਗਰਤਾ ਦਾ ਅਰਥ ਹੈ ਕਿਸੇ ਇੱਕ ਕੰਮ 'ਤੇ ਪੂਰਾ ਧਿਆਨ ਕੇਂਦਰਿਤ ਕਰਨਾ ਅਤੇ ਬੇਲੋੜੀਆਂ ਰੁਕਾਵਟਾਂ ਨੂੰ ਨਜ਼ਰਅੰਦਾਜ਼ ਕਰਨਾ। ਸਿੱਖਿਆ, ਫ਼ੈਸਲਾ ਲੈਣ, ਰਚਨਾਤਮਕ ਸੋਚ ਅਤੇ ਉਤਪਾਦਕਤਾ ਲਈ ਇਕਾਗਰਤਾ ਬਹੁਤ ਜ਼ਰੂਰੀ ਹੈ। ਪਰ ਤਣਾਅ, ਚਿੰਤਾ, ਬੇਜ਼ਾਰੀ ਅਤੇ ਮਾਨਸਿਕ ਥਕਾਵਟ ਅਕਸਰ ਸਾਡੀ ਧਿਆਨ ਦੇਣ ਦੀ ਸਮਰੱਥਾ ਨੂੰ ਕਮਜ਼ੋਰ ਕਰ ਦਿੰਦੇ ਹਨ। ਉਚਿਤ ਸੰਗੀਤ ਮਨ ਨੂੰ ਸ਼ਾਂਤ ਅਤੇ ਸਕਾਰਾਤਮਕ ਬਣਾਕੇ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਵਿੱਚ ਸਹਾਇਤਾ ਕਰ ਸਕਦਾ ਹੈ।

ਵਿਗਿਆਨਕ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਸੰਗੀਤ ਸੁਣਨ ਨਾਲ ਦਿਮਾਗ ਦੇ ਉਹ ਖੇਤਰ ਸਰਗਰਮ ਹੁੰਦੇ ਹਨ ਜੋ ਯਾਦਦਾਸ਼ਤ, ਭਾਵਨਾਵਾਂ, ਧਿਆਨ ਅਤੇ ਪ੍ਰੇਰਣਾ ਨਾਲ ਸੰਬੰਧਿਤ ਹਨ। ਮਨਪਸੰਦ ਅਤੇ ਸੁਹਾਵਣਾ ਸੰਗੀਤ ਡੋਪਾਮੀਨ ਨਾਮਕ ਨਿਊਰੋਟਰਾਂਸਮੀਟਰ ਦੇ ਸ੍ਰਾਵ ਨੂੰ ਉਤਸ਼ਾਹਿਤ ਕਰ ਸਕਦਾ ਹੈ, ਜੋ ਖੁਸ਼ੀ ਅਤੇ ਪ੍ਰੇਰਣਾ ਨਾਲ ਜੁੜਿਆ ਹੋਇਆ ਹੈ। ਜਦੋਂ ਮਨੁੱਖ ਮਾਨਸਿਕ ਤੌਰ 'ਤੇ ਸ਼ਾਂਤ ਅਤੇ ਭਾਵਨਾਤਮਕ ਤੌਰ 'ਤੇ ਸੰਤੁਲਿਤ ਹੁੰਦਾ ਹੈ, ਤਾਂ ਉਸ ਲਈ ਆਪਣੇ ਕੰਮ 'ਤੇ ਧਿਆਨ ਕੇਂਦਰਿਤ ਕਰਨਾ ਆਸਾਨ ਹੋ ਜਾਂਦਾ ਹੈ।

ਵਿਦਿਆਰਥੀਆਂ ਲਈ ਸੰਗੀਤ ਵਿਸ਼ੇਸ਼ ਤੌਰ 'ਤੇ ਲਾਭਦਾਇਕ ਸਾਬਤ ਹੋ ਸਕਦਾ ਹੈ। ਪੜ੍ਹਾਈ ਦੌਰਾਨ ਹੌਲੀ ਆਵਾਜ਼ ਦਾ ਸੰਗੀਤ, ਸ਼ਾਸਤਰੀ ਧੁਨਾਂ ਜਾਂ ਕੁਦਰਤੀ ਆਵਾਜ਼ਾਂ ਮਨ ਨੂੰ ਸ਼ਾਂਤੀ ਪ੍ਰਦਾਨ ਕਰ ਸਕਦੀਆਂ ਹਨ। ਲੰਬੇ ਸਮੇਂ ਤੱਕ ਪੜ੍ਹਾਈ ਕਰਨ ਦੀ ਇਕਸਾਰਤਾ ਨੂੰ ਘਟਾਉਣ ਲਈ ਵੀ ਸੰਗੀਤ ਸਹਾਇਕ ਹੁੰਦਾ ਹੈ। ਹਾਲਾਂਕਿ ਪੜ੍ਹਨ, ਲਿਖਣ ਅਤੇ ਗੰਭੀਰ ਸਮੱਸਿਆਵਾਂ ਹੱਲ ਕਰਨ ਸਮੇਂ ਬਿਨਾਂ ਬੋਲਾਂ ਵਾਲਾ ਸੰਗੀਤ ਵਧੇਰੇ ਉਚਿਤ ਮੰਨਿਆ ਜਾਂਦਾ ਹੈ, ਕਿਉਂਕਿ ਗੀਤਾਂ ਦੇ ਸ਼ਬਦ ਕਈ ਵਾਰ ਦਿਮਾਗੀ ਪ੍ਰਕਿਰਿਆ ਅਤੇ ਸਮਝ ਵਿੱਚ ਵਿਘਨ ਪੈਦਾ ਕਰ ਸਕਦੇ ਹਨ।

ਸੰਗੀਤ ਦੀ ਲੈਅ ਅਤੇ ਗਤੀ ਵੀ ਇਕਾਗਰਤਾ 'ਤੇ ਪ੍ਰਭਾਵ ਪਾਉਂਦੀ ਹੈ। ਹੌਲਾ ਅਤੇ ਸ਼ਾਂਤ ਸੰਗੀਤ ਚਿੰਤਾ ਘਟਾਉਣ ਵਿੱਚ ਸਹਾਇਕ ਹੋ ਸਕਦਾ ਹੈ, ਜਦਕਿ ਮੱਧਮ ਗਤੀ ਵਾਲਾ ਲੈਅਬੱਧ ਸੰਗੀਤ ਊਰਜਾ ਅਤੇ ਪ੍ਰੇਰਣਾ ਵੱਧਾ ਸਕਦਾ ਹੈ। ਦੂਜੇ ਪਾਸੇ ਬਹੁਤ ਉੱਚੀ ਆਵਾਜ਼, ਤੇਜ਼ ਧੁਨਾਂ ਜਾਂ ਬਹੁਤ ਜਟਿਲ ਸੰਗੀਤ ਗੰਭੀਰ ਬੌਧਿਕ ਕੰਮਾਂ ਦੌਰਾਨ ਧਿਆਨ ਭਟਕਾ ਸਕਦਾ ਹੈ। ਇਸ ਲਈ ਸੰਗੀਤ ਦੀ ਚੋਣ ਬਹੁਤ ਮਹੱਤਵਪੂਰਨ ਹੈ।

ਸੰਗੀਤ ਅਤੇ ਯਾਦਦਾਸ਼ਤ ਦਾ ਵੀ ਡੂੰਘਾ ਸੰਬੰਧ ਹੈ। ਧੁਨਾਂ ਅਤੇ ਲੈਅ ਜਾਣਕਾਰੀ ਨੂੰ ਦਿਮਾਗ ਵਿੱਚ ਵਿਵਸਥਿਤ ਕਰਨ ਅਤੇ ਕੁਝ ਤੱਥਾਂ ਨੂੰ ਯਾਦ ਰੱਖਣ ਵਿੱਚ ਮਦਦ ਕਰ ਸਕਦੇ ਹਨ। ਬੱਚਿਆਂ ਨੂੰ ਵਰਣਮਾਲਾ, ਕਵਿਤਾਵਾਂ, ਪਹਾੜੇ ਅਤੇ ਹੋਰ ਵਿਸ਼ੇ ਸਿਖਾਉਣ ਲਈ ਵਿਦਿਅਕ ਗੀਤਾਂ ਅਤੇ ਸੰਗੀਤਕ ਤਰੀਕਿਆਂ ਦੀ ਵਰਤੋਂ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਹੈ। ਸੰਗੀਤ ਯਾਦਾਂ ਨਾਲ ਸੰਬੰਧ ਬਣਾਉਂਦਾ ਹੈ, ਜਿਸ ਕਾਰਨ ਜਾਣਕਾਰੀ ਨੂੰ ਯਾਦ ਕਰਨਾ ਅਤੇ ਦੁਹਰਾਉਣਾ ਆਸਾਨ ਹੋ ਸਕਦਾ ਹੈ।

ਇਕਾਗਰਤਾ ਵੱਧਾਉਣ ਤੋਂ ਇਲਾਵਾ ਸੰਗੀਤ ਤਣਾਅ ਅਤੇ ਚਿੰਤਾ ਨੂੰ ਘਟਾਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਤਣਾਅ ਪ੍ਰਭਾਵਸ਼ਾਲੀ ਸਿੱਖਿਆ ਅਤੇ ਉਤਪਾਦਕਤਾ ਦੇ ਸਭ ਤੋਂ ਵੱਡੇ ਦੁਸ਼ਮਣਾਂ ਵਿੱਚੋਂ ਇੱਕ ਹੈ। ਇੱਕ ਸ਼ਾਂਤ ਧੁਨ ਬੇਚੈਨ ਮਨ ਨੂੰ ਸਕੂਨ ਦੇ ਸਕਦੀ ਹੈ ਅਤੇ ਭਾਵਨਾਤਮਕ ਰਾਹਤ ਪ੍ਰਦਾਨ ਕਰ ਸਕਦੀ ਹੈ। ਪ੍ਰੀਖਿਆਵਾਂ ਦੇ ਦਬਾਅ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਲਈ ਥੋੜ੍ਹੇ ਸਮੇਂ ਲਈ ਸ਼ਾਂਤ ਸੰਗੀਤ ਸੁਣਨਾ ਮਨ ਨੂੰ ਸਕਾਰਾਤਮਕ ਅਤੇ ਆਤਮਵਿਸ਼ਵਾਸੀ ਬਣਾਉਣ ਵਿੱਚ ਸਹਾਇਕ ਹੋ ਸਕਦਾ ਹੈ।

ਕੰਮ ਵਾਲੀਆਂ ਥਾਵਾਂ 'ਤੇ ਵੀ ਸੰਗੀਤ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਹੌਲੀ ਆਵਾਜ਼ ਦਾ ਸੰਗੀਤ ਰੋਜ਼ਾਨਾ ਦੇ ਇਕਸਾਰ ਕੰਮਾਂ ਦੀ ਬੇਜ਼ਾਰੀ ਘਟਾ ਸਕਦਾ ਹੈ ਅਤੇ ਕਰਮਚਾਰੀਆਂ ਦੀ ਪ੍ਰੇਰਣਾ ਵੱਧਾ ਸਕਦਾ ਹੈ। ਪਰ ਇਹ ਵੀ ਜ਼ਰੂਰੀ ਹੈ ਕਿ ਹਰੇਕ ਵਿਅਕਤੀ ਦੀ ਪਸੰਦ ਅਤੇ ਕੰਮ ਦੀ ਪ੍ਰਕਿਰਤੀ ਦਾ ਸਤਿਕਾਰ ਕੀਤਾ ਜਾਵੇ। ਕੁਝ ਲੋਕ ਸੰਗੀਤ ਦੇ ਨਾਲ ਵਧੀਆ ਕੰਮ ਕਰ ਸਕਦੇ ਹਨ, ਜਦਕਿ ਹੋਰਾਂ ਲਈ ਗੰਭੀਰ ਸੋਚ ਅਤੇ ਵਿਸ਼ਲੇਸ਼ਣ ਵਾਲੇ ਕੰਮਾਂ ਦੌਰਾਨ ਪੂਰੀ ਖਾਮੋਸ਼ੀ ਜ਼ਿਆਦਾ ਪ੍ਰਭਾਵਸ਼ਾਲੀ ਹੋ ਸਕਦੀ ਹੈ।

ਇਸ ਦੇ ਬਾਵਜੂਦ ਸੰਗੀਤ ਨੂੰ ਇਕਾਗਰਤਾ ਦੀ ਹਰ ਸਮੱਸਿਆ ਦਾ ਸਰਵਵਿਆਪੀ ਹੱਲ ਨਹੀਂ ਮੰਨਿਆ ਜਾ ਸਕਦਾ। ਬੇਲੋੜਾ ਸੰਗੀਤ ਸੁਣਨਾ, ਅਣਉਚਿਤ ਗੀਤਾਂ ਦੀ ਚੋਣ ਕਰਨਾ ਜਾਂ ਵਾਰ-ਵਾਰ ਗਾਣੇ ਬਦਲਣਾ ਧਿਆਨ ਭਟਕਾਉਣ ਦਾ ਕਾਰਨ ਬਣ ਸਕਦਾ ਹੈ। ਮੋਬਾਈਲ ਫੋਨ 'ਤੇ ਗਾਣਾ ਬਦਲਣ ਜਾਂ ਸੂਚਨਾਵਾਂ ਦੇਖਣ ਲਈ ਵਾਰ-ਵਾਰ ਧਿਆਨ ਹਟਾਉਣਾ ਸੰਗੀਤ ਦੇ ਅਸਲ ਉਦੇਸ਼ ਨੂੰ ਹੀ ਖਤਮ ਕਰ ਸਕਦਾ ਹੈ। ਇਸ ਲਈ ਸੰਗੀਤ ਦੀ ਵਰਤੋਂ ਸੂਝ-ਬੂਝ ਅਤੇ ਸੰਤੁਲਨ ਨਾਲ ਕਰਨੀ ਚਾਹੀਦੀ ਹੈ।

ਇਹ ਵੀ ਸਮਝਣਾ ਜ਼ਰੂਰੀ ਹੈ ਕਿ ਹਰ ਵਿਅਕਤੀ 'ਤੇ ਸੰਗੀਤ ਦਾ ਪ੍ਰਭਾਵ ਇੱਕੋ ਜਿਹਾ ਨਹੀਂ ਹੁੰਦਾ। ਕੁਝ ਲੋਕ ਖਾਮੋਸ਼ੀ ਵਿੱਚ ਵਧੇਰੇ ਇਕਾਗਰਤਾ ਨਾਲ ਕੰਮ ਕਰਦੇ ਹਨ, ਜਦਕਿ ਕੁਝ ਲੋਕ ਹੌਲੀ ਆਵਾਜ਼ ਦੇ ਸੰਗੀਤ ਨਾਲ ਸੁਚੱਜਾ ਪ੍ਰਦਰਸ਼ਨ ਕਰਦੇ ਹਨ। ਇਸ ਲਈ ਕੋਈ ਇੱਕ ਵਿਸ਼ੇਸ਼ ਸੰਗੀਤਕ ਸ਼ੈਲੀ ਹਰ ਵਿਅਕਤੀ ਲਈ ਇਕਾਗਰਤਾ ਵੱਧਾਉਣ ਦੀ ਗਾਰੰਟੀ ਨਹੀਂ ਦੇ ਸਕਦੀ। ਵਿਅਕਤੀਗਤ ਪਸੰਦ, ਕੰਮ ਦੀ ਕਿਸਮ ਅਤੇ ਆਲੇ-ਦੁਆਲੇ ਦਾ ਵਾਤਾਵਰਨ ਇਸ ਦੀ ਪ੍ਰਭਾਵਸ਼ੀਲਤਾ ਨੂੰ ਨਿਰਧਾਰਤ ਕਰਦੇ ਹਨ।

ਸੰਗੀਤ ਨੂੰ ਇੱਕ ਸਹਾਇਕ ਸਾਧਨ ਵਜੋਂ ਦੇਖਣਾ ਚਾਹੀਦਾ ਹੈ, ਨਾ ਕਿ ਅਨੁਸ਼ਾਸਨ ਅਤੇ ਮਿਹਨਤ ਦੇ ਬਦਲ ਵਜੋਂ। ਪੂਰੀ ਨੀਂਦ, ਸਮੇਂ ਦੀ ਸਹੀ ਯੋਜਨਾ, ਸਿਹਤਮੰਦ ਜੀਵਨਸ਼ੈਲੀ ਅਤੇ ਸ਼ਾਂਤ ਵਾਤਾਵਰਨ ਇਕਾਗਰਤਾ ਬਣਾਈ ਰੱਖਣ ਲਈ ਬਹੁਤ ਮਹੱਤਵਪੂਰਨ ਹਨ। ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸੰਗੀਤ ਮਨੁੱਖੀ ਇਕਾਗਰਤਾ, ਯਾਦਦਾਸ਼ਤ, ਭਾਵਨਾਵਾਂ ਅਤੇ ਉਤਪਾਦਕਤਾ ਨੂੰ ਪ੍ਰਭਾਵਿਤ ਕਰਨ ਦੀ ਅਪਾਰ ਸਮਰੱਥਾ ਰੱਖਦਾ ਹੈ। ਜਦੋਂ ਇਸ ਦੀ ਚੋਣ ਸਮਝਦਾਰੀ ਨਾਲ ਕੀਤੀ ਜਾਵੇ, ਤਾਂ ਇਹ ਤਣਾਅ ਘਟਾ ਸਕਦਾ ਹੈ, ਮਨੋਦਸ਼ਾ ਨੂੰ ਸਿਹਤਮੰਦ ਬਣਾ ਸਕਦਾ ਹੈ ਅਤੇ ਸਿੱਖਣ ਤੇ ਰਚਨਾਤਮਕ ਸੋਚ ਲਈ ਅਨੁਕੂਲ ਵਾਤਾਵਰਨ ਪੈਦਾ ਕਰ ਸਕਦਾ ਹੈ। ਅੱਜ ਦੇ ਲਗਾਤਾਰ ਵਧ ਰਹੇ ਡਿਜ਼ੀਟਲ ਵਿਘਨਾਂ ਦੇ ਯੁੱਗ ਵਿੱਚ ਸੰਗੀਤ ਮਾਨਸਿਕ ਇਕਾਗਰਤਾ ਅਤੇ ਭਾਵਨਾਤਮਕ ਸੰਤੁਲਨ ਵਿਕਸਿਤ ਕਰਨ ਦਾ ਇੱਕ ਕੀਮਤੀ ਸਾਥੀ ਬਣ ਸਕਦਾ ਹੈ। ਸੰਗੀਤ ਦਾ ਅਸਲ ਲਾਭ ਇਸ ਗੱਲ ਵਿੱਚ ਨਹੀਂ ਕਿ ਅਸੀਂ ਇਸ ਨੂੰ ਲਗਾਤਾਰ ਸੁਣਦੇ ਰਹੀਏ, ਬਲਕਿ ਇਸ ਗੱਲ ਵਿੱਚ ਹੈ ਕਿ ਅਸੀਂ ਸਮਝੀਏ ਕਿ ਇਸ ਨੂੰ ਕਦੋਂ ਅਤੇ ਕਿਵੇਂ ਵਰਤਣਾ ਹੈ। ਸਹੀ ਧੁਨ ਮਨ ਨੂੰ ਸ਼ਾਂਤ ਕਰ ਸਕਦੀ ਹੈ, ਪ੍ਰੇਰਣਾ ਨੂੰ ਮਜ਼ਬੂਤ ਕਰ ਸਕਦੀ ਹੈ ਅਤੇ ਸਿੱਖਣ ਦੀ ਯਾਤਰਾ ਨੂੰ ਹੋਰ ਸੁਖਦਾਈ ਬਣਾ ਸਕਦੀ ਹੈ। ਸੰਗੀਤ ਮਿਹਨਤ ਦਾ ਬਦਲ ਨਹੀਂ, ਪਰ ਇਹ ਨਿਸ਼ਚਿਤ ਤੌਰ 'ਤੇ ਮਿਹਨਤ ਨੂੰ ਹੋਰ ਕੇਂਦਰਿਤ, ਸ਼ਾਂਤ ਅਤੇ ਅਰਥਪੂਰਨ ਬਣਾ ਸਕਦਾ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਢਲਦੇ ਸੂਰਜ ਨੂੰ ਦੇਖਣ ਨਾਲ ਦਿਮਾਗ 'ਤੇ ਹੁੰਦੈ ਕਮਾਲ ਦਾ ਅਸਰ



ਕੁਦਰਤ ਦੀ ਖੂਬਸੂਰਤੀ ਦਾ ਆਨੰਦ ਲੈਣ ਲਈ ਸਨਰਾਈਜ਼ ਜਾਂ ਸਨਸੈੱਟ ਦਾ ਨਜ਼ਾਰਾ ਸਭ ਤੋਂ ਬਿਹਤਰੀਨ ਮੰਨਿਆ ਜਾਂਦਾ ਹੈ। ਇਸ ਖੂਬਸੂਰਤ ਨਜ਼ਾਰੇ ਨੂੰ ਦੇਖ ਕੇ ਲੋਕਾਂ ਨੂੰ ਕਾਫ਼ੀ ਸਕੂਨ ਮਹਿਸੂਸ ਹੁੰਦਾ ਹੈ। ਆਸਮਾਨ 'ਚ ਬਿਖਰੇ ਲਾਲ ਤੇ ਸੰਤਰੀ ਰੰਗ ਸਾਡੀਆਂ ਅੱਖਾਂ ਨੂੰ ਤਾਂ ਸਕੂਨ ਦਿੰਦੇ ਹੀ ਹਨ, ਨਾਲ ਹੀ ਸਾਡੀ ਮੈਂਟਲ ਹੈਲਥ ਲਈ ਵੀ ਕਾਫ਼ੀ ਫਾਇਦੇਮੰਦ ਹੁੰਦੇ ਹਨ।

ਢਲਦੇ ਸੂਰਜ ਨੂੰ ਦੇਖਣ ਨਾਲ ਸਾਡੇ ਦਿਮਾਗ 'ਤੇ ਜੋ ਅਸਰ ਹੁੰਦਾ ਹੈ, ਉਸ ਨੂੰ 'ਸ਼ੁਨਸਏਟ ਆਏ' ਕਿਹਾ ਜਾਂਦਾ ਹੈ। ਇਸ ਇਫੈਕਟ ਨਾਲ ਸਾਡੇ ਦਿਮਾਗ 'ਤੇ ਕਈ ਪਾਜ਼ੀਟਿਵ ਅਸਰ ਹੁੰਦੇ ਹਨ। ਆਓ ਜਾਣਦੇ ਹਾਂ ਕਿ ਡੁੱਬਦੇ ਸੂਰਜ ਨੂੰ ਦੇਖਣਾ ਸਾਡੀ ਮੈਂਟਲ ਹੈਲਥ ਲਈ ਕਿਵੇਂ ਫਾਇਦੇਮੰਦ ਹੈ।

### ਸਟ੍ਰੈੱਸ ਤੇ ਐਂਗਜ਼ਾਇਟੀ ਤੋਂ ਰਾਹਤ

ਕਈ ਸਟਡੀਜ਼ 'ਚ ਇਹ ਸਾਬਿਤ ਹੋ ਚੁੱਕਾ ਹੈ ਕਿ ਡੁੱਬਦੇ ਜਾਂ ਉੱਗਦੇ ਹੋਏ ਸੂਰਜ ਨੂੰ ਦੇਖਣ ਨਾਲ ਸਾਡੇ ਅੰਦਰ 'ਆਏ' ਯਾਨੀ ਹੈਰਾਨੀ ਵਾਲੀ ਭਾਵਨਾ ਪੈਦਾ ਹੁੰਦੀ ਹੈ। ਇਸ ਭਾਵਨਾ ਨਾਲ ਸਾਡੇ ਮਨ ਨੂੰ ਸ਼ਾਂਤੀ ਮਿਲਦੀ ਹੈ ਅਤੇ ਸਟ੍ਰੈੱਸ ਤੇ ਐਂਗਜ਼ਾਇਟੀ ਤੋਂ ਵੀ ਰਾਹਤ ਮਿਲਦੀ ਹੈ। ਜੇ ਨਿਯਮਿਤ ਤੌਰ 'ਤੇ ਇਸ 'ਆਏ ਓਡਏਚਟ' ਨੂੰ ਮਹਿਸੂਸ ਕੀਤਾ ਜਾਵੇ ਤਾਂ ਸਟ੍ਰੈੱਸ ਅਤੇ ਐਂਗਜ਼ਾਇਟੀ ਨੂੰ ਲੰਬੇ ਸਮੇਂ ਲਈ ਘੱਟ ਕੀਤਾ ਜਾ ਸਕਦਾ ਹੈ।

### ਯਾਦਦਾਸ਼ਤ 'ਚ ਸੁਧਾਰ

ਸਨਸੈੱਟ ਤੇ ਸਨਰਾਈਜ਼ ਦਾ ਨਜ਼ਾਰਾ ਦਿਮਾਗ ਨੂੰ ਰੋਜ਼ਾਨਾ ਦੀ ਭੱਜ-ਦੌੜ ਅਤੇ ਮਾਨਸਿਕ ਥਕਾਵਟ ਤੋਂ ਬ੍ਰੇਕ ਦਿੰਦਾ ਹੈ। ਜਦੋਂ ਦਿਮਾਗ ਸ਼ਾਂਤ ਹੁੰਦਾ ਹੈ ਤਾਂ ਸਾਡੀ ਕ੍ਰੀਏਟਿਵਿਟੀ ਵਧਦੀ ਹੈ ਅਤੇ ਜਾਣਕਾਰੀ ਸਟੋਰ ਕਰਨ ਦੀ ਸਮਰੱਥਾ 'ਚ ਵੀ ਕਾਫ਼ੀ ਸੁਧਾਰ ਹੁੰਦਾ ਹੈ। ਇਸ ਤੋਂ ਇਲਾਵਾ, ਸਟ੍ਰੈੱਸ ਘੱਟ ਹੋਣ ਨਾਲ ਫੋਕਸ ਵੀ ਵਧਦਾ ਹੈ।

### ਸਰੀਰ 'ਚ ਸੋਜ ਘੱਟ ਹੁੰਦੀ ਹੈ

ਜਦੋਂ ਅਸੀਂ ਸਨਸੈੱਟ ਵਰਗਾ ਨਜ਼ਾਰਾ ਦੇਖਦੇ ਹਾਂ ਤਾਂ ਸਾਨੂੰ ਖੁਸ਼ੀ ਮਹਿਸੂਸ ਹੁੰਦੀ ਹੈ। ਇਸ ਨਾਲ ਸਾਈਟੋਕਾਈਨਜ਼ ਦਾ ਲੈਵਲ ਘੱਟ ਹੁੰਦਾ ਹੈ। ਸਾਈਟੋਕਾਈਨ ਇਨਫਲੇਮੇਸ਼ਨ ਮਾਰਕਰ ਹੁੰਦੇ ਹਨ। ਇਸ ਲਈ ਇਨ੍ਹਾਂ ਦਾ ਪੱਧਰ ਘੱਟ ਹੋਣ ਨਾਲ ਸੋਜ ਘੱਟ ਹੁੰਦੀ ਹੈ ਤੇ ਡਾਇਬਟੀਜ਼ ਤੇ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਘੱਟ ਹੁੰਦਾ ਹੈ।

### ਸਰਕੇਡੀਅਨ ਰਿਦਮ 'ਚ ਸੁਧਾਰ

ਸਵੇਰੇ ਉੱਗਦੇ ਸੂਰਜ ਨੂੰ ਦੇਖਣਾ ਅਤੇ ਸ਼ਾਮ ਨੂੰ ਸਨਸੈੱਟ ਦਾ ਨਜ਼ਾਰਾ ਦੇਖਣਾ ਸਾਡੇ ਸਰੀਰ ਦੀ ਬਾਇਓਲਾਜੀਕਲ ਕਲਾਕ ਨੂੰ ਵੀ ਸੈੱਟ ਕਰਦਾ ਹੈ। ਇਸ ਨਾਲ ਰਾਤ ਦੇ ਸਮੇਂ ਮੈਲਾਟੋਨਿਨ ਸਹੀ ਮਾਤਰਾ 'ਚ ਰਿਲੀਜ਼ ਹੁੰਦਾ ਹੈ ਅਤੇ ਬਿਹਤਰ ਨੀਂਦ ਆਉਂਦੀ ਹੈ। ਇਸ ਕਾਰਨ ਸਵੇਰੇ ਉੱਠਣ ਦਾ ਸਮਾਂ ਵੀ ਸਹੀ ਫਿਕਸ ਹੁੰਦਾ ਹੈ ਅਤੇ ਸਲੀਪ ਸਾਈਕਲ 'ਚ ਸੁਧਾਰ ਹੁੰਦਾ ਹੈ।

### ਮਾਈਂਡਫੁਲਨੈੱਸ

ਸਨਰਾਈਜ਼ ਜਾਂ ਸਨਸੈੱਟ ਦਾ ਨਜ਼ਾਰਾ ਸਾਨੂੰ ਵਰਤਮਾਨ ਦੇ ਪਲਾਂ ਨਾਲ ਜੋੜਦਾ ਹੈ। ਸਾਡਾ ਦਿਮਾਗ ਸ਼ਾਂਤ ਹੁੰਦਾ ਹੈ, ਅਸੀ ਪੁਰਾਣੀਆਂ ਗੱਲਾਂ ਜਾਂ ਭਵਿੱਖ ਦੀ ਚਿੰਤਾ ਨੂੰ ਕੁਝ ਸਮੇਂ ਲਈ ਭੁੱਲ ਜਾਂਦੇ ਹਾਂ ਅਤੇ ਉਸ ਨਜ਼ਾਰੇ 'ਤੇ ਫੋਕਸ ਕਰਦੇ ਹਾਂ। ਇਸ ਨਾਲ ਮਾਈਂਡਫੁਲਨੈੱਸ ਵਧਦੀ ਹੈ।

# ਪੇਟ ਦੀ ਸਿਹਤ ਲਈ ਵਰਦਾਨ ਹੈ ਕਾਂਜੀ

ਅੱਜ ਦੀ ਭੱਜ-ਦੌੜ ਭਰੀ ਲਾਈਫਸਟਾਈਲ 'ਚ ਗਟ ਹੈਲਥ ਦਾ ਖਰਾਬ ਹੋਣਾ ਆਮ ਸਮੱਸਿਆ ਬਣ ਚੁੱਕੀ ਹੈ। ਗੈਸ, ਐਸਿਡਿਟੀ, ਕਬਜ਼, ਬਦਹਜ਼ਮੀ ਤੇ ਕਮਜ਼ੋਰ ਇਮਿਊਨਿਟੀ ਅਕਸਰ ਖਰਾਬ ਪਾਚਨ ਨਾਲ ਜੁੜੀਆਂ ਹੁੰਦੀਆਂ ਹਨ। ਅਜਿਹੇ 'ਚ ਰਵਾਇਤੀ ਭਾਰਤੀ ਫਰਮੈਂਟਿਡ ਪੇਅ ਕਾਂਜੀ ਨੂੰ ਗਟ ਲਈ ਅੰਮ੍ਰਿਤ ਸਮਾਨ ਮੰਨਿਆ ਜਾਂਦਾ ਹੈ। ਆਮ ਤੌਰ 'ਤੇ ਇਸਨੂੰ ਕਾਲੀ ਗਾਜਰ ਤੇ ਸਰ੍ਹੋਂ ਨਾਲ ਬਣਾਇਆ ਜਾਂਦਾ ਹੈ, ਪਰ ਤੁਸੀਂ ਇਸਨੂੰ ਘਰ 'ਚ ਬਹੁਤ ਹੀ ਆਸਾਨ ਤਰੀਕੇ ਨਾਲ ਚਾਵਲ ਤੇ ਦਹੀਂ ਨਾਲ ਵੀ ਤਿਆਰ ਕਰ ਸਕਦੇ ਹੋ।

### ਚਾਵਲ ਤੇ ਦਹੀਂ ਨਾਲ ਕਾਂਜੀ ਬਣਾਉਣ ਦੀ ਵਿਧੀ

ਇਹ ਕੁਦਰਤੀ ਪ੍ਰੋਬਾਇਓਟਿਕ ਡਰਿੰਕ ਅੰਤੜੀਆਂ 'ਚ ਚੰਗੇ ਬੈਕਟੀਰੀਆ ਵਧਾ ਕੇ ਪਾਚਨ ਤੰਤਰ ਨੂੰ ਮਜ਼ਬੂਤ ਬਣਾਉਂਦੀ ਹੈ ਤੇ ਸਰੀਰ ਨੂੰ ਅੰਦਰੋਂ ਸੰਤੁਲਿਤ ਰੱਖਣ 'ਚ ਮਦਦ ਕਰਦੀ ਹੈ।

### ਸਮੱਗਰੀ

1 ਕੱਪ ਉਬਲੇ ਹੋਏ ਸਾਦੇ ਚਾਵਲ
2 ਕੱਪ ਹਲਕਾ ਖੱਟਾ ਦਹੀਂ
4-5 ਕੱਪ ਗੁੰਮਗੁੰਮਾ ਉਬਲਿਆ ਹੋਇਆ ਪਾਣੀ
1 ਛੋਟਾ ਚਮਚ ਸੇਂਧਾ ਨਮਕ ਜਾਂ ਕਾਲਾ ਨਮਕ
1 ਛੋਟਾ ਚਮਚ ਭੁੰਨਿਆ ਹੋਇਆ ਜੀਰਾ ਪਾਊਡਰ
ਚੁਟਕੀ ਭਰ ਕਾਲੀ ਮਿਰਚ ਪਾਊਡਰ

### ਬਣਾਉਣ ਦਾ ਤਰੀਕਾ

ਸਭ ਤੋਂ ਪਹਿਲਾਂ ਉਬਲੇ ਹੋਏ ਚਾਵਲਾਂ ਨੂੰ ਹਲਕਾ ਜਿਹਾ ਮੈਸ਼ ਕਰ ਲਓ, ਤਾਂ ਜੋ ਉਹ ਪਾਣੀ 'ਚ ਚੰਗੀ ਤਰ੍ਹਾਂ ਘੁਲ ਜਾਣ।

ਹੁਣ ਇਸ 'ਚ ਦਹੀਂ ਮਿਲਾ ਕੇ ਚੰਗੀ ਤਰ੍ਹਾਂ ਫੈਂਟ ਲਓ। ਇਸ ਤੋਂ ਬਾਅਦ ਕੋਸਾ ਪਾਣੀ ਪਾ ਕੇ ਪਤਲਾ ਮਿਸ਼ਰਣ ਤਿਆਰ ਕਰੋ।

ਇਸ 'ਚ ਨਮਕ, ਭੁੰਨਿਆ ਹੋਇਆ ਜੀਰਾ ਤੇ ਕਾਲੀ ਮਿਰਚ ਮਿਲਾਓ।

ਇਸ ਮਿਸ਼ਰਣ ਨੂੰ ਕੱਚ ਜਾਂ ਮਿੱਟੀ ਦੇ ਬਰਤਨ 'ਚ ਪਾ ਕੇ ਢੱਕ ਦਿਓ।

ਹੁਣ ਇਸਨੂੰ 24-36 ਘੰਟਿਆਂ ਲਈ ਹਲਕੀ ਧੁੱਪ ਜਾਂ ਕਿਸੇ ਗਰਮ ਜਗ੍ਹਾ 'ਤੇ ਰੱਖ ਦਿਓ, ਤਾਂ ਜੋ ਇਸ 'ਚ ਕੁਦਰਤੀ ਤੌਰ 'ਤੇ ਫਰਮੈਂਟੇਸ਼ਨ ਹੋ ਸਕੇ।

ਜਦੋਂ ਇਸ 'ਚ ਹਲਕੀ ਖਟਾਸ, ਸੁਗੰਧ ਤੇ ਛੋਟੇ-ਛੋਟੇ ਬੁਲਬੁਲੇ ਦਿਖਾਈ ਦੇਣ, ਤਾਂ ਸਮਝੋ ਕਿ ਤੁਹਾਡੀ ਕਾਂਜੀ ਤਿਆਰ ਹੈ।

ਇਸਨੂੰ ਛਾਣ ਕੇ ਫਰਿੱਜ 'ਚ ਰੱਖੋ ਤੇ 2-3 ਦਿਨਾਂ ਦੇ ਅੰਦਰ ਇਸਦਾ ਇਸਤੇਮਾਲ ਕਰੋ।

### ਗਟ ਹੈਲਥ ਲਈ ਇਸਦੇ ਫਾਇਦੇ

**ਕੁਦਰਤੀ ਪ੍ਰੋਬਾਇਓਟਿਕ :** ਦਹੀਂ 'ਚ ਮੌਜੂਦ ਲਾਭਦਾਇਕ ਬੈਕਟੀਰੀਆ ਫਰਮੈਂਟੇਸ਼ਨ ਦੌਰਾਨ ਵਧਦੇ ਹਨ, ਜੋ ਅੰਤੜੀਆਂ ਦੇ ਮਾਈਕ੍ਰੋਬਾਇਓਮ ਨੂੰ ਸੰਤੁਲਿਤ ਰੱਖਣ 'ਚ ਮਦਦ ਕਰਦੇ ਹਨ।

ਪਾਚਨ 'ਚ ਸੁਧਾਰ : ਇਹ ਗੈਸ, ਕਬਜ਼ ਤੇ ਬਦਹਜ਼ਮੀ ਵਰਗੀਆਂ ਸਮੱਸਿਆਵਾਂ ਨੂੰ ਘੱਟ ਕਰਨ 'ਚ ਮਦਦਗਾਰ ਹੋ ਸਕਦੀ ਹੈ।

ਇਮਿਊਨਿਟੀ ਮਜ਼ਬੂਤ ਕਰੇ : ਚੰਗੀ ਗਟ ਹੈਲਥ ਸਿੱਧੇ ਤੌਰ 'ਤੇ ਮਜ਼ਬੂਤ ਰੋਗ-ਪ੍ਰਤੀਰੋਧਕ ਸਮਰੱਥਾ ਨਾਲ ਜੁੜੀ ਹੁੰਦੀ ਹੈ। ਇਸਦਾ ਨਿਯਮਿਤ ਸੇਵਨ ਸਰੀਰ ਨੂੰ ਇਨਫੈਕਸ਼ਨ ਤੋਂ ਬਚਾਉਣ 'ਚ ਸਹਾਇਕ ਹੋ ਸਕਦਾ ਹੈ।

ਡਿਟੌਕਸ 'ਚ ਮਦਦਗਾਰ : ਫਰਮੈਂਟਿਡ ਡਰਿੰਕ ਸਰੀਰ 'ਚੋਂ ਟੌਕਸਿਨ ਬਾਹਰ ਕੱਢਣ ਦੀ ਕੁਦਰਤੀ ਪ੍ਰਕਿਰਿਆ ਨੂੰ ਸਪੋਰਟ ਕਰ ਸਕਦੀ ਹੈ।

ਮੈਟਾਬੋਲਿਜ਼ਮ ਬਿਹਤਰ ਬਣਾਏ : ਇਹ ਸਰੀਰ ਦੇ ਮੈਟਾਬੋਲਿਜ਼ਮ ਨੂੰ ਸੰਤੁਲਿਤ ਰੱਖ ਕੇ ਭਾਰ ਕੰਟਰੋਲ ਕਰਨ 'ਚ ਵੀ ਸਹਾਇਕ ਹੋ ਸਕਦੀ ਹੈ।

### ਸੇਵਨ ਦਾ ਸਹੀ ਤਰੀਕਾ

ਸਵੇਰੇ ਖਾਲੀ ਪੇਟ ਅੱਧੇ ਤੋਂ ਇੱਕ ਗਿਲਾਸ ਤੱਕ ਲਓ।

ਜੇ ਇਹ ਬਹੁਤ ਜ਼ਿਆਦਾ ਖੱਟੀ ਹੋ ਜਾਵੇ ਤਾਂ ਇਸਦਾ ਸੇਵਨ ਨਾ ਕਰੋ।

ਲੈਕਟੋਜ਼ ਇਨਟੌਲਰੈਂਸ ਜਾਂ ਗੰਭੀਰ ਪੇਟ ਦੀ ਸਮੱਸਿਆ ਹੋਣ 'ਤੇ ਪਹਿਲਾਂ ਮਾਹਿਰ ਦੀ ਸਲਾਹ ਲਓ।

ਬੱਚਿਆਂ ਨੂੰ ਘੱਟ ਮਾਤਰਾ 'ਚ ਦਿਓ।













# ਰਾਸ਼ੀਫਲ



**ਮੇਸ਼** – ਅੱਜ ਤੁਸੀਂ ਆਪਣੇ ਪਿਆਰੇ ਨੂੰ ਖੁਸ਼ ਕਰ ਸਕਦੇ ਹੋ, ਅਤੇ ਉਸ ਨੂੰ ਨਵੇਂ ਤਰੀਕੇ ਨਾਲ ਲੁਭਾਉਣ ਦੀ ਵੀ ਕੋਸ਼ਿਸ਼ ਕਰ ਸਕਦੇ ਹੋ। ਹੋ ਸਕਦਾ ਹੈ ਕਿ ਤੁਸੀਂ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਜ਼ਿਆਦਾ ਖੁਸ਼ ਨਾ ਹੋਵੋ। ਹਾਲਾਂਕਿ, ਤੁਸੀਂ ਸ਼ਾਮ ਨੂੰ ਬਾਹਰ ਜਾਣ ਦੀ ਉਮੀਦ ਕਰ ਸਕਦੇ ਹੋ ਅਤੇ ਇੱਥੋਂ ਤੱਕ ਕਿ ਨਵੇਂ ਦੋਸਤ ਵੀ ਬਣਾ ਸਕਦੇ ਹੋ।

**ਵ੍ਰਿਸ਼ਭ** – ਅੱਜ ਤੁਹਾਡੀਆਂ ਭਾਵਨਾਵਾਂ ਅਤੇ ਜਜ਼ਬਾਤ ਬਹੁਤ ਉੱਚ ਹੋ ਸਕਦੇ ਹਨ। ਕਿਸੇ ਨਜ਼ਦੀਕੀ ਨਾਲ ਜੋਸ਼ੀਲੇ ਅਤੇ ਭਾਵੁਕ ਅਨੁਭਵ ਦੀ ਪੂਰਨ ਸੰਭਾਵਨਾ ਹੈ। ਇਸ ਘਟਨਾ/ਮੁਲਾਕਾਤ ਦੌਰਾਨ ਤੁਸੀਂ ਸੰਭਾਵਿਤ ਤੌਰ ਤੇ ਦੂਜੇ ਵਿਅਕਤੀ ਦੁਆਰਾ ਪ੍ਰਭਾਵਿਤ ਹੋਣ ਵਾਲੇ ਹੋ।

**ਮਿਥੁਨ** – ਤੁਸੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਸੰਭਾਵਿਤ ਤੌਰ ਤੇ ਆਪਣੇ ਵਿਚਾਰ ਪ੍ਰਕਟ ਕਰੋਗੇ। ਉਹ ਓਸੇ ਤਰੀਕੇ ਨਾਲ ਜਵਾਬ ਦੇਣਗੇ ਅਤੇ ਤੁਹਾਡੀਆਂ ਭਾਵਨਾਵਾਂ ਅਤੇ ਜਜ਼ਬਾਤਾਂ ਨੂੰ ਸਮਝਣਗੇ। ਇਹ ਤੁਹਾਨੂੰ ਪ੍ਰਵਾਨਗੀ ਅਤੇ ਸੰਪੂਰਨਤਾ ਦੇਵੇਗਾ। ਆਮ ਤੌਰ ਤੇ ਬੋਲਦੇ ਗੱਲ ਕਰੀਏ ਤਾਂ ਅੱਜ ਦਾ ਦਿਨ ਮਜ਼ੇ ਅਤੇ ਉਤਸ਼ਾਹ ਨਾਲ ਭਰਿਆ ਹੋਇਆ ਹੈ।

**ਕਰਕ** – ਕੰਮ 'ਤੇ, ਵਿਸ਼ੇਸ਼ ਸੰਬੰਧ ਬਣਾਉਣ ਦੀਆਂ ਤੁਹਾਡੀਆਂ ਸਮਰੱਥਾਵਾਂ ਤੁਹਾਡੇ ਚੱਲ ਰਹੇ ਕਿਸੇ ਇੱਕ ਪ੍ਰੋਜੈਕਟ ਵਿੱਚ ਸਫਲਤਾਵਾਂ ਲੈ ਕੇ ਆਉਣਗੀਆਂ। ਇਸ ਦੇ ਬਾਵਜੂਦ, ਇਕਰਾਰਨਾਮੇ 'ਤੇ ਦਸਤਖਤ ਕਰਨ ਤੋਂ ਪਹਿਲਾਂ ਤੁਹਾਨੂੰ ਸੁਚੇਤ ਹੋਣਾ ਚਾਹੀਦਾ ਹੈ। ਇਸ 'ਤੇ ਦਸਤਖਤ ਕਰਨ ਤੋਂ ਪਹਿਲਾਂ ਇੱਕ ਵਿਵਸਥਾ ਦੀਆਂ ਬਾਰੀਕੀਆਂ ਨੂੰ ਦੇਖਣਾ ਲਗਾਤਾਰ ਨਾਜ਼ੁਕ ਹੈ।

**ਸਿੰਘ** – ਇਹ ਪੁਰਾਣੇ ਸਾਥੀਆਂ ਅਤੇ ਦੋਸਤਾਂ ਨੂੰ ਮੁੜ ਸੁਰਜੀਤ ਕਰਨ ਅਤੇ ਨਵੇਂ ਸੰਬੰਧ ਬਣਾਉਣ ਲਈ ਵਧੀਆ ਦਿਨ ਹੈ। ਤੁਹਾਡੇ ਦੋਸਤ ਅਤੇ ਰਿਸ਼ਤੇਦਾਰ ਸੰਭਾਵਿਤ ਤੌਰ ਤੇ ਅੱਜ ਤੁਹਾਨੂੰ ਮਿਲਣ ਆਉਣਗੇ। ਘਰ ਵਿੱਚ ਖੁਸ਼ਨੁਮਾ ਮਾਹੌਲ ਰਹੇਗਾ। ਤੁਸੀਂ ਆਪਣੇ ਦੋਸਤਾਂ ਅਤੇ ਮਹਿਮਾਨਾਂ ਲਈ ਵੱਡੀ ਪਾਰਟੀ ਰੱਖ ਸਕਦੇ ਹੋ।

**ਕੰਨਿਆ** – ਵਪਾਰ ਅਤੇ ਆਨੰਦ ਵਧੀਆ ਤੌਰ ਤੇ ਅਨੁਕੂਲਿਤ ਹੋਣਗੇ। ਤੁਸੀਂ ਉਸ ਸਮਾਗਮ ਦੀ ਸ਼ਲਾਘਾ ਕਰੋਗੇ ਜੋ ਅੱਜ ਕਦੇ ਨਾ ਖਤਮ ਹੋਣ ਵਾਲਾ ਲੱਗ ਸਕਦਾ ਹੈ। ਤੁਹਾਡਾ ਖਰਚ ਸੁਸਤੀ ਵਿੱਚ ਤੁਹਾਡੇ ਵੱਲੋਂ ਬਿਤਾਏ ਸਮੇਂ ਦੇ ਸਿੱਧਾ ਅਨੁਪਾਤਕ ਹੋਵੇਗਾ। ਹਾਲਾਂਕਿ, ਤੁਹਾਨੂੰ ਸੋਚ ਸਮਝ ਕੇ ਖਰਚਣ ਅਤੇ ਇਸ ਬਾਰੇ ਚਿੰਤਾ ਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

**ਤੁਲਾ**– ਤੁਹਾਡਾ ਨਾਟਕੀਪਨ ਦਿਖਾਈ ਦੇਵੇਗਾ। ਭਾਵੇਂ ਇਹ ਆਪਣੇ ਕੰਮ ਪ੍ਰਤੀ ਵਚਨਬੱਧਤਾ ਦੀ ਪੇਸ਼ਕਾਰੀ, ਜਾਂ ਤੁਹਾਡੇ ਪਰਿਵਾਰ ਪ੍ਰਤੀ ਸਮਰਪਣ ਹੋਵੇ, ਤੁਹਾਡੇ ਤੋਂ ਪ੍ਰਦਰਸ਼ਨ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ। ਤੁਸੀਂ ਆਪਣੇ ਵਿਰੋਧੀਆਂ ਨੂੰ ਚਿੰਤਾ ਦਿਓਗੇ।

**ਵ੍ਰਿਸ਼ਚਿਕ** – ਸੰਬੰਧ ਜੀਵਨ ਦਾ ਮੂਲ ਹਨ। ਇਹ ਮਹੱਤਵਪੂਰਨ ਹੈ ਕਿ ਜਦੋਂ ਤੁਸੀਂ ਆਪਣੇ ਕਰੀਬੀਆਂ ਅਤੇ ਪਿਆਰਿਆਂ ਦੇ ਨੇੜੇ ਹੁੰਦੇ ਹੋ ਤਾਂ ਤੁਸੀਂ ਉਹਨਾਂ ਨੂੰ ਕਿਵੇਂ ਮਹਿਸੂਸ ਕਰਵਾਉਂਦੇ ਹੋ। ਕਿਸੇ ਨੂੰ ਅੱਜ ਖਾਸ ਮਹਿਸੂਸ ਕਰਵਾਓ; ਹਾਲਾਂਕਿ, ਕਿਸੇ ਵੀ ਤਰੀਕੇ ਨਾਲ ਉਹਨਾਂ 'ਤੇ ਨਿਯੰਤਰਣ ਪਾਉਣ ਦੀ ਕੋਸ਼ਿਸ਼ ਨਾ ਕਰੋ।

**ਧਨੁ** – ਅੱਜ ਤੁਹਾਡੇ ਸਿਤਾਰੇ ਮਜ਼ਬੂਤ ਹਨ, ਅਤੇ ਤੁਹਾਡਾ ਦਿਨ ਵਧੀਆ ਰਹਿਣ ਵਾਲਾ ਹੈ। ਤੁਸੀਂ ਇੱਕ ਪੂਰਨ ਮਾਹਿਰ ਹੋ ਅਤੇ ਇਸ ਲਈ ਸ਼ਲਾਘਾ ਪ੍ਰਾਪਤ ਕਰੋਗੇ। ਤੁਹਾਡੇ ਵਿੱਚ ਕੰਮ 'ਤੇ ਹਰੇਕ ਮੁਸ਼ਕਿਲ ਨੂੰ ਪਾਰ ਕਰਨ ਦਾ ਕੌਸ਼ਲ ਵੀ ਹੈ। ਤੁਹਾਡਾ ਇਹ ਦ੍ਰਿਸ਼ਟੀਕੋਣ ਯਕੀਨਨ ਤੁਹਾਡੇ ਆਲੇ-ਦੁਆਲੇ ਦੇ ਲੋਕਾਂ ਦਾ ਦਿਲ ਜਿੱਤੇਗਾ।

**ਮਕਰ** – ਕੰਮ 'ਤੇ ਪ੍ਰਵਾਨਗੀ ਅਤੇ ਇਨਾਮ ਤੁਹਾਡਾ ਇੰਤਜ਼ਾਰ ਕਰ ਰਹੇ ਹਨ, ਅਤੇ ਸ਼ੁਕਰ ਹੈ ਕਿ, ਤੁਹਾਡੇ ਸਹਿਕਰਮੀ ਤੁਹਾਡੀ ਖੁਸ਼ਹਾਲੀ ਪ੍ਰਤੀ ਈਰਖਾ ਨਹੀਂ ਕਰਨਗੇ। ਉਹ, ਅਸਲ ਵਿੱਚ, ਨਵੇਂ ਅਤੇ ਚੁਣੌਤੀਪੂਰਨ ਕੰਮ ਲੈਣ ਲਈ ਆਪਣੀ ਸੱਚੀ ਸ਼ਲਾਘਾ ਅਤੇ ਪ੍ਰੇਰਨਾ ਦੇਣਗੇ। ਤੁਹਾਡੇ ਵਿੱਚੋਂ ਜੋ ਲੋਕ ਕਿੱਤੇ ਬਦਲਣ ਦੀ ਉਮੀਦ ਕਰ ਰਹੇ ਹਨ, ਇਸ ਵਿਚਾਰ ਨੂੰ ਥੋੜ੍ਹੇ ਸਮੇਂ ਲਈ ਟਾਲੋ, ਹੋ ਸਕਦਾ ਹੈ ਕਿ ਇਹ ਸਹੀ ਸਮਾਂ ਨਾ ਹੋਵੇ।

**ਕੁੰਭ** – ਤੁਹਾਨੂੰ ਘਰ ਵਿੱਚ ਸ਼ਾਂਤਮਈ ਮਾਹੌਲ ਬਣਾ ਕੇ ਰੱਖਣਾ ਮੁਸ਼ਕਿਲ ਲੱਗ ਸਕਦਾ ਹੈ ਅਤੇ ਤੁਹਾਡੀਆਂ ਮੁਸੀਬਤਾਂ ਨੂੰ ਵਧਾਉਂਦੇ ਹੋਏ; ਤੁਹਾਡੇ ਬੱਚੇ ਤੁਹਾਡੇ ਲਈ ਚੀਜ਼ਾਂ ਨੂੰ ਹੋਰ ਵੀ ਬੱਦਤਰ ਅਤੇ ਸੰਭਾਲਣ ਵਿੱਚ ਮੁਸ਼ਕਿਲ ਬਣਾਉਣਗੇ। ਕੁਝ ਪਰਿਵਾਰਿਕ ਵਿਵਾਦ ਵੀ ਹੋ ਸਕਦੇ ਹਨ, ਅਤੇ ਈਰਖਾ ਨਾਲ ਭਰੇ ਗੁਆਂਢੀ ਮੌਜੂਦਾ ਸਮੱਸਿਆਵਾਂ ਨੂੰ ਹੋਰ ਵਧਾਉਣ ਦੀ ਕੋਸ਼ਿਸ਼ ਕਰ ਸਕਦੇ ਹਨ।

**ਮੀਨ** – ਤੁਸੀਂ ਆਪਣੇ ਰੋਜ਼ਾਨਾ ਦੇ ਜੀਵਨ ਨੂੰ ਵਿਵਸਥਿਤ ਅਤੇ ਯੋਜਨਾਬੱਧ ਬਣਾਉਣ ਲਈ ਸਖਤ ਮਿਹਨਤ ਕਰੋਗੇ। ਹਾਲਾਂਕਿ, ਗ੍ਰਹਿਆਂ ਦੀ ਮੰਦਭਾਗੀ ਸਥਿਤੀ ਦੇ ਕਾਰਨ, ਹੋ ਸਕਦਾ ਹੈ ਕਿ ਅੱਜ ਤੁਸੀਂ ਚੀਜ਼ਾਂ ਨੂੰ ਪ੍ਰਭਾਵੀ ਤਰੀਕੇ ਨਾਲ ਹੱਲ ਨਾ ਕਰ ਪਾਓ। ਤੁਹਾਨੂੰ ਸੰਤੋਖੀ ਰਹਿਣ ਅਤੇ ਚੀਜ਼ਾਂ ਜਿਸ ਤਰ੍ਹਾਂ ਹਨ ਉਸ ਤਰ੍ਹਾਂ ਰੱਖਣ ਅਤੇ ਬਦਲਾਅ ਅਤੇ ਤਰੱਕੀ ਦੀਆਂ ਭਾਵਨਾਵਾਂ 'ਤੇ ਰੋਕ ਲਗਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

# ਦਰੱਖਤ ਅਤੇ ਫੁੱਲ ਦੀ ਕਹਾਣੀ



ਇੱਕ ਘਣੇ ਜੰਗਲ ਵਿੱਚ ਇੱਕ ਵਿਸ਼ਾਲ ਪਿੱਪਲ ਦਾ ਦਰੱਖਤ ਖੜ੍ਹਾ ਸੀ। ਉਸਦੀ ਛਾਂ ਹੇਠਾਂ ਇੱਕ ਛੋਟਾ ਜਿਹਾ ਗੁਲਾਬ ਦਾ ਫੁੱਲ ਖਿੜਿਆ ਹੋਇਆ ਸੀ।

ਪਿੱਪਲ ਦਾ ਦਰੱਖਤ ਆਪਣੀ ਲੰਬਾਈ, ਮਜ਼ਬੂਤੀ ਅਤੇ ਫੈਲੇ ਹੋਏ ਪੱਤਿਆਂ ਨੂੰ ਦੇਖ ਕੇ ਬਹੁਤ ਹੰਕਾਰੀ ਅਤੇ ਉਦਾਸ ਰਹਿੰਦਾ ਸੀ। ਉਹ ਸੋਚਦਾ ਸੀ, "ਮੈਂ ਇੰਨਾ ਵਿਸ਼ਾਲ ਹਾਂ, ਪਰ ਮੇਰੇ ਕੋਲ ਕੋਈ ਰੰਗ-ਬਰੰਗੇ ਫੁੱਲ ਨਹੀਂ ਹਨ। ਲੋਕ ਮੈਨੂੰ ਸਿਰਫ਼ ਛਾਂ ਲਈ ਵਰਤਦੇ ਹਨ, ਮੇਰੀ ਸੁੰਦਰਤਾ ਦੀ ਤਾਰੀਫ਼ ਕੋਈ ਨਹੀਂ ਕਰਦਾ। ਇਹ ਛੋਟਾ ਜਿਹਾ ਗੁਲਾਬ ਕਿੰਨਾ ਕਿਸਮਤ ਵਾਲਾ ਹੈ, ਇਸਨੂੰ ਹਰ ਕੋਈ ਤੋੜਨਾ ਚਾਹੁੰਦਾ ਹੈ ਅਤੇ ਇਸਦੀ ਖੁਸ਼ਬੂ ਦੀ ਹਰ ਕੋਈ ਤਾਰੀਫ਼ ਕਰਦਾ ਹੈ।"

ਪਿੱਪਲ ਨੇ ਆਪਣੀ ਇਹ ਉਦਾਸੀ ਗੁਲਾਬ ਦੇ ਫੁੱਲ ਨੂੰ ਦੱਸੀ। ਗੁਲਾਬ ਹੱਸਿਆ ਅਤੇ ਬੋਲਿਆ, "ਹੇ ਮਹਾਨ ਦਰੱਖਤ! ਤੈਨੂੰ ਲੱਗਦਾ ਹੈ ਕਿ ਮੈਂ ਖੁਸ਼ ਹਾਂ? ਮੇਰੀ ਜ਼ਿੰਦਗੀ ਤਾਂ ਸਿਰਫ਼ ਕੁਝ ਦਿਨਾਂ ਦੀ ਹੈ। ਮੈਨੂੰ ਦੇਖਣ ਲਈ ਲੋਕ ਆਉਂਦੇ ਹਨ, ਪਰ ਮੈਨੂੰ ਡੰਡੀ ਤੋਂ ਤੋੜ ਕੇ ਕੁਝ ਦਿਨਾਂ ਵਿੱਚ ਮੁਰਝਾਉਣ ਲਈ ਛੱਡ ਦਿੱਤਾ ਜਾਂਦਾ ਹੈ। ਮੇਰੀ ਸੁੰਦਰਤਾ ਹੀ ਮੇਰੀ ਮੌਤ ਦਾ ਕਾਰਨ ਬਣ ਜਾਂਦੀ ਹੈ। ਮੇਰਾ ਦਿਲ ਕਰਦਾ ਹੈ ਕਿ ਜੇ ਮੈਂ ਤੇਰੀ ਤਰ੍ਹਾਂ ਵਿਸ਼ਾਲ ਅਤੇ ਮਜ਼ਬੂਤ ਹੁੰਦਾ, ਤਾਂ ਮੈਂ ਸਾਲਾਂ-ਬੱਧੀ ਇਸ ਧਰਤੀ ਉੱਤੇ ਖੜ੍ਹਾ ਰਹਿ ਸਕਦਾ ਅਤੇ ਤੂਫਾਨਾਂ ਦਾ ਸਾਹਮਣਾ ਕਰ ਸਕਦਾ।"

ਸਿੱਖਿਆ

"ਕਿਸੇ ਦੀ ਚਮਕ-ਦਮਕ ਜਾਂ ਬਾਹਰਲੀ ਖੂਬਸੂਰਤੀ ਨੂੰ ਦੇਖ ਕੇ ਕਦੇ ਵੀ ਆਪਣੇ ਆਪ ਨੂੰ ਘੱਟ ਨਾ ਸਮਝੋ। ਕੁਦਰਤ ਨੇ ਹਰ ਕਿਸੇ ਨੂੰ ਕਿਸੇ ਖਾਸ ਮਕਸਦ ਲਈ ਬਣਾਇਆ ਹੈ।"

ਅਸੀਂ ਅਕਸਰ ਦੂਜਿਆਂ ਦੀ ਕਾਮਯਾਬੀ, ਧਨ-ਦੌਲਤ ਜਾਂ ਪ੍ਰਸਿੱਧੀ ਨੂੰ ਦੇਖ ਕੇ ਆਪਣੇ ਮੌਜੂਦਾ ਜੀਵਨ ਨੂੰ ਕੋਸਣ ਲੱਗ ਜਾਂਦੇ ਹਾਂ। ਅਸੀਂ ਇਹ ਨਹੀਂ ਦੇਖਦੇ ਕਿ ਜਿਸਨੂੰ ਅਸੀਂ ਸੁਖੀ ਸਮਝ ਰਹੇ ਹਾਂ, ਉਸਦੇ ਆਪਣੇ ਜੀਵਨ ਵਿੱਚ ਕਿਹੜੀਆਂ ਅਣਕਹੀਆਂ ਮੁਸ਼ਕਿਲਾਂ ਹਨ।

ਪ੍ਰਮਾਤਮਾ ਨੇ ਸਾਨੂੰ ਜੋ ਕੁਝ ਵੀ ਦਿੱਤਾ ਹੈ, ਉਸ ਲਈ ਸ਼ੁਕਰਗੁਜ਼ਾਰ ਬਣੋ। ਆਪਣੀ ਤੁਲਨਾ ਦੂਜਿਆਂ ਨਾਲ ਕਰਨ ਦੀ ਬਜਾਏ, ਆਪਣੀ ਮੌਜੂਦਗੀ ਦਾ ਆਨੰਦ ਮਾਣੋ।

# ਹਾਣੀ (ਭਾਗ-2)




ਉਸੇ ਹਫ਼ਤੇ ਦੇ ਵੀਰਵਾਰ ਖ਼ਵਾਜੇ ਦੀ ਬਲੀ ਦੇਣੀ ਸੀ । ਦੁਪਹਿਰ ਤਕ ਮਾਨਾ ਵੀ ਆ ਗਿਆ । ਮਾਨਾ ਕਿਸ਼ਨੇ ਦੀ ਭੂਆ ਦਾ ਪੁੱਤ ਭਰਾ ਸੀ । ਉਹ ਚਾਰ ਸਾਲ ਦਾ ਸੀ, ਜਦ ਉਸ ਦੀ ਮਾਂ ਮਰ ਗਈ ਸੀ ਤੇ ਉਹ ਪਹਿਲੀ ਉਮਰ ਵਿਚ ਆਪਣੇ ਮਾਮੇ ਅਥਵਾ ਕਿਸ਼ਨੇ ਦੇ ਪਿਉ ਕੋਲ ਨਾਨਕੇ ਹੀ ਪਲਿਆ ਸੀ । ਸਰੀਰ ਦਾ ਰਿਸ਼ਟ-ਪੁਸ਼ਟ ਹੋਣ ਕਰ ਕੇ ਉਸ ਦਾ ਫੀਲੇ ਉਤੇ ਬਚਪਨ ਤੋਂ ਹੀ ਦਬਾਅ ਤੁਰਿਆ ਆ ਰਿਹਾ ਸੀ । ਕਿਸ਼ਨਾਂ ਆਪਣੀਆਂ ਅਯੋਗ ਗ਼ਲਤੀਆਂ ਕਾਰਨ ਮਾਨੇ ਕੋਲੋਂ ਇਕ ਦੋ ਵਾਰ ਮਾਰ ਵੀ ਖਾ ਚੁਕਾ ਸੀ । ਮਾਨੇ ਨੇ ਘਰ ਵਿਚ ਹਮੇਸ਼ਾ ਤਾਪੀ ਦੀ ਹਮਾਇਤ ਕਰਵਾਈ ਸੀ ਤੇ ਤਾਪੀ ਲਈ ਸਹੁਰੇ ਘਰ ਵਿਚ ਉਹ ਉਸ ਦਾ ਇਕੋ ਇਕ ਹਮਦਰਦ ਸੀ, ਜਿਸ ਕੋਲ ਉਹ ਆਪਣਾ ਦੁਖ-ਸੁਖ ਕਰ ਸਕਦੀ ਸੀ । ਇਹ ਗੱਲ ਕਿਸ਼ਨੇ ਨੂੰ ਅੰਦਰੋਂ-ਅੰਦਰ ਚੁਭਦੀ ਸੀ, ਪਰ ਕਰ ਕੁਝ ਨਹੀਂ ਸਕਦਾ ਸੀ । ਮਾਨਾ ਸਮਝਦਾ ਸੀ, ਘਰ ਤਾਪੀ ਦੀ ਬਰਕਤ ਤੇ ਕਿਸਮਤ ਨਾਲ ਹੀ ਚਲ ਰਿਹਾ ਹੈ । ਮੈਲੀਆਂ ਨਜ਼ਰਾਂ ਮਾਨੇ ਨੂੰ ਮੈਲੇ ਰੂਪ ਵਿਚ ਵੀ ਵੇਖਦੀਆਂ ਸਨ । ਜਦ ਮਾਨੇ ਦੇ ਮਾਮੇ ਦੀ ਮੌਤ ਹੋਈ ਸੀ, ਮਾਨਾ ਸਾਰੇ ਪਰਵਾਰ ਨਾਲੋਂ ਬਹੁਤਾ ਰੋਇਆ ਸੀ । ਉਹ ਸਮਝਦਾ ਸੀ, ਮਾਮੇ ਨਾਲ ਹੀ ਰਿਸ਼ਤੇਦਾਰੀ ਸੀ, ਪਰ ਉਸ ਸਮੇਂ ਤਾਪੀ ਨੇ ਉਹਨੂੰ ਹੌਸਲਾ ਦਿੱਤਾ ਤੇ ਅਜ ਤਕ ਉਹੀ ਹੌਸਲਾ ਰਿਸ਼ਤੇਦਾਰੀ ਵਾਲੀ ਸਾਂਝ ਤੋਰੀ ਆ ਰਿਹਾ ਸੀ । ਕੋਈ ਵੀ ਦਿਨ ਦਿਹਾਰ ਮਨਾਉਣਾ, ਮਾਨੇ ਨੂੰ ਉਸ ਦੇ ਪਿੰਡ ਗਾਲਬ ਸੁਨੇਹਾ ਭੇਜਿਆ ਜਾਂਦਾ । ਆਪਣੀ ਕਬੀਲਦਾਰੀ ਭਾਰੀ ਹੋ ਜਾਣ ਤੇ ਵੀ ਉਹ ਕਦੇ ਨਾ ਅਟਕਦਾ ।

ਬੱਕਰਾ ਬਨਾਉਣ ਅਤੇ ਰਿੰਨ੍ਹਣ ਤਕ ਸਾਰਾ ਕੰਮ ਮਾਨੇ ਨੇ ਹੱਥੀਂ ਭੁਗਤਾਇਆ । ਘਰ ਵਿਚ ਸ਼ਰਾਬੀ ਤੇ ਅਫ਼ੀਮੀ ਕਿਸ਼ਨਾ ਇਕ ਤਰ੍ਹਾਂ ਨੇਕ ਕੰਮ ਦੇ ਅਯੋਗ ਸਮਝਿਆ ਜਾਂਦਾ ਸੀ, ਭਾਵੇਂ ਉਹ ਬਾਕੀਆਂ ਨਾਲੋਂ ਕਿੰਨੀ ਦਿਲੋਂ ਇਮਾਨਦਾਰੀ ਵਰਤਦਾ । ਭੋਗ ਵਜੋਂ ਮਾਸ ਦਾ ਪਹਿਲਾ ਕੜਛਾ ਖ਼ਵਾਜੇ ਦੇ ਨਮਿੱਤ ਖੂਹ ਵਿਚ ਪਾਇਆ ਗਿਆ, ਜਿਸ ਉਤੋਂ ਕਿਸ਼ਨਾ ਤੇ ਉਸ ਦੇ ਵੱਡੇ ਵਡੇਰੇ ਜੱਟਾਂ-ਸਰਦਾਰਾਂ ਦੇ ਘਰ ਕਦੇ ਪਾਣੀ ਭਰਿਆ ਕਰਦੇ ਸਨ । ਹੁਣ ਉਹ ਖੂਹ ਵਰਤੋਂ ਖੁਣੋਂ ਟੁੱਟ ਫੁੱਟ ਗਿਆ ਸੀ, ਕਿਉਂਕਿ ਸਾਰੇ ਘਰੀਂ ਹੱਥ ਨਲਕੇ ਲੱਗ ਚੁੱਕੇ ਸਨ ਤੇ ਕਿਸ਼ਨੇ ਦੀ ਪਾਣੀ ਭਰਾਈ ਬੰਦ ਹੋ ਚੁੱਕੀ ਸੀ । ਖ਼ਵਾਜੇ ਨੂੰ ਭੇਟਾ ਦੇਣ ਪਿਛੋਂ ਬੱਕਰਾ ਲੋਕਾਂ ਵਿਚ ਵੰਡਣਾ ਸ਼ੁਰੂ ਕਰ ਦਿੱਤਾ । ਕਿਸ਼ਨੇ ਨੇ ਵੀ ਕਰਮੰਡਲ ਭਰ ਲਿਆ ਅਤੇ ਆਪਣੇ ਯਾਰ ਜਗਨੇ ਬ੍ਰਾਹਮਣ ਅੱਗੇ ਜਾ ਰਖਿਆ । ਅਜਿਹੇ ਮੌਕੇ ਕਾਰਾ ਕਦੇ ਗੈਰ ਹਾਜ਼ਰ ਹੋਇਆ ਹੀ ਨਹੀਂ ਸੀ ।

"ਕਾਰਿਆ ! ਵੇਖ ਲੈ, ਸਾਡਾ ਧਰਮ ਭ੍ਰਿਸ਼ਟ ਕਰਨ ਲਈ ਫੀਲੇ ਨੇ ਸ਼ਿਵਾਂ ਦੀ ਗੱਦੀ ਉਤੇ ਮਾਸ ਲਿਆ ਰਖਿਆ ਏ।" ਜਗਨਾ ਦਿਲੋਂ ਬੇਹੱਦ ਪ੍ਰਸੰਨ ਸੀ ਤੇ ਮਸਾਲੇਦਾਰ ਖ਼ੁਸ਼ਬੂ ਸੁੰਘ ਕੇ ਉਸ ਦਾ ਮੂੰਹ ਪਾਣੀ ਪਾਣੀ ਹੋ ਗਿਆ ਸੀ:

"ਲਉ, ਪੰਡਤ ਜੀ, ਇਹ ਮਾਸ ਥੋੜ੍ਹਾ ਏ, ਇਹ ਤੇ ਹੋਇਆ ਮਹਾਂ ਪ੍ਰਸਾਦ, ਸ਼ਿਵਾਂ ਦਾ ਖਾਸ ਖਾਈਆ।" ਕਾਰੇ ਦਾ ਮੂੰਹ ਵੀ ਚੁਲੀਆਂ ਕਰ ਰਿਹਾ ਸੀ ।

"ਸਾਲੇ ਸ਼ਿਵ ਜੀ ਦੇ ! ਖਾਣਾ ਏਂ ਕਿ ਤੁਹਾਡੀ ਥਾਂ ਕੁੱਤੇ ਛਕਣ । ਕਿਵੇਂ ਨਖ਼ਰੇ ਕਰਦੇ ਐ ।" ਫੀਲੇ ਨੇ ਅਗੇ ਵਧ ਕੇ ਕਰਮੰਡਲ ਨੂੰ ਹੱਥ ਪਾ ਲਿਆ ।

"ਨਾ ਨਾ, ਇਸ ਤਰ੍ਹਾਂ ਭੋਲੇ ਨਾਥ ਗੁੱਸੇ ਹੋ ਜਾਣਗੇ । ਦੇਵਤੇ ਨੂੰ ਭੇਟਾ ਚੜ੍ਹਾ ਕੇ ਚੁਕ ਲੈਣ ਨਾਲ ਮਹਾਂ ਪਾਪ ਲਗਦਾ ਹੈ, ਸਰਬਨਾਸ਼ ਹੁੰਦਾ ਹੈ ।" ਖੱਬੇ ਹੱਥ ਨਾਲ ਜਗਨੇ ਨੇ ਫੀਲੇ ਦੀ ਬਾਂਹ ਫੜ ਲਈ । ਉਸ ਦਾ ਸੱਜਾ ਹੱਥ ਜਨੇਊ ਵਿਚ ਉਲਝਿਆ ਹੋਇਆ ਸੀ । ਫੀਲਾ ਵੀ ਉਹਨਾਂ ਦਾ ਜੇਰਾ ਹੀ ਵੇਖਦਾ ਸੀ ।

"ਪੰਡਤਾ ! ਇਹ ਸੁੱਕਾ ਮਾਸ ਅੰਦਰ ਕਿਵੇਂ ਗਲੇਗਾ ।" ਕਾਰੇ ਨੇ ਤਿੱਖਪੁਣੇ ਨਾਲ ਸ਼ਰਾਬ ਦੀ ਨਵੀਂ ਮੰਗ ਸਾਹਮਣੇ ਲੈ ਆਂਦੀ, ਜਿਹੜੀ ਪੁਰਾਣੀ ਵੀ ਸੀ ਤੇ ਸਾਰਿਆਂ ਦੇ ਦਿਲ ਦੀ । "ਸਾਅਬ ਆਂਹਦਾ ਹੁੰਦਾ ਸੀ, ਮੀਟ ਦਾ ਸ਼ਰਾਬ ਨਾਲ ਮੇਲ ਐ।"

"ਬਈ ਕਰਤਾਰ ਸਿਆਂ, ਤੂੰ ਹੈਂ ਤਾਂ ਫ਼ੌਜੀ ਦਮੜਾ, ਪਰ ਕਦੇ ਕਦੇ ਲੱਖ ਰੁਪਈਏ ਦੀ ਗੱਲ ਕਰਦਾ ਐਂ, ਭੋਲੇ ਨਾਥ ਦੀ ਖ਼ੁਸ਼ੀ ਵਿਹੁ ਦੀ ਘੁਟ ਬਿਨਾਂ ਆਪਾਂ ਨੂੰ ਨਹੀਂ ਮਿਲਣੀ ।" ਜਗਨਾ ਬਿਨਾਂ ਪੀਤਿਆਂ ਹੀ ਲੋਰ ਵਿਚ ਸਿਰ ਮਾਰ ਰਿਹਾ ਸੀ ।

"ਸ਼ਿਵ ਜੀ ਮਹਾਰਾਜ ਨੂੰ ਤਾਂ ਘੁਟ ਨਾਲ ਹੀ ਸਰਜੇਗਾ, ਪਰ ਉਹਦੇ ਝੋਟੇ ਭਗਤ ਨੇ ਛੱਪੜ ਬਿਨਾਂ ਨਹੀਂ ਰੱਜਣਾ ।" ਫੀਲੇ ਨਾਲ ਕਾਰੇ ਦਾ ਵੀ ਹਾਸਾ ਨਿਕਲ ਗਿਆ ।

"ਭੋਲੇ ਨਾਥ ਨੂੰ ਭੋਗ ਲਵਾ ਕੇ ਉਸ ਦੇ ਬ੍ਰਾਹਮਣ ਨੂੰ ਤਿਹਾਇਆ ਮਾਰ ਦਿਓਗੇ-ਤੁਹਾਡੀ ਬਲੀ ਬੜੀ ਸਫ਼ਲੀ ਹੋਵੇਗੀ ।"

"ਕਰਮੰਡਲ ਮੂੰਹ ਤਕ ਭਰ ਕੇ ਮਹਾਂ ਪ੍ਰਸ਼ਾਦ ਦਾ ਤੁਹਾਨੂੰ ਲਿਆ ਦਿੱਤਾ ਹੈ, ਅਗੇ ਤੁਹਾਡਾ ਕੰਮ ਜਾਣੇ ।" ਫੀਲਾ ਏਨੀ ਕਹਿ ਕੇ ਆਪਣੇ ਆਪ ਨੂੰ ਬਰੀ ਸਮਝਣ ਲਗ ਪਿਆ ।

"ਕਾਰਿਆ ! ਫੀਲਾ ਤਾਂ ਖਿਸਕਦਾ ਏ ?" ਪੰਡਤ ਨੇ ਚੁਸਤੀ ਨਾਲ ਕਾਰੇ ਨੂੰ ਟੋਹਣਾ ਚਾਹਿਆ ।

"ਪੰਡਤਾ ! ਹੁਣ ਕੋਲ ਆਨਾ ਨਹੀਂ, ਜਦੋਂ ਪੈਨਸ਼ਨ ਆ ਗਈ, ਉਹ ਤੁਹਾਨੂੰ ਵੀ ਪਤਾ ਈ ਏ, ਏਥੇ ਈ ਮੁਕਣੀ ਏ ।"

ਪੰਡਤ ਆਪਣੇ ਆਪ ਨੂੰ ਅੜਿਆ ਸਮਝ ਕੇ ਹੁਸ਼ਿਆਰੀ ਤੋਂ ਕੰਮ ਲੈਣ ਲੱਗਾ, ਕੱਚਾ ਜਿਹਾ ਕਿ ਉਹ ਪਹਿਲਾਂ ਵੀ ਕਰਿਆ ਕਰਦਾ ਸੀ । ਉਹ ਚਾਰਯਾਰੀ ਵਿਚ ਬਹੁਤ ਘਟ ਮਾਰ ਖਾਂਦਾ ਸੀ । ਅਜਿਹੇ ਮੌਕੇ ਕਾਰੇ ਜਾਂ ਫੀਲੇ ਵਿਚੋਂ ਇਕ ਨੂੰ ਪਾੜ ਲਿਆ ਕਰਦਾ ।

"ਓਏ ਕਾਰਿਆ ! ਉੱਲੂ !! ਦਿਨ ਸੁੱਧ ਤਾਂ ਹੋਵੇ ਫੀਲੇ ਦੇ, ਪਿਆਈਏ ਆਪਾਂ, ਆਪਣੇ ਵਰਗਾ ਵੀ ਕੋਈ ਝੁੱਡੂ ਹੋਊਗਾ ?"

"ਗੱਲ ਤਾਂ ਤੇਰੀ ਪੰਡਤਾ ਠੀਕ ਐ ।" ਕਾਰਾ ਗੱਲ ਦੇ ਵਹਾ ਵਿਚ ਜਗਨੇ ਦੀ ਹਮਾਇਤ ਕਰ ਗਿਆ, ਪਰ ਦਿਲੋਂ ਉਹ ਫੀਲੇ ਦੀ ਬਚਤ ਚਾਹ ਕੇ ਰਾਜ਼ੀ ਸੀ ।

"ਮੇਰੇ ਕੋਲ ਭਰਾਓ ਤਮਾਨ ਨਹੀਂ, ਮੇਰੀ ਕਿਉਂ ਘਰੋਂ ਲਾਹ-ਪਾਹ ਕਰਵਾਉਂਦੇ ਓ ।" ਫੀਲਾ ਇਕ ਤਰ੍ਹਾਂ ਹਥਿਆਰ ਸੁੱਟ ਰਿਹਾ ਸੀ ।

ਫੀਲੇ ਦੀ ਗੱਲ ਜਗਨੇ ਨੇ ਮੂੰਹੋਂ ਫੜ ਲਈ ।

"ਅੱਗੇ ਤੇਰੇ ਕੋਲ ਸੌਂਫ਼ੇ ਕਦੋਂ ਹੁੰਦੇ ਐ, ਜਿਉਂਦੀ ਰਹੇ ਤੇਰੀ ਤਾਪੀ, ਹਾੜ੍ਹੀ ਸਾਉਣੀ ਉਧਾਰ ਮੋੜਨ ਵਾਲੀ ।" ਬ੍ਰਾਹਮਣ ਪੂਰੀ ਚੁਸਤੀ ਵਰਤ ਰਿਹਾ ਸੀ । "ਲੈ ਓਏ ਕਾਰਿਆ ! ਜਰਾ ਰੱਜੀ ਦਾਣੇਦਾਰ ਹੋਵੇ ਤੇ ਜੀਭ ਨੂੰ ਲੱਗਣ ਤੋਂ ਪਹਿਲਾਂ ਲਾਟ ਵਾਂਗੂੰ ਚੜ੍ਹੇ ।"

ਕਾਰਾ ਚਾਰ ਰੁਪਏ ਜਗਨੇ ਤੋਂ ਲੈ ਕੇ ਦੇਸੀ ਸ਼ਰਾਬ ਦੀ ਬੋਤਲ ਲੈਣ ਲਈ ਪਤਰਾਂ ਵਾਚ ਗਿਆ । ਭਾਵੇਂ ਜਗਨਾ ਐਬੀ ਹਟਵਾਣੀਆਂ ਸੀ, ਪਰ ਨਾਵਾਂ ਲਿਖਣ ਵਿਚ ਘੌਲੀ ਨਹੀਂ ਸੀ । ਉਸ ਝੱਟ ਹੀ ਫੀਲੇ ਦੇ ਨਾਂ ਵਹੀ ਉਤੇ ਲੰਡਿਆਂ ਵਿਚ ਚੌਕਾ ਪਾ ਲਿਆ । ਹਿਸਾਬ ਕਰਦਿਆਂ ਉਹ 'ਰੁਪਈਆ ਖੰਡ ਦਾ ਤੇ ਰੁਪਈਆ ਖੰਡ ਵਾਲਾ' ਬਾਣੀਆ ਲੇਖਾ ਵੀ ਜਾਣਦਾ ਸੀ । ਉਸ ਦੇ ਗਾਹਕ ਵੀ ਇਸ ਤਰ੍ਹਾਂ ਦੇ ਟੁੱਟੇ ਭੱਜੇ ਆਵਾਜ਼ਾਂ ਮਾਰ ਕੇ ਸੌਦਾ ਲੈਣ ਵਾਲੇ ਸਨ, ਜਿਨ੍ਹਾਂ ਨੂੰ ਕੋਈ ਹੋਰ ਹਟਵਾਣੀਆ ਨਹੀਂ ਝਲਦਾ ਸੀ । ਉਸ ਦਾ ਇਕੋ ਮੁੰਡਾ ਸੀ, ਜਿਹੜਾ ਕਿਤੇ ਬਾਹਰ ਆਪਣੇ ਰੁਜ਼ਗਾਰ ਸਿਰ ਸੀ ਤੇ ਉਸ ਦਾ ਜਗਨੇ ਨੂੰ ਕੋਈ ਫ਼ਿਕਰ ਨਹੀਂ ਸੀ । ਹੁਣ ਘਰ ਵਿਚ ਬਾਹਮਣ ਬਾਹਮਣੀ ਦੋਵੇਂ ਹੀ ਸਨ ।

ਬਾਹਮਣੀ ਜਜਮਾਨੀ ਪ੍ਰੋਹਤੀ ਵੀ ਕਰ ਲੈਂਦੀ ਸੀ, ਜਿਸ ਵਿਚ ਜਗਨੇ ਦੀ ਕੋਈ ਦਿਲਚਸਪੀ ਨਹੀਂ ਸੀ । ਉਸ ਤੋਂ ਬ੍ਰਾਹਮਣਤਵ ਇਕ ਤਰ੍ਹਾਂ ਵਿਸਰ ਹੀ ਚੁੱਕਾ ਸੀ । ਪਰ ਉਹ ਆਪਣੇ ਐਬਾਂ ਕਾਰਨ ਯਾਰਾਂ ਨਾਲ ਵੀ ਬੇਈਮਾਨੀਆਂ ਕਰਨ ਲਈ ਮਜਬੂਰ ਸੀ, ਜਿਹੜੀਆਂ ਨਸ਼ੇ ਦੀ ਲੋਰ ਵਿਚ ਉਸ ਦੀ ਰੂਹ ਨੂੰ ਬੁਰੀ ਤਰ੍ਹਾਂ ਤੜਫ਼ਾਉਂਦੀਆਂ ਸਨ । ਹੌਲੀ-ਹੌਲੀ ਉਸ ਦੀ ਰੂਹ ਬਿਮਾਰ ਪੈ ਗਈ ਤੇ ਹੁੰਗਾਰਾ ਭਰਨੋਂ ਵੀ ਹਟਦੀ ਗਈ ।

ਜਗਨਾ ਸ਼ਿਵਜੀ ਦਾ ਭਗਤ ਸੀ ਤੇ ਭੋਲੇ ਨਾਥ ਦੀ ਸਿਮਰਨ ਸਮਾਧੀ ਹਿੱਤ ਇਕ ਸਾਧੂ ਚਿਰ ਹੋਇਆ ਉਸ ਨੂੰ ਭੰਗ ਬਖ਼ਸ਼ਿਸ਼ ਕਰ ਗਿਆ ਸੀ । ਜਵਾਨ ਅਵਸਥਾ ਤੋਂ ਤੁਰ ਕੇ ਭੰਗ ਦਾ ਨਸ਼ਾ ਸ਼ਰਾਬ, ਅਫ਼ੀਮ ਤੇ ਗਾਂਜੇ ਤੱਕ ਪੁਜ ਗਿਆ । ਭਾਵੇਂ ਉਹ ਸਰੀਰ ਵੱਲੋਂ ਛਟਾਂਕੂ ਸੀ, ਪਰ ਹਰ ਤਰ੍ਹਾਂ ਤਿੱਖਾ ਤੇ ਚੁਸਤ ਸੀ । ਪਚਵੰਜਾ ਸਾਲ ਦੀ ਆਯੂ ਤਕ ਉਹ ਹਰ ਤਰ੍ਹਾਂ ਦੇ ਨਸ਼ਿਆਂ ਲਈ ਸਰਬ-ਭੱਖੀ ਹੋ ਗਿਆ ਸੀ । ਹੱਟੀ ਵੀ ਉਸ ਆਪਣੇ ਨਸ਼ੇ ਤੋਰਨ ਲਈ ਹੀ ਪਾਈ ਸੀ: ਜਦ ਪੀਣ ਖਾਣ ਦਾ ਮੌਕਾ ਆਉਂਦਾ, ਉਹ ਹੱਟੀ ਬੰਦ ਕਰ ਕੇ ਪਿਛਲੇ ਬੂਹੇ ਰਾਹ ਵਾੜੇ ਵਿਚ ਆ ਜਾਂਦਾ । ਇਹ ਹੱਟੀ ਅਤੇ ਵਾੜਾ ਉਸ ਕਿਰਾਏ ਉਤੇ ਲਏ ਹੋਏ ਸਨ ਤੇ ਉਸ ਦਾ ਆਪਣਾ ਘਰ ਪਿੰਡ ਦੀ ਦੂਜੀ ਤਰਫ਼ ਸੀ ।

ਕਿਸ਼ਨਾਂ, ਜਿਹੜਾ ਹੁਣ ਪੱਕੀ ਤਰ੍ਹਾਂ ਫੀਲਾ ਬਣ ਚੁੱਕਾ ਸੀ, ਕਦੋਂ ਦਾ ਮੰਜਾ ਡਾਹ ਕੇ ਵਿਹੜੇ ਵਿਚ ਆ ਗਿਆ ਸੀ । ਸੂਰਜ ਦੀ ਧੁੱਪ ਕੋਠੇ ਦੀ ਅੱਧੀ ਕੰਧ ਤੱਕ ਰਹਿ ਗਈ ਸੀ ਤੇ ਉਹ ਗੱਲਾਂ ਗੱਲਾਂ ਵਿਚ ਬਨੇਰੇ ਨੂੰ ਚੜ੍ਹਦੀ ਰਹੀ ਸੀ । ਫੀਲਾ ਕਦੇ ਜੱਟਾਂ ਦੇ ਖੂਹ ਲਾਉਣ ਵਿਚ ਵਧੀਆ ਕਾਰੀਗਰ ਗਿਣਿਆ ਜਾਂਦਾ ਸੀ । ਖੂਹ ਲਾਉਣ ਦਾ ਕੰਮ ਅਕਲ ਨਾਲ ਬਰਾਬਰ ਦਾ ਬਲ ਵੀ ਮੰਗਦਾ ਸੀ, ਜਿਹੜਾ ਫੀਲੇ ਕੋਲ ਪਹਿਲਾਂ ਹੀ ਸੰਕੋਚਵਾਂ ਸੀ । ਕੰਮ ਦੇ ਜ਼ੋਰ ਸਮੇਂ ਫੀਲਾ ਸਾਥੀਆਂ ਦੇ ਆਖੇ-ਵੇਖੇ ਅਫ਼ੀਮ ਖਾ ਲੈਂਦਾ । ਅਫ਼ੀਮ ਖਾਣ ਪਿੱਛੋਂ ਉਸ ਵਿਚ ਲੋਹੜੇ ਦੀ ਫ਼ੁਰਤੀ ਆ ਜਾਂਦੀ ਤੇ ਉਹ ਆਪਣੀ ਤਾਕਤ ਨਾਲੋਂ ਕਿਤੇ ਬਹੁਤਾ ਕੰਮ ਕਰ ਜਾਂਦਾ । ਪੱਕੀ ਉਮਰ ਵਿਚ ਉਸ ਦਾ ਦੂਜਾ ਵਿਆਹ ਹੋਇਆ ਸੀ, ਉਦੋਂ ਉਸ ਨੂੰ ਪੂਰੀ ਤਰ੍ਹਾਂ ਅਫ਼ੀਮ ਦਾ ਗੇਝਾ ਨਹੀਂ ਸੀ ਪਿਆ, ਪਰ ਸੁਹਣੀ ਸਿਹਤ ਵਾਲੀ ਤਾਪੀ ਨੂੰ ਉਹ ਹਰ ਤਰ੍ਹਾਂ ਬਲਵਾਨ ਦਿਸਣ ਲਈ ਵੀ ਅਫ਼ੀਮ ਦੀ ਵਰਤੋਂ ਕਰਦਾ ਰਿਹਾ । ਗੱਲ ਕੀ, ਹੌਲੀ-ਹੌਲੀ ਨਸ਼ੇ ਦਾ ਚਸਕਾ ਵਧਦਾ ਗਿਆ ਤੇ ਬਲੋਂ ਢਾਹ ਕੇ ਅਫ਼ੀਮ ਨੇ ਫੀਲੇ ਨੂੰ ਆਪਣਾ ਰੰਨ-ਮੁਰੀਦ ਬਣਾ ਲਿਆ । ਹੁਣ ਇਹ ਹਾਲਤ ਸੀ ਕਿ ਅਫ਼ੀਮ ਨਾਲੋਂ ਵੱਡਾ ਧਰਮ ਤੇ ਰਿਸ਼ਤੇਦਾਰ ਉਸ ਦਾ ਕੋਈ ਨਹੀਂ ਸੀ । ਲੋੜ ਅਨੁਸਾਰ ਉਹ ਬਾਕੀ ਨਸ਼ਿਆਂ ਨਾਲ ਵੀ ਝਲ ਪੂਰੀ ਕਰ ਲੈਂਦਾ ਸੀ ।

"ਕਾਰਾ ਤਾਂ ਕਿਤੇ ਜਾ ਕੇ ਮਰ ਗਿਆ ?"

ਜਗਨੇ ਦੀ ਆਵਾਜ਼ ਨੇ ਫੀਲੇ ਨੂੰ ਸੁਚੇਤ ਕਰ ਦਿੱਤਾ । ਜਗਨੇ ਲਈ ਮਹਿਬੂਬ ਦੇ ਦੇਰ ਕਰ ਦੇਣ ਵਰਗੀ ਅਵਸਥਾ ਪੈਦਾ ਹੋਈ ਹੋਈ ਸੀ ।

"ਓਏ ਮੈਨੂੰ ਕਦੇ ਤਾਂ ਜਿਊਂਦਾ ਕਰ ਲਿਆ ਕਰੋ ।" ਕਾਰਾ ਝੱਟ ਹੀ ਤਖ਼ਤੇ ਓਹਲਿਓਂ ਨਿਕਲ ਆਇਆ, "ਰੱਬ ਨੇ ਤਾਂ ਮਾਰਨ ਵਿਚ ਕਸਰ ਨਹੀਂ ਛੱਡੀ ।" ਉਹ ਯਾਰਾਂ ਦੀ ਯਾਰੀ ਵਿਚੋਂ ਸੁਆਦ ਉਧਾਰਾ ਲੈ ਲੈ ਜ਼ਿੰਦਗੀ ਨੂੰ ਧੋਖਾ ਨਹੀਂ ਤਾਂ ਲਾਰਾ ਜ਼ਰੂਰ ਦੇ ਰਿਹਾ ਸੀ । ਉਸ ਡੱਬ ਵਿਚੋਂ ਬੋਤਲ ਕੱਢ ਕੇ ਛਲਕਾਈ ।

"ਤੂੰ ਪੁੱਤਰ ! ਜੁਗ ਜੁਗ ਜੀਵੇਂਗਾ । ਜਿਹਦੇ ਸਿਰ ਉਤੇ ਭੋਲੇ ਨਾਥ ਦਾ ਹੱਥ ਹੋਵੇ, ਉਹਦੀ ਵਾ ਵਲ ਕੌਣ ਝਾਕ ਸਕਦਾ ਹੈ ।" ਬੋਤਲ ਵੇਖ ਕੇ ਬਾਹਮਣ ਨੂੰ ਇਕਦਮ ਲਾਲੀ ਚੜ੍ਹ ਗਈ

ਪੀਣ ਵਾਲਾ ਬਾਕੀ ਸਭ ਸਾਮਾਨ ਤਿਆਰ ਸੀ । ਪੰਡਤ ਨੇ ਗੁਰੂ ਵਜੋਂ ਪਹਿਲ ਕੀਤੀ ਅਤੇ ਧਰਤੀ ਨੂੰ ਸ਼ਰਾਬ ਦੀਆਂ ਬੂੰਦਾਂ ਨਮਸਕਾਰਦਿਆਂ ਆਖਿਆ:

"ਓਮ, ਜੈ ਸ਼ੰਭੂ ! ਗੱਡ ਦੇ ਤੰਬੂ ! ਜਿਹੜਾ ਪੀਵੇ, ਸ਼ਿਵਾਂ ਦਾ ਦਾਸ । ਜੋ ਨਾ ਪੀਵੇ, ਉਸ ਦਾ ਨਰਕ ਵਾਸ......।"

"....ਓਮ !....!" ਜਗਨੇ ਨੇ ਗਲਾਸ ਮੂੰਹ ਨੂੰ ਲਾਇਆ ਤੇ 'ਗਟ ਗੱਟ ਪੀ ਕੇ ਖ਼ਤਮ ਵੀ ਕਰ ਦਿੱਤਾ ।

"ਸਾਲਾ ਪਖੰਡ ਕੀ ਕਰਦਾ ਏ ਝੋਟਾ !" ਫੀਲੇ ਤੋਂ ਆਖੇਂ ਨਾ ਰਿਹਾ ਗਿਆ । ਉਸ ਆਪਣਾ ਹਾੜਾ ਪਾਇਆ ਤੇ ਝੱਟ ਹੀ ਡਕਾਰ ਲਿਆ ।

ਸ਼ਿਵਾਂ ਦਾ ਨਾਂ ਲਿਆਂ ਪਾਪ ਖੰਡੀਦੇ ਤੇ ਬਕੁੰਠਾਂ ਦੇ ਦਰ ਖੁਲ੍ਹਦੇ ਐ ।" ਜਗਨੇ ਨੇ ਪੱਗ ਲਾ ਕੇ ਰੱਖ ਦਿੱਤੀ ਅਤੇ ਲੰਮੇ ਬੋਦੇ ਨੂੰ ਉਂਗਲ ਉੱਤੇ ਲਪੇਟਣ ਲਗ ਪਿਆ । ਦੂਜੇ ਹੱਥ ਨਾਲ ਉਹ ਕਰਮੰਡਲ ਵਿਚੋਂ ਸੰਖੀਆ ਟੋਹ ਟੋਹ ਵੀ ਛਕ ਰਿਹਾ ਸੀ , "ਬੁੜਿਆ ਬਕੁੰਠਾਂ 'ਚ ਤੂੰ ਸੌ ਵਾਰ ਜਾ ਵੜੀਂ, ਪਰ ਸਾਡੇ ਵਰਗੇ ਝੁੱਡੂ ਯਾਰ ਨਹੀਂ ਤੈਨੂੰ ਥਿਆਉਣੇ ।" ਕਾਰੇ ਨੇ ਬਾਹਮਣ ਦੇ ਬੋਦੇ ਵਾਲੀ ਥਾਂ ਕਰਾਰੀ ਜੜ ਦਿੱਤੀ । ਉਸ ਆਪਣੀ ਵਾਰੀ ਲਾ ਕੇ ਬੋਤਲ ਕਾਰੇ ਅੱਗੇ ਕਰ ਦਿੱਤੀ ।

"ਸਾਲਿਓ ਸੌ ਨਰਕ ਗਾਹ ਲਿਓ, ਮੇਰੇ ਵਰਗਾ ਗੁਰੂ ਵੀ ਤੁਹਾਨੂੰ ਨਹੀਂ ਮਿਲਣਾ ।" ਜਗਨੇ ਨੇ ਗਲਾਸ ਆਪਣੀ ਹਿੱਕ ਵਿਚ ਮਾਰਿਆ ।

"ਤੂੰ ਬਾਹਮਣਾ ਗੁਰੂ ਆਂਹਦਾ ਏਂ, ਜਦੋਂ ਅਸਾਂ ਨਰਕਾਂ 'ਚ ਬੋਤਲ ਛਲਕਾਈ, ਤੇਰੇ ਬਕੁੰਠਾਂ ਵਾਲੇ ਸ਼ਹਿਦ ਦੀਆਂ ਮੱਖੀਆਂ ਵਾਂਗ ਕੰਧਾਂ ਤੋਂ ਦੀ ਟੱਪ ਟੱਪ ਵੇਖੀਂ ਕਿਵੇਂ ਡਿੱਗਦੇ ਐ ।" ਨਸ਼ਾ ਕਾਰੇ ਦੀ ਨਾੜ ਨਾੜ ਵਿਚ ਫਿਰ ਗਿਆ ਸੀ ।

"ਤੁਹਾਨੂੰ ਨਰਕਾਂ 'ਚ ਪੀਣ ਨੂੰ ਕੌਣ ਦੇਵੇਗਾ ?"

"ਹੋਰ ਸੁਰਗਾਂ 'ਚ ਪੀਣ ਦੇਣਗੇ, ਜਿਥੇ ਨਾਮ ਈ ਜਪੀਦਾ ਏ ।" ਫੀਲੇ ਨੇ ਕਰਮੰਡਲ ਜਗਨੇ ਅੱਗਿਓਂ ਚੁੱਕ ਲਿਆ।

ਸੂਰਜ ਕਦੋਂ ਦਾ ਛਿਪ ਚੁੱਕਾ ਸੀ। ਗੁਰਦੁਆਰੇ ਦੇ ਘੜਿਆਲ ਨਾਲ ਮੰਦਰ ਦਾ ਸ਼ੰਖ ਵੀ ਬੋਲ ਪਿਆ। ਜਗਨੇ ਨੇ 'ਸ਼ਿਵ ਓਮ, ਸ਼ਿਵ ਓਮ!' ਤੇ ਕਾਰੇ ਨੇ 'ਵਾਹਿਗੁਰੂ ਸਤਿਨਾਮੁ!' ਪੁਕਾਰਿਆ। ਉਹਨਾਂ ਨੂੰ ਸ਼ਰਾਬ ਮਾਸ ਦੇ ਡਕਾਰ ਆ ਰਹੇ ਸਨ ਤੇ ਉਹ ਆਪਣੀ ਸ਼ਰਧਾ ਅਨੁਸਾਰ ਪਵਿੱਤਰ ਹੋਣ ਦੇ ਵੀ ਜਤਨ ਕਰ ਰਹੇ ਸਨ । ਫੀਲਾ ਚੁੱਪ ਚਾਪ ਉਹਨਾਂ ਦੀਆਂ ਕਰਤੂਤਾਂ ਵੇਖਦਾ ਰਿਹਾ। ਪੀਂਦਿਆਂ ਖਾਂਦਿਆਂ ਅਤੇ ਯਬਲੀਆਂ ਮਾਰਦਿਆਂ ਉਹਨਾਂ ਡੂੰਘਾ ਹਨੇਰਾ ਪਾ ਦਿੱਤਾ। ਉਹਨਾਂ ਘੁੱਟ ਘੁੱਟ ਪੀਂਦਿਆਂ ਵੀ ਦੋ ਬੋਤਲਾਂ ਦੇ ਕਰੀਬ ਖ਼ਤਮ ਕਰ ਦਿੱਤੀਆਂ ਸਨ। ਮਾਨਾ ਫੀਲੇ ਨੂੰ ਲੈਣ ਆ ਗਿਆ । ਕਾਰੇ ਨੇ ਕਰਮੰਡਲ ਖ਼ਾਲੀ ਵੇਖ ਕੇ ਪੁੱਛਿਆ:

"ਬਾਈ ਮਾਨ ਸਿਆਂ! ਮਹਾਂ ਪ੍ਰਸ਼ਾਦ ਹੋਰ ਹੈ?"

ਮੈਂ ਤਾਂ ਬਾਈ ਇਕ ਦੋ ਸੈਂਖੀਆਂ , ਬਾਕੀ ਇਹ ਜਾਣਨ....।" ਕਾਰੇ ਤੋਂ ਗੱਲ ਪੂਰੀ ਨਾ ਹੋਈ। "ਮੈਨੂੰ ਇਹਨਾਂ ਦਾ ਢਿੱਡ ਹੀ ਦੀਂਹਦਾ ਏ ਕਰਮੰਡਲ ਖਾਣ ਵਾਲਿਆਂ ਦਾ।" ਮਾਨੇ ਦੀ ਗੱਲ ਤੇ ਸਾਰਿਆਂ ਦਾ ਹਾਸਾ ਨਿਕਲ ਗਿਆ ।

"ਬਾਈ ਤੂੰ ਪੀ।" ਕਾਰੇ ਨੇ ਮਾਨੇ ਨੂੰ ਬਾਹੋਂ ਫੜ ਕੇ ਖਿੱਚਿਆ ।

"ਨਹੀਂ, ਤੁਸੀਂ ਉਠੋ ਤੇ ਰੋਟੀ ਖਾਓ।"

"ਨਹੀਂ ਬਾਈ! ਤੇਰੇ ਦਿਲ 'ਚ ਕੋਈ ਗੁੱਸਾ ਏ।" ਕਾਰੇ ਨੂੰ ਆਪਣੇ ਅੰਦਰ ਦਾ ਪਾਲਾ ਮਾਰਦਾ ਸੀ। ਮਾਨਾ ਸਮਝਦਾ ਤਾਂ ਸਭ ਸੀ, ਪਰ ਕਾਰੇ ਨੂੰ ਸ਼ਰਾਬੀ ਜਾਣ ਕੇ ਚੁੱਪ ਕਰ ਗਿਆ । ਫੀਲੇ ਨੇ ਉਸ ਨੂੰ ਹੱਥ ਇਸ਼ਾਰਾ ਕਰਦਿਆਂ ਆਖਿਆ:

"ਤੂੰ ਚੱਲ ਮਾਨੂੰ! ਹੁਣ ਆਉਂਦੇ ਆਂ।"

ਮਾਨਾ ਚਲਿਆ ਗਿਆ । ਉਸ ਦੇ ਜਾਣ ਪਿੱਛੋਂ ਕਾਰਾ ਮਾਨੇ ਦੀਆਂ ਵੱਢਵੀਆਂ ਗੱਲਾਂ ਫੀਲੇ ਨੂੰ ਰੜਕਾਉਣ ਲਗ ਪਿਆ! ਗੁੱਸਾ ਫੀਲੇ ਦੇ ਅੰਦਰ ਪਹਿਲਾਂ ਵੀ ਸੀ । ਉਸ ਦੇ ਬਾਹਰ ਆਉਣ ਲਈ ਕਾਰੇ ਨੇ ਖੁਰਚ ਖੁਰਚ ਕੇ ਰਾਹ ਬਣਾ ਦਿੱਤਾ । ਜਦੋਂ ਉਹ ਜਗਨੇ ਕੋਲੋਂ ਉਠ ਕੇ ਆਪਣੇ ਘਰ ਦੇ ਬੂਹੇ ਅੱਗੇ ਆਏ, ਕਾਰੇ ਨੇ ਸ਼ਰਾਬੀ ਫੀਲੇ ਨੂੰ ਬਾਹੋਂ ਫੜ ਕੇ ਰੋਕ ਲਿਆ ।

ਅੰਦਰ ਤਾਪੀ ਤੇ ਮਾਨਾ ਉਹਨਾਂ ਦੋਹਾਂ ਦੀਆਂ ਗੱਲਾਂ ਕਰ ਰਹੇ ਸਨ:

"ਚੰਗੇ ਚੰਗੇ ਸਾਕ ਮੇਰੇ ਹੱਥਾਂ 'ਚ ਹੈਗੇ, ਤੁਸੀਂ ਕੁੜੀ ਨੂੰ ਖੂਹ 'ਚ ਨਾ ਸੁੱਟ ਦਿਓ ਕਿਤੇ।" ਮਾਨਾ ਕਹਿ ਰਿਹਾ ਸੀ ।

"ਤੇਰਾ ਬਾਈ ਤਾਂ ਚੁੱਪ ਹੀ ਰਹਿੰਦਾ ਏ, ਇਹ ਕਾਰਾ-ਹਤਿਆਰਾ ਘੁਤਿੱਤਾਂ ਕਰਨੋਂ ਨਹੀਂ ਹਟਦਾ।"

"ਮੈਂ ਵੀ ਬਾਈ ਦੇ ਮੂੰਹ ਵੱਲ ਹੀ ਵੇਖਦਾ ਹਾਂ, ਏਸ ਕਾਰੇ ਨੇ ਹੱਡ ਮੇਰੇ ਕੋਲੋਂ ਹੀ ਤੜਵਾਉਣੇ ਨੇ।"

"ਲੈ ਬਈ ਭਰਾਵਾ ਮੈਂ ਤਾਂ ਜਾਂਦਾ ਹਾਂ।" ਕਾਰੇ ਦਾ ਇਕ ਦਮ ਨਸ਼ਾ ਲਹਿ ਗਿਆ । "ਮੇਰੇ ਕੋਲੋਂ ਨਹੀਂ ਹੱਡ ਭੁੜਵਾਏ ਜਾਂਦੇ।ਪਹਿਲਾਂ ਪਤਾ ਹੁੰਦਾ ਤਾਂ ਆਪਾਂ ਪੱਗਾਂ ਕਾਹਨੂੰ ਵਟਾਉਣੀਆਂ ਸੀ ।" ਪੱਗਾਂ ਵਟਾਉਣ ਵਾਲੀ ਗੱਲ ਫੀਲੇ ਦੇ ਗੁੱਸੇ ਨੂੰ ਸੀਖ ਲਾਉਣ ਵਾਸਤੇ ਹੀ ਉਸ ਰੜਕਾਈ ਸੀ ।

ਫੀਲੇ ਅੰਦਰ ਸੁਲਗਦੀ ਅੱਗ ਉੱਤੇ ਤੇਲ ਪੈ ਗਿਆ । ਉਹ ਕਾਰੇ ਦਾ ਹੱਥ ਖਿੱਚ ਕੇ ਅੰਦਰ ਲੈ ਗਿਆ ਤੇ ਜਾਂਦਿਆਂ ਹੀ ਬੋਲਿਆ:

"ਇਹ ਘਰ ਤੇਰੇ ਆਉਂਦਾ ਏ ਕਿ ਮੇਰੇ ਮਾਨੂੰ?"

"ਤੂੰ ਅਜਿਹੀਆਂ ਗੱਲਾਂ ਕਰਨੀਆਂ ਏਂ ਤਾਂ ਮੈਂ ਜਾਂਦਾ ਹਾਂ ।" ਕਾਰੇ ਨੇ ਆਪਣੇ ਆਪ ਨੂੰ ਸੱਚਿਆਂ ਵਿਖਾਉਣ ਲਈ ਆਖਿਆ ।

"ਨਹੀਂ ਮੈਂ ਤੈਨੂੰ ਨਹੀਂ ਜਾਣ ਦਿਆਂਗਾ ।" ਫੀਲਾ ਇਕ ਤਰ੍ਹਾਂ ਭਬਕ ਪਿਆ । ਮਾਨਾ ਫੀਲੇ ਦੀ ਗੁੱਸੈਲੀ ਆਵਾਜ਼ ਝੱਟ ਤਾੜ ਗਿਆ । ਉਸ ਧੀਰਜ ਤੋਂ ਕੰਮ ਲੈਣਾ ਹੀ ਚੰਗਾ ਸਮਝਿਆ ।

"ਮੈਂ ਇਸ ਘਰ ਨੂੰ ਆਪਣਾ ਨਹੀਂ ਸਮਝ ਸਕਦਾ-?"

"ਨਹੀਂ ।" ਫੀਲੇ ਦੇ ਮੂੰਹੋਂ ਸੁਭਾਵਕ ਹੀ ਜ਼ੋਰ ਦੀ ਨਿਕਲ ਗਿਆ, ਪਰ ਉਹ ਦਿਲੋਂ ਇਹ ਗੱਲ ਬਿਲਕੁਲ ਨਹੀਂ ਕਹਿਣਾ ਚਾਹੁੰਦਾ ਸੀ ।

ਮਾਨਾ ਚੰਗੀ ਤਰ੍ਹਾਂ ਜਾਣਦਾ ਸੀ, ਫੀਲਾ ਕਦੇ ਉਸ ਨੂੰ ਅਜਿਹੀ ਗੱਲ ਨਹੀਂ ਕਹਿ ਸਕਦਾ । ਇਸ ਨੂੰ ਜ਼ਰੂਰ ਕਾਰੇ ਨੇ ਕੁਝ ਨਾ ਕੁਝ ਸਿਖਾਇਆ ਏ । ਪਰ ਮਾਨੇ ਦੇ ਸਵੈਮਾਣ ਨੂੰ ਭਾਰੀ ਸੱਟ ਲੱਗੀ । ਉਸ ਫਿਰ ਵੀ ਲੰਮੀ ਸੋਚਦਿਆਂ ਗੱਲ ਨੂੰ ਟਾਲਿਆ ।

"ਤੂੰ ਤਾਂ ਸ਼ਰਾਬੀਆਂ ਵਾਲੀਆਂ ਗੱਲਾਂ ਕਰਦਾ ਏਂ ।"

ਧੰਤੋ ਭਾਵੇਂ ਸੁੱਤੀ ਨਹੀਂ ਸੀ, ਪਰ ਤਿੱਖੀਆਂ ਤੱਤੀਆਂ ਸੁਣ ਕੇ ਉਹ ਵੀ ਉਠ ਕੇ ਬਹਿ ਗਈ ! ਤਾਪੀ ਦੇ ਦਿਲ ਵਿਚ ਫੀਲੇ ਦਾ 'ਨਹੀਂ' ਸ਼ਬਦ ਸਾਂਗ ਵਾਂਗ ਗੱਡਿਆ ਗਿਆ। ਉਸ ਵੀ ਹਲਕੇ ਜਿਹੇ ਗੁੱਸੇ ਨਾਲ ਆਖਿਆ:

"ਰੋਟੀ ਖਾਣੀ ਏਂ ਕਿ ਲੋਕਾਂ ਨੂੰ ਤਮਾਸ਼ਾ ਵਖਾਉਣਾ ਏਂ ?" ਉਸ ਰੋਟੀ ਪਹਿਲਾਂ ਹੀ ਪਾ ਛੱਡੀ ਸੀ ਅਤੇ ਥਾਲੀ ਫੀਲੇ ਦੇ ਮੰਜੇ ਉੱਤੇ ਲਿਆ ਰੱਖੀ ।

ਫੀਲੇ ਨੇ ਥਾਲੀ ਚੁੱਕ ਲਈ ਅਤੇ ਕਾਰੇ ਦੇ ਫੜਦਿਆਂ ਫੜਦਿਆਂ ਚੁੱਲ੍ਹੇ ਵਿਚ ਭੁਆ ਮਾਰੀ ।

"ਮੈਂ ਨਹੀਂ ਰੋਟੀ ਖਾਣੀ ਸੂਰਨੀਏ ! ਜਦੋਂ ਮੇਰੇ ਭਰਾ ਨੂੰ ਭਰਾ ਨਹੀਂ ਸਮਝਦੇ ।"

"ਮੈਂ ਨਹੀਂ ਤੇਰਾ ਭਰਾ ਲਗਦਾ ?" ਐਤਕੀਂ ਮਾਨੇ ਨੂੰ ਵੀ ਗੁੱਸਾ ਚੜ੍ਹ ਆਇਆ।

"ਨਹੀਂ, ਤੂੰ ਤਾਂ ਸ਼ਰੀਕ ਵੀ ਬਣਦਾ ਏਂ ।" ਪਤਾ ਨਹੀਂ ਅੱਜ ਫੀਲੇ ਨੂੰ ਕਿਹੋ ਜਿਹੀਆਂ ਚੜ੍ਹ ਗਈਆਂ ਸਨ । ਮਾਨੇ ਨਾਲ ਤਾਪੀ ਅਤੇ ਧੰਤੋ ਵੀ ਹੈਰਾਨ ਸਨ ।

ਮਾਨੇ ਦਾ ਗੁੱਸਾ ਤੰਦੂਰ ਵਾਂਗ ਭਖ ਉਠਿਆ । ਉਸ ਦੇ ਜੀ ਵਿਚ ਆਈ, ਦੋਹਾਂ ਉਤੇ ਤੌਣੀ ਲਾ ਕੇ ਏਥੋਂ ਤੁਰ ਜਾਵਾਂ । ਕਾਰਾ ਆਪਣੀ ਚਤੁਰਾਈ ਵਜੋਂ ਇਸ ਗੁੱਸੈਲੇ ਸਮੇਂ ਵਿਚਕਾਰ ਬੋਲ ਪਿਆ ।

"ਬਾਈ ! ਇਹ ਤਾਂ ਸ਼ਰਾਬੀ ਹੈ, ਤੂੰ ਹੀ ਚੁੱਪ ਕਰ ਜਾ ।"

"ਵੇਖ ਓਏ ਬਾਈ ਦਿਆ ਲਗਦਿਆ ! ਤੂੰ ਬਾਜ ਆ ਜਾਹ । ਤੂੰ ਇਹ ਦੱਸ ਪਹਿਲਾਂ, ਤੇਰੀ ਸਾਡੇ ਨਾਲ ਰਿਸ਼ਤੇਦਾਰੀ ਕੀ ਐ ?" ਮਾਨਾ ਕਾਰੇ ਨੂੰ ਸਿੱਧਾ ਹੋ ਪਿਆ । ਕਾਰੇ ਦੇ ਜਵਾਬ ਦੇਣ ਤੋਂ ਪਹਿਲਾਂ ਫੀਲਾ ਬੋਲ ਪਿਆ:

"ਇਹ ਮੇਰਾ ਪੱਗ-ਵੱਟ ਭਰਾ ਏ।"

"ਤੁਹਾਨੂੰ ਅੱਜ ਚੱਜ ਨਾਲ ਭਰਾ ਬਣਾ ਹੀ ਲਵਾਂ।" ਮਾਨੇ ਨੇ ਭੁੰਜੇ ਪਈ ਦੁਸਾਂਗ ਚੁਕ ਲਈ। ਕਾਰਾ ਦੁਸਾਂਗ ਮਾਨੇ ਦੇ ਹੱਥ ਵਿਚ ਦੇਖ ਝੱਟ ਬਾਹਰ ਨਿਕਲ ਗਿਆ। ਤਾਪੀ ਨੇ ਮਾਨੇ ਨੂੰ ਰੋਕਣ ਦੀ ਵਾਹ ਲਾਈ, ਪਰ ਮਾਨਾ ਰੁਕਿਆ ਨਾ। ਉਸ ਗਲੀ ਵਿਚ ਆ ਕੇ ਦੇਖਿਆ, ਕਾਰਾ ਕਿਤੇ ਨਹੀਂ ਸੀ ਤੇ ਗਲੀ ਹਨੇਰੇ ਨਾਲ ਭਰੀ ਪਈ ਸੀ। ਕਾਰੇ ਦਾ ਪਿੰਡੋਂ ਬਾਹਰ ਆ ਕੇ ਰੋਣ ਨਿਕਲ ਗਿਆ। ਉਹ ਸੋਚ ਰਿਹਾ ਸੀ, ਮੈਂ ਜਿਸ ਨੂੰ ਵੀ ਆਪਣਾ ਬਣਾਉਣ ਦਾ ਜਤਨ ਕੀਤਾ ਹੈ, ਉਸ ਹੀ ਮੇਰੇ ਮੂੰਹ ਉਤੇ ਥੁੱਕ ਦਿੱਤਾ ਹੈ। ਜੀ ਕਰਦਾ ਏ, ਜੇ ਮੈਨੂੰ ਪੈਦਾ ਕਰਨ ਵਾਲਾ ਮਿਲ ਜਾਵੇ, ਮੈਂ ਵੀ ਉਸ ਦੇ ਮੂੰਹ ਉਤੇ ਥੁੱਕ ਦੇਵਾਂ। ਯਾਰੋ ਇਸ ਜੀਣ ਥੁਣੋਂ ਕੀ ਥੁੜਿਆ ਏ। ਉਹ ਪਮਾਲ ਤਕ ਰੋਂਦਾ ਹੀ ਗਿਆ।

ਘਰ ਵਿਚ ਫੀਲੇ ਨੇ ਦੁਹਾਈ ਪਾਈ ਹੋਈ ਸੀ। "ਮੇਰੇ ਭਰਾ ਨੂੰ ਮਾਰ ਦਿੱਤਾ, ਉਹਨੂੰ ਕੱਢ ਦਿੱਤਾ । ਹਾਇ ਓਏ ਮੇਰਿਆ ਪੱਗ-ਵੱਟ ਭਰਾਵਾ!" ਫਿਰ ਉਹ ਰੋਣ ਲੱਗ ਪਿਆ, "ਮੈਂ ਮਰ ਜਾਵਾਂਗਾ, ਤੁਹਾਨੂੰ ਸਾਰਿਆਂ ਨੂੰ ਅੱਗ ਲਾ ਕੇ ਫੂਕ ਦਿਆਂਗਾ। ਲੋਕੋ, ਵੇਖ ਲਓ, ਇਹਨਾਂ ਅੱਜ ਰਾਤ ਮੈਨੂੰ ਵੱਢ ਦੇਣਾ ਏਂ।"

"ਕਰਦਾ ਏਂ ਚੁੱਪ ਕਿ ਨਹੀਂ?" ਮਾਨੇ ਨੇ ਮੁੜ ਕੇ ਦੁਸਾਂਗ ਫੀਲੇ ਦੀ ਹਿੱਕ ਉਤੇ ਰੱਖ ਦਿੱਤੀ। ਫ਼ੀਲਾ ਇਕਦਮ ਡਰ ਗਿਆ ਤੇ ਉਸ ਨੂੰ ਦੰਦਲ ਪੈ ਗਈ, ਜਿਵੇਂ ਦੁਸਾਂਗ ਦੇ ਜ਼ਰਾ ਜਿੰਨੀ ਦਬਾਅ ਦੇਣ ਨਾਲ ਉਹ ਸੱਚੀ ਮੁੱਚੀ ਮਰ ਜਾਵੇਗਾ।

ਜਦੋਂ ਉਹ ਚੁੱਪ ਕਰ ਗਿਆ, ਮਾਨੇ ਨੇ ਦੁਸਾਂਗ ਪਰ੍ਹਾਂ ਵਗਾਹ ਮਾਰੀ ਤੇ ਆਪਣਾ ਚਾਦਰਾ ਚੁੱਕ ਲਿਆ। ਉਸ ਨੂੰ ਜਾਂਦੇ ਨੂੰ ਦੋਹਾਂ ਮਾਵਾਂ ਧੀਆਂ ਨੇ ਵਲ ਲਿਆ।

"ਤੂੰ ਵੀ ਕਮਲਾ ਹੋ ਗਿਆ ਏਂ।" ਤਾਪੀ ਅਸਲੋਂ ਘਬਰਾ ਗਈ।

"ਚਾਚਾ!" ਧੰਤੋ ਨੇ ਇਕ ਤਰ੍ਹਾਂ ਧਾਹ ਮਾਰੀ।

"ਬੱਸ ਬੀਬਾ! ਠੀਕ ਐ।" ਮਾਨੇ ਨੇ ਲੰਮਾ ਹਉਕਾ ਲਿਆ ਅਤੇ ਭਰੀਆਂ ਅੱਖਾਂ ਨਾਲ ਕੁੜੀ ਦੇ ਸਿਰ ਉਤੇ ਹੱਥ ਫੇਰਿਆ, "ਬਾਈ ਨੇ ਮੈਨੂੰ ਕਦੇ ਇਸ ਤਰ੍ਹਾਂ ਨਹੀਂ ਆਖਿਆ ਸੀ।" "ਉਹਨੇ ਵੱਡਾ ਸਮਝ ਕੇ ਆਖ ਲਿਆ ਸਹੀ, ਤੂੰ ਜਾਣ ਦੇਹ।" ਤਾਪੀ ਉਸ ਦੇ ਤਰਲੇ ਕਰ ਰਹੀ ਸੀ। ਫੀਲਾ ਮੰਜੇ ਉਤੇ ਪਿਆ, ਚੁੱਪ ਚਾਪ ਸਭ ਵੇਖੀ ਜਾ ਰਿਹਾ ਸੀ। ਉਸ ਦੇ ਮਨ ਦੀ ਗੁੱਸੈਲੀ ਅਵਸਥਾ ਭਾਰ ਹੌਲਾ ਕਰ ਕੇ ਸਾਵੀਂ ਪੱਧਰ ਨੂੰ ਉਤਰ ਰਹੀ ਸੀ। ਉਹ ਮਹਿਸੂਸ ਕਰ ਰਿਹਾ ਸੀ, ਮੈਂ ਚੰਗਾ ਨਹੀਂ ਕੀਤਾ। ਪਰ ਉਹ ਮੂੰਹੋਂ ਕੁਝ ਨਾ ਬੋਲਿਆ। ਹੁਣ ਉਹ ਇਹ ਜ਼ਰੂਰ ਚਾਹੁੰਦਾ ਸੀ, ਘਟ ਤੋਂ ਘਟ ਮਾਨਾ ਜਾਵੇ ਨਾ। ਜੇ ਫੀਲਾ ਉਠ ਕੇ ਉਸ ਦੀ ਬਾਂਹ ਫੜ ਲੈਂਦਾ; ਸ਼ਾਇਦ ਮਾਨਾ ਨਾ ਜਾਂਦਾ। ਫੀਲੇ ਤੋਂ ਹੁਣ ਉਠਿਆ ਵੀ ਨਹੀਂ ਜਾਂਦਾ ਸੀ ਤੇ ਉਹ ਮੂੰਹੋਂ ਅਖ਼ੀਰ ਦਮ ਤਕ ਨਾ ਬੋਲ ਸਕਿਆ ਤੇ ਮਾਨਾ ਤਾਪੀ ਨੂੰ ਰਾਹੋਂ ਪਾਸੇ ਖਿੱਚ ਕੇ ਤੁਰ ਗਿਆ। ਫੀਲੇ ਨੂੰ ਮੁੜ ਰੋਣ ਆ ਗਿਆ।

ਤਾਪੀ ਨੇ ਮੰਜੇ ਤੇ ਡਿੱਗਦਿਆਂ ਆਖਿਆ—

"ਖ਼ਵਾਜਾ ਪੀਰ! ਤੂੰ ਸਾਡੇ ਨਾਲ ਇਉਂ ਹੀ ਕਰਨੀ ਸੀ।"

(ਬਾਕੀ ਅਗਲੇ ਭਾਗ) –ਜਸਵੰਤ ਸਿੰਘ ਕੰਵਲ

# ਸਮਝੌਤਾ

ਸਮਝੌਤਾ ਤਾਂ ਹੋ ਗਿਆ,
ਪਰ ਮਨ ਦੀ ਕੁੜੱਤਣ ਨਾ ਗਈ।

ਕਿਉਂਕਿ ਇਹ ਦੋ ਮਨਾਂ ਦਾ ਫ਼ਾਸਲਾ ਨਹੀਂ ਸੀ,
ਇਹ ਤਾਂ ਚੇਤਨਾ 'ਤੇ ਪਈ ਉਹ ਖਰੋਚ ਸੀ,
ਜੋ ਸਾਲਾਂ ਦੀ ਚੁੱਪ
ਤੇ ਲੰਮੀ ਸਹਿਣਸ਼ੀਲਤਾ ਨੇ ਛੱਡੀ ਸੀ।

ਕੁਝ ਗੱਲਾਂ
ਮੇਜ਼ 'ਤੇ ਬੈਠ ਕੇ ਨਹੀਂ ਮੁੱਕਦੀਆਂ,
ਜਿਨ੍ਹਾਂ ਦੀਆਂ ਜੜ੍ਹਾਂ
ਘਰ ਦੀਆਂ ਕੰਧਾਂ ਟੱਪ ਕੇ
ਗਲੀ, ਬਸਤੀ ਤੇ ਸਮਾਜ ਤੱਕ ਫੈਲੀਆਂ ਹੋਣ।

ਜਦੋਂ ਰਿਸ਼ਤਿਆਂ ਦੇ ਖੂਹ ਵਿੱਚ
ਜ਼ਹਿਰ ਘੁਲ ਜਾਵੇ,
ਤਾਂ ਸਿਰਫ਼ ਪਾਣੀ ਬਦਲਣ ਨਾਲ ਜ਼ਹਿਰ ਨਹੀਂ ਜਾਂਦਾ,
ਖੂਹ ਦੀਆਂ ਕੰਧਾਂ 'ਤੇ ਜੰਮੀ
ਕਾਲਖ ਵੀ ਖੁਰਚਣੀ ਪੈਂਦੀ ਹੈ।
ਮਹਿਜ਼ ਓਪਰੇ ਬੋਲਾਂ ਨਾਲ
ਕੜਵਾਹਟ ਕਦੋਂ ਮੁੱਕਦੀ ਹੈ?
ਜਦੋਂ ਭੁੱਖ ਨੂੰ ਕਿਸਮਤ,
ਅਨਿਆਂ ਨੂੰ ਰਿਵਾਜ,
ਤੇ ਚੁੱਪ ਨੂੰ ਸਿਆਣਪ ਆਖਿਆ ਜਾਵੇ,
ਤਾਂ ਸਮਝੌਤੇ
ਜ਼ਖ਼ਮਾਂ 'ਤੇ ਪੱਟੀ ਤਾਂ ਬੰਨ੍ਹ ਦਿੰਦੇ ਨੇ,
ਪਰ ਜ਼ਖ਼ਮ ਨਹੀਂ ਭਰਦੇ।

ਜੜ੍ਹਾਂ 'ਚ ਲੱਗੀ ਦੀਮਕ ਲੱਭੇ ਬਿਨਾਂ
ਧਰਤੀ ਕਦੋਂ ਹਰੀ ਹੁੰਦੀ ਹੈ?
ਉਸੇ ਤਰ੍ਹਾਂ
ਦੁੱਖ ਦਾ ਕਾਰਨ ਲੱਭੇ ਬਿਨਾਂ
ਮਨੁੱਖ ਦੀ ਮੁਕਤੀ ਕਿੱਥੋਂ?

ਸੁੱਕੇ ਮਨਾਂ ਨਾਲ ਰਿਸ਼ਤੇ ਨਹੀਂ ਨਿਭਦੇ,
ਸੁੱਕੀ ਧਰਤੀ ਵਾਂਗ
ਉਹ ਵੀ ਤਿੜਕ ਜਾਂਦੇ ਨੇ।
ਤੇ ਜਦੋਂ ਹਰ ਕੋਈ
ਆਪਣੇ-ਆਪਣੇ ਡਰ ਵਿੱਚ ਚੁੱਪ ਕਰਾ ਦਿੱਤਾ ਜਾਵੇ,
ਤਾਂ ਰਿਸ਼ਤੇ ਹੀ ਨਹੀਂ,
ਸਵਾਲ ਵੀ ਮਰ ਜਾਂਦੇ ਨੇ।

ਮੈਨੂੰ ਐਸਾ ਸਮਝੌਤਾ ਨਹੀਂ ਚਾਹੀਦਾ
ਜੋ ਸੱਚ ਨੂੰ ਚੁੱਪ ਕਰਾ ਦੇਵੇ,
ਜੋ ਅਨਿਆਂ ਨੂੰ ਢੱਕ ਦੇਵੇ,
ਜੋ ਕਮਜ਼ੋਰ ਨੂੰ ਹੀ
ਹਮੇਸ਼ਾ ਝੁਕਣਾ ਸਿਖਾਵੇ।

ਮੈਨੂੰ ਉਹ ਸਾਂਝ ਚਾਹੀਦੀ ਹੈ
ਜਿੱਥੇ ਬਰਾਬਰੀ ਹੋਵੇ,
ਸਵਾਲ ਦੀ ਆਜ਼ਾਦੀ ਹੋਵੇ,
ਤੇ ਕਿਸੇ ਦੇ ਹਿੱਸੇ ਦਾ ਸੂਰਜ
ਕਿਸੇ ਹੋਰ ਦੀ ਮੁੱਠੀ ਵਿੱਚ ਕੈਦ ਨਾ ਹੋਵੇ।

ਕਿਉਂਕਿ
ਸੱਚਾ ਸਮਝੌਤਾ ਉਹ ਨਹੀਂ
ਜਿੱਥੇ ਇੱਕ ਜਿੱਤੇ ਤੇ ਦੂਜਾ ਹਾਰ ਜਾਵੇ,
ਸੱਚਾ ਸਮਝੌਤਾ ਤਾਂ ਉਹ ਹੈ
ਜਿੱਥੇ ਮਨੁੱਖ
ਮਨੁੱਖ ਦੇ ਬਰਾਬਰ ਖੜ੍ਹਾ ਹੋਵੇ।






# ਸਮੁੱਚੇ ਪੰਜਾਬ 'ਚ ਚਿੱਟਾ-ਚਿੱਟਾ ਹੋਈ ਪਈ ਆ...

## ਚਿੱਟਾ ਨਸ਼ਾ, ਚਿੱਟਾ ਦੁੱਧ, ਚਿੱਟਾ ਪਨੀਰ, ਚਿੱਟਾ ਯੂਰੀਆ, ਚਿੱਟ ਕੱਪੜੀਏ ਬਾਬੇ

## ਹੋਰ ਬੜਾ ਕੁਝ ਚਿੱਟਾ... ਚਿੱਟਾ


ਚਿੱਟਾ ਨਸ਼ਾ


ਚਿੱਟਾ ਦੁੱਧ, ਪਨੀਰ, ਮੱਖਣ


ਚਿੱਟਾ ਯੂਰੀਆ, ਸਪਰੇਅ


ਚਿੱਟ ਕੱਪੜੀਏ ਬਾਬੇ


ਚਿੱਟਾ ਕੱਕਾ ਰੇਤਾ

ਇਸ ਵੇਲੇ ਸਮੁੱਚੇ ਪੰਜਾਬ ਤੋਂ ਇਲਾਵਾ ਭਾਰਤ ਤੇ ਹੋਰ ਦੇਸ਼ਾਂ ਵਿਦੇਸ਼ਾਂ ਦੇ ਵਿੱਚ ਵੀ ਚਿੱਟੇ ਸਿੰਥੈਟਿਕ ਹੈਰੋਇਨ ਸਮੈਕ ਆਦਿ ਨਾਲ ਸਬੰਧਿਤ ਚਿੱਟੇ ਨਸ਼ੀਲੇ ਪਦਾਰਥ ਦੀ ਵਿਕਰੀ ਪੂਰੇ ਜੋਰਾਂ ਉੱਤੇ ਹੈ। ਪੰਜਾਬ ਦੇ ਸਰਹੱਦੀ ਇਲਾਕਿਆਂ ਦੇ ਵਿੱਚੋਂ ਰੋਜਾਨਾ ਹੀ ਚਿੱਟਾ ਕਈ ਕਈ ਕਿਲੋਆਂ ਦੇ ਵਿੱਚ ਫੜਿਆ ਜਾਂਦਾ ਹੈ। ਇਹ ਵੀ ਤਾਂ ਫੜਿਆ ਜਾ ਰਿਹਾ ਹੈ ਪੰਜਾਬ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਵਿੱਚ ਬਹੁਤ ਸਖ਼ਤਾਈ ਕੀਤੀ ਹੋਈ ਹੈ। ਹੁਣ ਅੰਦਾਜ਼ਾ ਲਗਾਓ ਜਦੋਂ ਇਹ ਸਖ਼ਤਾਈ ਵਿੱਚ ਵੀ ਇਸ ਤਰਾਂ ਸ਼ਰੇਆਮ ਇਧਰ ਉਧਰ ਹੋ ਰਿਹਾ ਮਿਲ ਰਿਹਾ ਲੋਕ ਲੈ ਰਹੇ ਹਨ ਫੜਿਆ ਜਾ ਰਿਹਾ ਹੈ ਤੇ ਸਖ਼ਤਾਈ ਜੇ ਨਾ ਹੋਵੇ ਫਿਰ ਕੀ ਹੋਵੇਗਾ। ਚਿੱਟਾ ਪੰਜਾਬ ਨੂੰ ਕਈ ਤਰੀਕਿਆਂ ਦੇ ਨਾਲ ਮਾਰ ਰਿਹਾ ਹੈ ਕੋਈ ਓਵਰਡੋਜ ਨਾਲ ਮਰ ਰਿਹਾ ਕੋਈ ਨਾ ਮਿਲਣ ਕਾਰਨ ਮਰਿਆ ਕੋਈ ਚਿੱਟੇ ਪ੍ਰਤੀ ਆਵਾਜ਼ ਉਠਾਉਣ ਵਾਲਾ ਮਰ ਰਿਹਾ ਹੈ ਤੇ ਉਧਰ ਕੁਝ ਪੁਲਿਸ ਵਾਲਿਆਂ ਲਈ ਚਿੱਟਾ ਬਹੁਤ ਸੂਤ ਆਇਆ ਹੋਇਆ ਹੈ ਸਰਕਾਰਾਂ ਵੱਲੋਂ ਨਸ਼ਿਆਂ ਵਿਰੁੱਧ ਚੱਲ ਰਿਹਾ ਹੈ। ਕਮੇਟੀ ਬਣੀਆਂ ਹੋਈਆਂ ਹਨ ਪੁਲਿਸ ਵਿਭਾਗ ਤੇ ਪੰਜਾਬ ਸਰਕਾਰ ਰਲ ਕੇ ਯੁੱਧ ਨਸ਼ਿਆਂ ਵਿਰੁੱਧ ਚਲਾ ਰਹੀ ਹੈ ਪਰ ਚਿੱਟਾ ਫੇਰ ਵੀ ਮਿਲ ਰਿਹਾ ਹੈ। ਇਸ ਤੋਂ ਬਾਅਦ ਅਗਲਾ ਚਿੱਟਾ ਜੋ ਸਾਨੂੰ ਕੁਦਰਤੀ ਰੂਪ ਵਿੱਚ ਸਾਡੇ ਮਾਲ ਡੰਗਰਾਂ ਰਾਹੀਂ ਇੱਕ ਬਹੁਤ ਹੀ ਪਵਿੱਤਰ ਸੌਗਾਤ ਚਿੱਟੇ ਦੁੱਧ ਦੇ ਰੂਪ ਵਿੱਚ ਮਿਲਿਆ। ਸਾਡੇ ਪੰਜਾਬ ਦੇ ਲੋਕਾਂ ਦਾ ਪੁਰਾਤਨ ਸਮੇਂ ਦੇ ਵਿੱਚ ਸਰੀਰਕ ਜੁੱਸਾ ਤੇ ਹੋਰ ਸਭ ਕੁਝ ਐਵੇਂ ਨਹੀਂ ਸੀ ਮੰਨਿਆ ਜਾ ਰਿਹਾ ਚਿੱਟੇ ਦੁੱਧ ਦਹੀ ਲੱਸੀ ਮੱਖਣ ਦੀ ਕਰਾਮਾਤ ਰਹੀ ਹੈ। ਹੁਣ ਜਦੋਂ ਨੌਜਵਾਨੀ ਚਿੱਟੇ ਵੱਲ ਨੂੰ ਹੋ ਗਈ ਤਾਂ ਫਿਰ ਚਿੱਟੇ ਦੁੱਧ ਨਹੀਂ ਪਨੀਰ ਮੱਖਣ ਕੌਣ ਖਾਂਦਾ ਹੁਣ ਤੁਸੀਂ ਇਹ ਦੇਖੋ ਪੰਜਾਬ ਦੇ ਪੇਂਡੂ ਇਲਾਕਿਆਂ ਦੇ ਵਿੱਚ ਜਿੱਥੇ ਪਸ਼ੂ ਇੱਕ ਵਿਰਾਸਤ ਵਜੋਂ ਆਪਣੇ ਸਾਥੀ ਸਮਝ ਕੇ ਬੜੇ ਸ਼ੌਂਕ ਨਾਲ ਘਰਾਂ ਵਿੱਚ ਰੱਖੇ ਜਾਂਦੇ ਸਨ ਜਿਹਨਾਂ ਤੋਂ ਬੇਸ਼ੁਮਾਰ ਦੁੱਧ ਪ੍ਰਾਪਤ ਹੁੰਦਾ ਉਹਨਾਂ ਪੇਂਡੂ ਇਲਾਕਾ ਦੇ ਵਿੱਚ ਅੱਜ ਕੱਲ ਖੁਰਲੀਆਂ ਹੀ ਨਜ਼ਰ ਨਹੀਂ ਆਉਂਦੀਆਂ ਤੇ ਪਸ਼ੂ ਤਾਂ ਕਿੱਥੇ ਬੰਨਣੇ ਹਨ। ਪਸ਼ੂ ਕੋਈ ਰੱਖ ਕੇ ਰਾਜ਼ੀ ਨਹੀਂ ਤੇ ਦੁੱਧ ਹਰ ਕੋਈ ਸ਼ੁੱਧ ਵਧੀਆ ਭਾਲਦਾ। ਦੁੱਧ ਚਾਹੇ ਜਿੰਨਾ ਮਹਿੰਗਾ ਮਰਜ਼ੀ ਹੋਵੇ ਇਹੀ ਕਾਰਨ ਹੈ ਕਿ ਪੰਜਾਬ ਦੇ ਵਿੱਚ ਸਿੰਥੈਟਿਕ ਨਕਲੀ ਮਿਲਾਵਟੀ ਦੁੱਧ ਤੇ ਦੁੱਧ ਤੋਂ ਬਣੇ ਬਹੁਤੇ ਪਦਾਰਥ ਇਸ ਵੇਲੇ ਵੱਡੀ ਮਾਤਰਾ ਦੇ ਵਿੱਚ ਸ਼ਰੇਆਮ ਵੀ ਤੇ ਅੱਖੀ ਘੱਟਾ ਪਾ ਕੇ ਵੀ ਵੇਚਿਆ ਜਾ ਰਿਹਾ ਹੈ। ਕੈਮੀਕਲਾਂ ਤੇ ਹੋਰ ਗਲਤ ਪਦਾਰਥਾਂ ਨਾਲ ਤਿਆਰ ਕੀਤਾ ਦੁੱਧ ਸਾਡੇ ਲਈ ਦੁੱਧ ਨਹੀਂ ਜ਼ਹਿਰ ਹੈ ਜੋ ਸਾਨੂੰ ਬਿਮਾਰੀਆਂ ਵੰਡ ਕੇ ਅੰਦਰੋਂ ਅੰਦਰੀ ਖੋਖਲਾ ਕਰ ਰਿਹਾ ਹੈ। ਇਹ ਚਿੱਟਾ ਦੁੱਧ ਜਿਹੜਾ ਸਾਡੇ ਲਈ ਬਹੁਤ ਜਰੂਰੀ ਸੀ ਪਰ ਚਿੱਟਾ ਜਰੂਰੀ ਹੋ ਗਿਆ ਤੇ ਉਸ ਤੋਂ ਵੀ ਚਿੱਟੇ ਪਵਿੱਤਰ ਦੁੱਧ ਦੇ ਨਾਂ ਹੇਠ ਲੋਕਾਂ ਨੂੰ ਜ਼ਹਿਰਾਂ ਵੰਡੀਆਂ ਜਾ ਰਹੀਆਂ ਸਭ ਕੁਝ ਸਾਹਮਣੇ ਆਉਣ ਦੇ ਬਾਵਜੂਦ ਵੀ ਸਭ ਕੁਝ ਚੱਲੀ ਜਾ ਰਿਹਾ ਹੈ ਤੇ ਲੋਕਾਂ ਨੇ ਵੀ ਅੱਖਾਂ ਮੀਟੀਆਂ ਹੋਈਆਂ ਹਨ ਸਰਕਾਰਾਂ ਆਪਣੀ ਜਿੰਮੇਵਾਰੀ ਤੋਂ ਬਿਲਕੁਲ ਹੀ ਭੱਜ ਚੁੱਕੀਆਂ ਹਨ। ਇਕੱਲੇ ਚਿੱਟੇ ਜਾਂ ਚਿੱਟੇ ਦੁੱਧ ਤੋਂ ਨਹੀਂ ਸਰਕਾਰਾਂ ਹੋਰ ਗੱਲਾਂ ਬਾਤਾਂ ਤੋਂ ਵੀ ਭੱਜ ਰਹੀਆਂ ਹਨ। ਜਦੋਂ ਚਿੱਟੇ ਦੀ ਗੱਲ ਚੱਲਦੀ ਹੈ ਤਾਂ ਇਹ ਕਿਹਾ ਜਾਂਦਾ ਹੈ ਕਿ ਪੰਜਾਬ ਦੇ ਬਹੁਤੇ ਲੋਕ ਚਿੱਟੇ ਦੇ ਵਿੱਚ ਫਸ ਗਏ।ਪਰ ਜਿਹੜਾ ਚਿੱਟਾ ਯੂਰੀਆ ਰੇਅ ਸਪਰੇ ਅਸੀਂ ਆਪਣੀ ਧਰਤੀ ਮਾਂ ਦੇ ਵਿੱਚ ਪਾ ਕੇ ਸਿਰਫ਼ ਇੱਕ ਲਾਲਚ ਰੂਪੀ ਝਾੜ ਲੈਣ ਲਈ ਕਿਵੇਂ ਧਰਤੀ ਨੂੰ ਨਸ਼ੀਲੀ ਕਰ ਦਿੱਤਾ ਇਹ ਤਾਂ ਨਹੀਂ ਸਰਹੱਦੋਂ ਪਾਰ ਵਾਲਿਆ ਨੇ ਕੀਤੀ। ਇਹ ਧਰਤੀ ਤਾਂ ਅਸੀਂ ਨਸ਼ੀਲੀ ਕੀਤੀ ਹੈ ਜਿਸ ਦਾ ਖਮਿਆਜਾ ਸਿੰਘ ਭੁਗਤ ਰਹੇ ਆ ਤੇ ਆਉਣ ਵਾਲੇ ਸਮੇਂ ਦੇ ਵਿੱਚ ਸਾਡੀ ਪੀੜੀਆਂ ਹੋਰ ਡਰਾਵਣੇ ਰੂਪਾਂ ਵਿੱਚ ਭੁਗਤਣਗੀਆਂ।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਜਪੁਜੀ ਸਾਹਿਬ ਵਿੱਚ ਰਚਿਤ ਕੁਦਰਤੀ ਬਨਸਪਤੀ ਸਲੋਕ ਪਵਣ ਗੁਰੂ ਪਾਣੀ ਪਿਤਾ ਉੱਪਰ ਪਹਿਰਾ ਦੇਣ ਵਾਲੇ ਬਾਬੇ ਨਾਨਕ ਦੇ ਸਿੱਖਾਂ ਨੇ ਪਾਣੀ ਰੂਪੀ ਅੰਮ੍ਰਿਤ ਜੋ ਚਿੱਟੇ ਰੰਗ ਵਜੋਂ ਹੀ ਪ੍ਰਤੀਕ ਹੈ ਉਸ ਚਿੱਟੇ ਪਾਣੀ ਨੂੰ ਕਾਲਾ ਪਾਣੀ ਬਣਾ ਦਿੱਤਾ ਉਸ ਧਰਤੀ ਦੇ ਵਿੱਚ ਜ਼ਹਿਰਾਂ ਮਿਲਾ ਦਿੱਤੀਆਂ ਕੈਮੀਕਲ ਮਿਲਾ ਦਿੱਤੇ ਜਿਸ ਧਰਤੀ ਦੀ ਹਿੱਕ ਦੇ ਵਿੱਚੋਂ ਅੰਮ੍ਰਿਤ ਰੂਪੀ ਪਾਣੀ ਨਿਕਲਣਾ ਤੇ ਜਿਸ ਨੂੰ ਅਸੀਂ ਪੀਣਾ, ਜ਼ਹਿਰੀਲਾ ਪਾਣੀ ਪੀ ਕੇ ਕਿੱਥੋਂ ਅਸੀਂ ਤੰਦਰੁਸਤ ਰਹਾਂਗੇ ਤੇ ਕਿੱਥੋਂ ਚੰਗੇ ਬੱਚੇ ਜੰਮਾਂਗੇ।

ਦਰਿਆਵਾਂ ਵਿੱਚ ਆ ਰਿਹਾ ਚਿੱਟਾ ਕੱਕਾ ਰੇਤਾ ਜਿਸ ਤੋਂ ਪੰਜਾਬ ਤੇ ਦਿੱਲੀ ਨਾਲ ਸੰਬੰਧਿਤ ਰਾਜਨੀਤਿਕ ਪਾਰਟੀਆਂ ਨੇ ਰੱਜ ਕੇ ਕਮਾਈਆਂ ਕੀਤੀਆਂ ਕਮਾਈਆਂ ਕਰ ਰਹੇ ਹਨ ਚਿੱਟੇ ਰੇਤੇ ਦਾ ਜਦੋਂ ਇਹਨਾਂ ਨੇ ਆਹ ਕੁਝ ਬਣਾ ਦਿੱਤਾ ਉੱਥੇ ਚਿੱਟੇ ਨਸ਼ੇ ਚਿੱਟੇ ਦੁੱਧ ਦਾ ਕੰਮ ਤਾਂ ਸੌਖਾ ਹੈ।ਇੱਕ ਹੋਰ ਚਿੱਟੇ ਦੀ ਗੱਲ ਕਰਾਂ ਇਹ ਹੈ ਪੰਜਾਬ ਦੀ ਧਰਤੀ ਉੱਪਰ ਚਿੱਟ ਕੱਪੜੀਏ ਬਾਬੇ ਪੰਜਾਬ ਨੂੰ ਧਾਰਮਿਕ ਪੱਖ ਤੋਂ ਇੱਕ ਨਹੀਂ ਅਨੇਕਾਂ ਤਰੀਕਿਆਂ ਦੇ ਨਾਲ ਲੁੱਟ ਰਹੇ ਇਹਨਾਂ ਚਿੱਟ ਕੱਪੜੀਏ ਬਾਬਿਆਂ ਦੀਆਂ ਕਰਤੂਤਾਂ ਵੀ ਸਮੇਂ ਸਮੇਂ ਸਾਹਮਣੇ ਆਉਂਦੀ ਰਹਿੰਦੀਆਂ ਹਨ ਪਰ ਅਸੀਂ ਜਲਦੀ ਭੁੱਲ ਜਾਂਦੇ ਹਾਂ ਜੇ ਚਿੱਟਾ ਨਸ਼ਾ ਖਤਰਨਾਕ ਹੈ ਚਿੱਟਾ ਮਿਲਾਵਟੀ ਦੁੱਧ ਦਹੀ ਖਤਰਨਾਕ ਹੈ ਤਾਂ ਫਿਰ ਆ ਚਿੱਟ ਕੱਪੜੀ ਬਾਬੇ ਧਰਮ ਦੇ ਨਾਂ ਉੱਪਰ ਲੋਕਾਂ ਨੂੰ ਗੁੰਮਰਾਹ ਕਰਕੇ ਆਰਥਿਕ ਤੌਰ ਉਤੇ ਲੋਕਾਂ ਨੂੰ ਲੁੱਟ ਕੇ ਆਪਣੇ ਪ੍ਰਾਈਵੇਟ ਗੁਰਦੁਆਰੇ ਠਾਠਾਂ ਡੇਰੇ ਬਣਾ ਰਹੇ ਹਨ।

ਅੱਜ ਇੰਨੇ ਕੁ ਚਿੱਟਿਆਂ ਦੀ ਸੀ ਗੱਲ ਤੇ ਬਾਕੀ ਹੋਰ ਪੰਜਾਬ ਵਿੱਚ ਚਿੱਟੇ ਨਾਲ ਸੰਬੰਧਿਤ ਕੋਈ ਗੱਲਬਾਤ ਹੋਵੇ ਤੁਹਾਡੇ ਨੇੜੇ ਤੇੜੇ ਹੋਵੇ ਨਵੀਂ ਹੋਵੇ ਉਹ ਤੁਸੀਂ ਦੱਸਿਓ।

ਬਲਬੀਰ ਸਿੰਘ ਬੱਬੀ, 70091-07300

# ਪੰਜਾਬ ਰਾਜ ਸ਼ੂਟਿੰਗ ਚੈਂਪੀਅਨਸ਼ਿਪ ਸ਼ੁਰੂ



ਸਾਹਿਬਜ਼ਾਦਾ ਅਜੀਤ ਸਿੰਘ ਅਕੈਡਮੀ (ਸਾਸਾ-ਇੰਡੀਆ), ਰੂਪਨਗਰ ਵਿੱਚ 70ਵੀਂ ਪੰਜਾਬ ਰਾਜ ਸ਼ੂਟਿੰਗ (ਨਿਸ਼ਾਨੇਬਾਜ਼ੀ) ਚੈਂਪੀਅਨਸ਼ਿਪ 2026 ਸ਼ੁਰੂ ਹੋ ਗਈ ਹੈ। ਤਿੰਨ ਦਿਨ ਚੱਲਣ ਵਾਲੀ ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਭਰ ਦੇ ਵੱਖ-ਵੱਖ ਸਕੂਲਾਂ ਦੇ ਤਕਰੀਬਨ 365 ਖਿਡਾਰੀ ਹਿੱਸਾ ਲੈ ਰਹੇ ਹਨ। ਇਨ੍ਹਾਂ ਮੁਕਾਬਲਿਆਂ ਵਿੱਚ ਅੰਡਰ-17 ਵਰਗ ਦੇ ਲੜਕੇ ਅਤੇ ਲੜਕੀਆਂ ਪਿਸਟਲ, ਏਅਰ ਰਾਈਫਲ ਅਤੇ ਓਪਨ ਸਾਈਟ ਸ਼ੂਟਿੰਗ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ।

ਚੈਂਪੀਅਨਸ਼ਿਪ ਦਾ ਰਸਮੀ ਉਦਘਾਟਨ ਰੂਪਨਗਰ ਦੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਪ੍ਰੇਮ ਕੁਮਾਰ ਮਿੱਤਲ ਅਤੇ ਅਕੈਡਮੀ ਦੇ ਡਾਇਰੈਕਟਰ ਸੁਖਜਿੰਦਰ ਸਿੰਘ ਨੇ ਸਾਂਝੇ ਤੌਰ 'ਤੇ ਕੀਤਾ। ਇਹ ਸਾਰੇ ਮੁਕਾਬਲੇ ਉਪ-ਕਨਵੀਨਰ ਅਤੇ ਸਟੇਟ ਐਵਾਰਡੀ ਨਰਿੰਦਰ ਸਿੰਘ ਬੰਗਾ ਦੀ ਦੇਖ-ਰੇਖ ਹੇਠ ਕਰਵਾਏ ਜਾ ਰਹੇ ਹਨ। ਇਸ ਦੌਰਾਨ ਜ਼ਿਲ੍ਹਾ ਖੇਡ ਕੋਆਰਡੀਨੇਟਰ ਸ਼ਰਨਜੀਤ ਕੌਰ ਨੇ ਖਿਡਾਰੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਪ੍ਰਬੰਧਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਜ਼ਿਕਰਯੋਗ ਹੈ ਕਿ ਅਕੈਡਮੀ ਦੀ ਇਸ ਸ਼ੂਟਿੰਗ ਰੇਂਜ ਨੂੰ ਭਾਰਤ ਸਰਕਾਰ ਦੇ 'ਖੇਲੋ ਇੰਡੀਆ' ਪ੍ਰਾਜੈਕਟ ਤਹਿਤ ਮਾਨਤਾ ਪ੍ਰਾਪਤ ਹੈ।

ਪ੍ਰਬੰਧਕਾਂ ਅਨੁਸਾਰ ਜੇਤੂ ਖਿਡਾਰੀਆਂ ਨੂੰ 18 ਸਤੰਬਰ ਬਾਅਦ ਦੁਪਹਿਰ 2:30 ਵਜੇ ਅਕੈਡਮੀ ਕੈਂਪਸ ਵਿੱਚ ਇਨਾਮ ਵੰਡੇ ਜਾਣਗੇ। ਉਦਘਾਟਨੀ ਸਮਾਗਮ ਮੌਕੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਕੋਚ, ਮੈਨੇਜਰ ਅਤੇ ਅਕੈਡਮੀ ਦਾ ਸਟਾਫ ਵੀ ਹਾਜ਼ਰ ਸੀ।

# ਭਾਰਤ ਨੇ ਅਫਗਾਨਿਸਤਾਨ ਨੂੰ 7 ਵਿਕਟਾਂ ਨਾਲ ਹਰਾ ਕੇ ਸੀਰੀਜ਼ ਜਿੱਤੀ



ਨਵੀਂ ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ ਵਿੱਚ ਖੇਡੇ ਗਏ ਦੂਜੇ ਟੀ-20 ਮੈਚ ਵਿੱਚ ਭਾਰਤ ਨੇ ਅਫਗਾਨਿਸਤਾਨ ਨੂੰ 7 ਵਿਕਟਾਂ ਨਾਲ ਹਰਾ ਦਿੱਤਾ ਹੈ। ਇਸ ਜਿੱਤ ਨਾਲ ਭਾਰਤ ਨੇ ਤਿੰਨ ਮੈਚਾਂ ਦੀ ਸੀਰੀਜ਼ ਵਿੱਚ 2-0 ਦੀ ਲੀਡ ਹਾਸਲ ਕਰ ਲਈ ਹੈ। ਅਫਗਾਨਿਸਤਾਨ ਦੀ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 20 ਓਵਰਾਂ ਵਿੱਚ 8 ਵਿਕਟਾਂ ਦੇ ਨੁਕਸਾਨ 'ਤੇ 159 ਦੌੜਾਂ ਬਣਾਈਆਂ। ਅਫਗਾਨਿਸਤਾਨ ਵੱਲੋਂ ਕਪਤਾਨ ਇਬਰਾਹਿਮ ਜ਼ਦਰਾਨ ਨੇ 37 ਅਤੇ ਰਾਸ਼ਿਦ ਖਾਨ ਨੇ 28 ਦੌੜਾਂ ਦਾ ਯੋਗਦਾਨ ਪਾਇਆ। ਭਾਰਤ ਵੱਲੋਂ ਨਿਤੀਸ਼ ਕੁਮਾਰ ਰੈਡੀ ਨੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਦਿਆਂ ਸਿਰਫ਼ 24 ਦੌੜਾਂ ਦੇ ਕੇ 3 ਵਿਕਟਾਂ ਹਾਸਲ ਕੀਤੀਆਂ, ਜਦਕਿ ਅਰਸ਼ਦੀਪ ਸਿੰਘ ਨੇ ਵੀ 2 ਵਿਕਟਾਂ ਹਾਸਲ ਕੀਤੀਆਂ।

160 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਭਾਰਤੀ ਟੀਮ ਨੇ ਤੂਫ਼ਾਨੀ ਸ਼ੁਰੂਆਤ ਕੀਤੀ। ਸਲਾਮੀ ਬੱਲੇਬਾਜ਼ ਸੰਜੂ ਸੈਮਸਨ ਅਤੇ ਅਭਿਸ਼ੇਕ ਸ਼ਰਮਾ ਨੇ ਪਹਿਲੇ 6 ਓਵਰਾਂ ਵਿੱਚ ਹੀ 82 ਦੌੜਾਂ ਬਣਾ ਦਿੱਤੀਆਂ। ਸੰਜੂ ਸੈਮਸਨ ਨੇ ਸਿਰਫ਼ 22 ਗੇਂਦਾਂ ਵਿੱਚ ਸ਼ਾਨਦਾਰ 57 ਦੌੜਾਂ ਦੀ ਪਾਰੀ ਖੇਡੀ, ਜਦਕਿ ਅਭਿਸ਼ੇਕ ਸ਼ਰਮਾ ਨੇ ਵੀ 19 ਗੇਂਦਾਂ ਵਿੱਚ 39 ਦੌੜਾਂ ਬਣਾਈਆਂ। ਹਾਲਾਂਕਿ ਰਾਸ਼ਿਦ ਖਾਨ ਨੇ ਇੱਕੋ ਓਵਰ ਵਿੱਚ ਦੋਵੇਂ ਸਲਾਮੀ ਬੱਲੇਬਾਜ਼ਾਂ ਨੂੰ ਆਊਟ ਕਰ ਦਿੱਤਾ ਪਰ ਉਦੋਂ ਤੱਕ ਮੈਚ ਭਾਰਤ ਦੀ ਪਕੜ ਵਿੱਚ ਆ ਚੁੱਕਾ ਸੀ। ਬਾਅਦ ਵਿੱਚ ਇਸ਼ਾਨ ਕਿਸ਼ਨ (38 ਦੌੜਾਂ ਨਾਬਾਦ) ਅਤੇ ਤਿਲਕ ਵਰਮਾ (15 ਦੌੜਾਂ ਨਾਬਾਦ) ਨੇ ਠਰ੍ਹੰਮੇ ਨਾਲ ਬੱਲੇਬਾਜ਼ੀ ਕਰਦਿਆਂ ਟੀਮ ਨੂੰ 14.5 ਓਵਰਾਂ ਵਿੱਚ ਹੀ 3 ਵਿਕਟਾਂ ਦੇ ਨੁਕਸਾਨ 'ਤੇ ਜਿੱਤ ਤੱਕ ਪਹੁੰਚਾ ਦਿੱਤਾ। ਮੈਨ ਆਫ ਦਿ ਮੈਚ ਨਿਤੀਸ਼ ਕੁਮਾਰ ਰੈਡੀ ਨੂੰ ਐਲਾਨਿਆ ਗਿਆ।

ਇਸ ਤੋਂ ਪਹਿਲਾਂ ਪਹਿਲੇ ਟੀ-20 ਮੁਕਾਬਲੇ ਵਿੱਚ ਭਾਰਤੀ ਟੀਮ ਨੇ ਅਫਗਾਨਿਸਤਾਨ ਨੂੰ 7 ਵਿਕਟਾਂ ਨਾਲ ਹਰਾ ਕੇ ਮੈਚ ਆਪਣੇ ਨਾਂ ਕਰ ਲਿਆ ਸੀ। ਉਸ ਮੈਚ ਵਿਚ ਅਫਗਾਨਿਸਤਾਨ ਦੀ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ ਓਵਰਾਂ ਵਿੱਚ 8 ਵਿਕਟਾਂ ਦੇ ਨੁਕਸਾਨ 'ਤੇ 156 ਦੌੜਾਂ ਬਣਾਈਆਂ ਸਨ। ਇਸ ਟੀਚੇ ਦਾ ਪਿੱਛਾ ਕਰਨ ਉਤਰੀ ਭਾਰਤੀ ਟੀਮ ਨੇ ਹਮਲਾਵਰ ਖੇਡ ਦਿਖਾਉਂਦਿਆਂ ਮਹਿਜ਼ 13.4 ਓਵਰਾਂ ਵਿੱਚ ਹੀ 3 ਵਿਕਟਾਂ ਦੇ ਨੁਕਸਾਨ 'ਤੇ 157 ਦੌੜਾਂ ਬਣਾ ਕੇ ਮੈਚ ਆਸਾਨੀ ਨਾਲ ਜਿੱਤ ਲਿਆ। ਭਾਰਤ ਵੱਲੋਂ ਸੰਜੂ ਸੈਮਸਨ ਨੇ 201.25 ਦੇ ਸ਼ਾਨਦਾਰ ਸਟਰਾਈਕ ਰੇਟ ਨਾਲ 108 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ। ਅਭਿਸ਼ੇਕ ਸ਼ਰਮਾ ਨੇ 256.25 ਦੇ ਤੂਫ਼ਾਨੀ ਸਟਰਾਈਕ ਰੇਟ ਨਾਲ 82 ਦੌੜਾਂ ਬਣਾਈਆਂ। ਈਸ਼ਾਨ ਕਿਸ਼ਨ ਨੇ 42 ਦੌੜਾਂ ਦਾ ਯੋਗਦਾਨ ਪਾਇਆ। ਇਸ ਤੋਂ ਇਲਾਵਾ ਕਪਤਾਨ ਸ਼੍ਰੇਅਸ ਅਈਅਰ 8 ਦੌੜਾਂ ਬਣਾ ਕੇ ਅਤੇ ਤਿਲਕ ਵਰਮਾ 3 ਦੌੜਾਂ ਬਣਾ ਕੇ ਨਾਬਾਦ ਰਹੇ। ਪਾਰੀ ਦੌਰਾਨ 12 ਵਾਧੂ ਦੌੜਾਂ ਮਿਲੀਆਂ। ਇਸ ਤਰ੍ਹਾਂ ਭਾਰਤ ਨੇ 11.49 ਦੀ ਰਨ ਰੇਟ ਨਾਲ 157 ਦੌੜਾਂ ਬਣਾ ਕੇ ਟੀਚਾ ਪੂਰਾ ਕੀਤਾ।

## META ਬਾਲ ਸੁਰੱਖਿਆ ਮਾਮਲੇ ਸਿੱਧੇ ਭਾਰਤੀ ਸਾਈਬਰ ਪੋਰਟਲ 'ਤੇ ਭੇਜੇਗਾ

ਫੇਸਬੁੱਕ ਅਤੇ ਇੰਸਟਾਗ੍ਰਾਮ ਦੀ ਮਾਲਕ ਕੰਪਨੀ ਮੈਟਾ ਨੇ ਬੱਚਿਆਂ ਦੀ ਸੁਰੱਖਿਆ ਨਾਲ ਸਬੰਧਤ ਮਾਮਲਿਆਂ ਦੀ ਸਿੱਧੀ ਰਿਪੋਰਟਿੰਗ ਭਾਰਤੀ ਸਾਈਬਰ ਅਪਰਾਧ ਤਾਲਮੇਲ ਕੇਂਦਰ (ਆਈ4ਸੀ) ਦੇ ਪੋਰਟਲ 'ਤੇ ਕਰਨ ਦੀ ਸਹਿਮਤੀ ਦੇ ਦਿੱਤੀ ਹੈ। ਭਾਰਤ ਸਰਕਾਰ ਵੱਲੋਂ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਵਾਲੀ ਸਮੱਗਰੀ (ਸੀ ਐੱਸ ਈ ਏ ਐੱਮ) ਰੋਕਣ ਲਈ ਪਾਏ ਜਾ ਰਹੇ ਲਗਾਤਾਰ ਦਬਾਅ ਮਗਰੋਂ ਕੰਪਨੀ ਨੇ ਇਹ ਕਦਮ ਚੁੱਕਿਆ ਹੈ।ਮੈਟਾ ਦੇ ਤਰਜਮਾਨ ਨੇ ਸਪੱਸ਼ਟ ਕੀਤਾ ਕਿ ਬੱਚਿਆਂ ਦੀ ਸੁਰੱਖਿਆ ਉਨ੍ਹਾਂ ਦੀ ਤਰਜੀਹ ਹੈ ਅਤੇ ਉਹ ਅਪਰਾਧੀਆਂ ਨੂੰ ਸਜ਼ਾ ਦਿਵਾਉਣ ਲਈ ਸਰਕਾਰ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹਨ। ਜ਼ਿਕਰਯੋਗ ਹੈ ਕਿ ਅਮਰੀਕਾ ਸਥਿਤ ਮੈਟਾ ਭਾਰਤੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਸਿੱਧਾ ਸੰਪਰਕ ਬਣਾਉਣ ਵਾਲੀ ਪਹਿਲੀ ਵੱਡੀ ਤਕਨੀਕੀ ਕੰਪਨੀ ਬਣ ਗਈ ਹੈ। ਇਸ ਤੋਂ ਪਹਿਲਾਂ ਕੰਪਨੀ ਅਜਿਹੇ ਮਾਮਲਿਆਂ ਦੀ ਰਿਪੋਰਟ ਸਿਰਫ਼ ਅਮਰੀਕਾ ਸਥਿਤ 'ਨੈਸ਼ਨਲ ਸੈਂਟਰ ਫਾਰ ਮਿਸਿੰਗ ਐਂਡ ਐਕਸਪਲੌਇਟਿਡ ਚਿਲਡਰਨ' (ਐੱਨ ਸੀ ਐੱਮ ਈ ਸੀ) ਨੂੰ ਹੀ ਕਰਦੀ ਸੀ। ਸਰਕਾਰ ਨੇ ਚਿਤਾਵਨੀ ਦਿੱਤੀ ਹੈ ਕਿ ਬੱਚਿਆਂ ਦੀ ਸੁਰੱਖਿਆ ਲਈ ਠੋਸ ਕਦਮ ਨਾ ਚੁੱਕਣ ਵਾਲੇ ਪਲੈਟਫਾਰਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਰਕਾਰ ਇਸ ਸਬੰਧੀ ਹੋਰ ਔਨਲਾਈਨ ਕੰਪਨੀਆਂ ਨਾਲ ਵੀ ਸੰਪਰਕ ਕਰ ਰਹੀ ਹੈ। ਦੱਸਣਯੋਗ ਹੈ ਕਿ ਜੁਲਾਈ ਮਹੀਨੇ ਵਿੱਚ ਬੀ ਬੀ ਸੀ ਦੀ ਰਿਪੋਰਟ ਸਾਹਮਣੇ ਆਈ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇੰਸਟਾਗ੍ਰਾਮ 'ਤੇ ਅਜਿਹੇ ਇਸ਼ਤਿਹਾਰ ਚੱਲ ਰਹੇ ਹਨ, ਜੋ ਬੱਚਿਆਂ ਦੀ ਅਸ਼ਲੀਲ ਸਮੱਗਰੀ ਨੂੰ ਉਤਸ਼ਾਹਿਤ ਕਰ ਰਹੇ ਹਨ।

## ਦਿਲਜੀਤ ਦੋਸਾਂਝ ਨੇ ਵੈਂਬਲੇ ਸਟੇਡੀਅਮ 'ਚ ਰਚਿਆ ਇਤਿਹਾਸ; ਹੁਣ ਅਹਿਮਦਾਬਾਦ 'ਚ ਹੋਵੇਗਾ ਸ਼ਾਨਦਾਰ ਸ਼ੋਅ



ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਲੰਡਨ ਦੇ ਇਤਿਹਾਸਕ ਵੈਂਬਲੇ ਸਟੇਡੀਅਮ ਵਿੱਚ ਪ੍ਰੋਗਰਾਮ ਕਰਨ ਵਾਲੇ ਪਹਿਲੇ ਪੰਜਾਬੀ ਕਲਾਕਾਰ ਵਜੋਂ ਇਤਿਹਾਸ ਰਚ ਦਿੱਤਾ ਹੈ। ਇਸ ਤੋਂ ਕੁਝ ਘੰਟਿਆਂ ਬਾਅਦ ਹੀ ਉਨ੍ਹਾਂ ਨੇ ਆਪਣੇ ਭਾਰਤ ਦੌਰੇ ਦਾ ਐਲਾਨ ਕਰਦਿਆਂ 21 ਨਵੰਬਰ ਨੂੰ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਸ਼ੋਅ ਕਰਨ ਦਾ ਐਲਾਨ ਕੀਤਾ ਹੈ।

ਇਹ ਐਲਾਨ ਉਨ੍ਹਾਂ ਨੇ 12 ਸਤੰਬਰ ਨੂੰ ਵੈਂਬਲੇ ਵਿਖੇ ਆਪਣੇ ਹਾਊਸਫੁੱਲ 'ਅਓਰਾ ਵਰਲਡ ਟੂਰ' (AURA World Tour) ਦੀ ਪੇਸ਼ਕਾਰੀ ਦੌਰਾਨ ਕੀਤਾ। ਇਸ ਮੌਕੇ ਦਿਲਜੀਤ ਅਤੇ ਉਨ੍ਹਾਂ ਦੀ ਟੀਮ ਨੇ ਸੋਸ਼ਲ ਮੀਡੀਆ 'ਤੇ ਪ੍ਰੋਗਰਾਮ ਦੀਆਂ ਕੁਝ ਝਲਕੀਆਂ ਵੀ ਸਾਂਝੀਆਂ ਕੀਤੀਆਂ। ਵੈਂਬਲੇ ਵਿੱਚ ਇਹ ਪ੍ਰੋਗਰਾਮ ਦਿਲਜੀਤ ਦੇ ਅੰਤਰਰਾਸ਼ਟਰੀ ਸਫ਼ਰ ਵਿੱਚ ਇੱਕ ਮਹੱਤਵਪੂਰਨ ਪੜਾਅ ਰਿਹਾ ਹੈ। ਉਨ੍ਹਾਂ ਦੀ ਟੀਮ ਅਨੁਸਾਰ ਉਨ੍ਹਾਂ ਨੇ ਕਰੀਬ 90,000 ਦਰਸ਼ਕਾਂ ਦੇ ਸਾਹਮਣੇ ਆਪਣੇ ਹਿੱਟ ਗੀਤ ਪੇਸ਼ ਕੀਤੇ। ਇਸ ਦੌਰਾਨ ਰਵਾਇਤੀ ਪਹਿਰਾਵੇ ਵਿੱਚ ਭੰਗੜੇ ਦੀਆਂ ਪੇਸ਼ਕਾਰੀਆਂ ਨੂੰ ਹਿਪ-ਹੌਪ ਨਾਲ ਬਾਖ਼ੂਬੀ ਜੋੜਿਆ ਗਿਆ, ਜਿਸ ਨੂੰ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਦਿੱਤਾ।

ਵੈਂਬਲੇ ਸਟੇਡੀਅਮ ਦੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ ਤੋਂ ਵੀ ਇਸ ਦੀ ਵੀਡੀਓ ਸਾਂਝੀ ਕਰਦਿਆਂ ਲਿਖਿਆ ਗਿਆ ਕਿ ਦਿਲਜੀਤ ਵੈਂਬਲੇ ਸਟੇਡੀਅਮ ਵਿੱਚ ਮੁੱਖ ਕਲਾਕਾਰ ਵਜੋਂ ਪਰਫਾਰਮ ਕਰਨ ਵਾਲੇ ਪਹਿਲੇ ਪੰਜਾਬੀ ਕਲਾਕਾਰ ਬਣ ਗਏ ਹਨ।

ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਵੀਡੀਓਜ਼ ਮੁਤਾਬਕ ਦਿਲਜੀਤ ਨੇ ਭਾਰਤ ਵਿੱਚ ਆਪਣੇ 'ਅਓਰਾ ਵਰਲਡ ਟੂਰ' ਦੇ ਅਗਲੇ ਪੜਾਅ ਤਹਿਤ ਅਹਿਮਦਾਬਾਦ ਵਿੱਚ ਹੋਣ ਵਾਲੇ ਸਮਾਗਮ ਦਾ ਐਲਾਨ ਕੀਤਾ। ਪੰਜਾਬੀ ਵਿੱਚ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਦੁਨੀਆ ਦਾ ਸਭ ਤੋਂ ਵੱਡਾ ਸਟੇਡੀਅਮ ਭਾਰਤ ਵਿੱਚ ਹੈ, ਇਸ ਲਈ ਕੋਈ ਪੰਜਾਬੀ ਉੱਥੇ ਕਿਵੇਂ ਨਹੀਂ ਜਾ ਸਕਦਾ।

ਉਨ੍ਹਾਂ 'ਕੇਮ ਛੋ, ਮਜ਼ਾ ਮਾ' ਕਹਿੰਦਿਆਂ 21 ਨਵੰਬਰ ਨੂੰ ਅਰਵਿੰਦ ਮੋਦੀ (ਨਰਿੰਦਰ ਮੋਦੀ) ਸਟੇਡੀਅਮ ਵਿੱਚ ਲਾਈਵ ਪ੍ਰੋਗਰਾਮ ਕਰਨ ਦਾ ਐਲਾਨ ਕੀਤਾ। ਇਸ ਐਲਾਨ ਨਾਲ ਭਾਰਤ ਵਿੱਚ ਉਨ੍ਹਾਂ ਦੇ ਪ੍ਰੋਗਰਾਮਾਂ ਦਾ ਦਾਇਰਾ ਹੋਰ ਵੱਡਾ ਹੋ ਗਿਆ ਹੈ। ਇਸ ਤੋਂ ਪਹਿਲਾਂ ਸਾਲ 2024 ਦੇ ਅੰਤ ਵਿੱਚ ਆਪਣੇ 'ਦਿਲ-ਲੁਮਿਨਾਟੀ ਇੰਡੀਆ ਟੂਰ' ਦੌਰਾਨ ਵੀ ਦਿਲਜੀਤ ਨੇ ਅਦਾਬਾਦ ਸਮੇਤ ਦੇਸ਼ ਭਰ ਵਿੱਚ ਹਾਊਸਫੁੱਲ ਪ੍ਰੋਗਰਾਮ ਕੀਤੇ ਸਨ।

LEGAL & BUSINESS SOLUTIONS FOR NRI'S
Property • Family • Business • Taxation Matters
ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ
- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ
- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ
- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# ਸਵੈ-ਮਾਣ ਦੀ ਕੀਮਤ...

ਚਮਕਦੀ ਧੁੱਪ ਅਤੇ ਸੜਕਾਂ ਦੀ ਭੱਜਦੌੜ ਦੇ ਵਿਚਕਾਰ, ਸ਼ਹਿਰ ਦੀ ਇੱਕ ਰੁੱਝੀ ਹੋਈ ਬਸਤੀ ਸੀ। ਇੱਥੇ ਸਰਕਾਰੀ ਦਫ਼ਤਰ ਵਿੱਚ ਕੰਮ ਕਰਨ ਵਾਲੇ ਆਲੋਕ ਦੀ ਦੁਨੀਆ ਸੀ।

ਆਲੋਕ ਆਪਣੀ ਸਾਦਗੀ ਅਤੇ ਅਸੂਲਾਂ ਲਈ ਜਾਣਿਆ ਜਾਂਦਾ ਸੀ। ਉਸਨੂੰ ਫ਼ਜ਼ੂਲਖ਼ਰਚੀ ਤੋਂ ਸਖ਼ਤ ਚਿੜ੍ਹ ਸੀ। ਉਸ ਕੋਲ ਚਮੜੇ ਦਾ ਇੱਕ ਪੁਰਾਣਾ, ਮੈਲਾ ਜਿਹਾ ਬੈਗ ਸੀ, ਜਿਸਨੂੰ ਉਹ ਪਿਛਲੇ ਸੱਤ ਸਾਲਾਂ ਤੋਂ ਆਪਣੇ ਦਫ਼ਤਰ ਦੇ ਕਾਗਜ਼ਾਤ ਲਿਜਾਣ ਲਈ ਵਰਤ ਰਿਹਾ ਸੀ।

ਬੈਗ ਦਾ ਚਮੜਾ ਬਹੁਤ ਵਧੀਆ ਸੀ, ਪਰ ਸਮੇਂ ਦੇ ਨਾਲ ਉਸਦੀ ਸਿਲਾਈ ਉਧੜਨ ਲੱਗ ਪਈ ਸੀ ਅਤੇ ਜ਼ਿਪ ਦੇ ਕੋਲੋਂ ਧਾਗੇ ਬਾਹਰ ਨਜ਼ਰ ਆਉਣ ਲੱਗ ਪਏ ਸਨ। ਆਲੋਕ ਨੇ ਸੋਚਿਆ ਕਿ ਨਵਾਂ ਬੈਗ ਖਰੀਦਣ ਦੀ ਬਜਾਏ ਇਸਨੂੰ ਕਿਸੇ ਕਾਰੀਗਰ ਤੋਂ ਸਿਲਵਾ ਲੈਣਾ ਹੀ ਸਮਝਦਾਰੀ ਹੋਵੇਗੀ।

ਉਹ ਸਥਾਨਕ ਬਾਜ਼ਾਰ ਦੀ ਇੱਕ ਵੱਡੀ ਦੁਕਾਨ 'ਤੇ ਪਹੁੰਚਿਆ। ਦੁਕਾਨਦਾਰ ਨੇ ਬੈਗ ਨੂੰ ਦੇਖਦੇ ਹੀ ਨੱਕ-ਮੂੰਹ ਸਿਕੋੜ ਕੇ ਤਨਜ਼ ਕਰਦਿਆਂ ਕਿਹਾ,

“ਸਾਹਿਬ, ਇਸ ਕਬਾੜ ਨੂੰ ਸੁੱਟੋ ਤੇ ਦੋ ਹਜ਼ਾਰ ਦਾ ਨਵਾਂ ਬੈਗ ਖਰੀਦ ਲਓ।”

ਆਲੋਕ ਨਿਰਾਸ਼ ਹੋ ਕੇ ਅੱਗੇ ਵਧ ਗਿਆ। ਦੂਜੇ ਕਾਰੀਗਰ ਨੇ ਵੀ ਹੱਥ ਖੜ੍ਹੇ ਕਰ ਦਿੱਤੇ, “ਇਸਦੀ ਮੁਰੰਮਤ ਵਿੱਚ ਬਹੁਤ ਝੰਝਟ ਹੈ। ਅੱਜਕੱਲ੍ਹ ਅਜਿਹਾ ਕੰਮ ਕੋਈ ਨਹੀਂ ਕਰਦਾ।”

ਜਦੋਂ ਉਹ ਥੱਕ ਕੇ ਵਾਪਸ ਮੁੜਨ ਲੱਗਾ ਤਾਂ ਚੌਰਾਹੇ 'ਤੇ ਚਾਹ ਦੀ ਟਪਰੀ ਲਗਾਉਣ ਵਾਲੇ ਇੱਕ ਬਜ਼ੁਰਗ ਨੇ ਉਸਨੂੰ ਉਦਾਸ ਦੇਖ ਕੇ ਆਵਾਜ਼ ਮਾਰੀ।

ਉਸਨੇ ਕਿਹਾ, “ਬਾਬੂ ਜੀ, ਜੇ ਅਸਲੀ ਕਾਰੀਗਰੀ ਦੇਖਣੀ ਹੈ ਤਾਂ ਪੁਰਾਣੇ ਬੱਸ ਅੱਡੇ ਦੇ ਪਿੱਛੇ ਵਾਲੀ ਤੰਗ ਗਲੀ ਵਿੱਚ ਚਲੇ ਜਾਓ। ਉੱਥੇ ਸੱਤਰ ਸਾਲ ਦੇ ਗੁਲਾਮ ਚਾਚਾ ਬੈਠਦੇ ਹਨ।

ਉਨ੍ਹਾਂ ਦੇ ਹੱਥਾਂ ਵਿੱਚ ਜੋ ਹੁਨਰ ਹੈ, ਉਹ ਪੂਰੇ ਸ਼ਹਿਰ ਵਿੱਚ ਮਿਸਾਲ ਹੈ।”

ਆਲੋਕ ਬਿਨਾਂ ਇੱਕ ਪਲ ਗਵਾਏ ਬੱਸ ਅੱਡੇ ਦੇ ਪਿੱਛੇ ਵਾਲੀ ਉਸ ਪੁਰਾਣੀ ਗਲੀ ਵਿੱਚ ਪਹੁੰਚ ਗਿਆ।

ਕੋਨੇ ਵਿੱਚ ਇੱਕ ਛੋਟੀ ਜਿਹੀ ਟਪਰੀ ਸੀ। ਸਾਹਮਣੇ ਸੂਈ, ਧਾਗਾ, ਚਮੜਾ ਕੱਟਣ ਵਾਲੇ ਔਜ਼ਾਰ ਅਤੇ ਪਾਲਿਸ਼ ਦੀਆਂ ਡੱਬੀਆਂ ਬੜੇ ਸਲੀਕੇ ਨਾਲ ਰੱਖੀਆਂ ਹੋਈਆਂ ਸਨ।

ਉੱਥੇ ਸੱਤਰ ਸਾਲ ਦੇ ਗੁਲਾਮ ਚਾਚਾ ਤੱਲੀਨ ਹੋ ਕੇ ਬੈਠੇ ਸਨ। ਉਨ੍ਹਾਂ ਦੇ ਚਿਹਰੇ 'ਤੇ ਉਮਰ ਦੀਆਂ ਡੂੰਘੀਆਂ ਲਕੀਰਾਂ ਸਨ, ਪਰ ਅੱਖਾਂ ਵਿੱਚ ਇੱਕ ਅਜੀਬ ਜਿਹਾ ਸਕੂਨ ਅਤੇ ਗ਼ਜ਼ਬ ਦਾ ਆਤਮਵਿਸ਼ਵਾਸ ਚਮਕ ਰਿਹਾ ਸੀ।

ਆਲੋਕ ਨੇ ਆਪਣਾ ਬੈਗ ਉਨ੍ਹਾਂ ਵੱਲ ਵਧਾਇਆ,

“ਚਾਚਾ, ਕੀ ਇਹ ਬੈਗ ਠੀਕ ਹੋ ਸਕਦਾ ਹੈ?”

ਗੁਲਾਮ ਚਾਚਾ ਨੇ ਬੈਗ ਨੂੰ ਆਪਣੇ ਦੋਵੇਂ ਹੱਥਾਂ ਵਿੱਚ ਫੜਿਆ। ਉਸਦੇ ਚਮੜੇ ਨੂੰ ਛੂਹਿਆ ਅਤੇ ਪਿਆਰ ਨਾਲ ਸਹਿਲਾਉਂਦੇ ਹੋਏ ਮੁਸਕੁਰਾਏ,

“ਕਿਉਂ ਨਹੀਂ ਬਾਬੂ ਜੀ! ਸਮਾਨ ਪੁਰਾਣਾ ਹੈ, ਪਰ ਜਾਨਦਾਰ ਹੈ। ਥੋੜ੍ਹਾ ਕੱਚਾ ਧਾਗਾ ਅਤੇ ਸਿਲਾਈ ਲੱਗੇਗੀ, ਇਹ ਪੰਜ ਸਾਲ ਹੋਰ ਸਾਥ ਦੇਵੇਗਾ।”

ਆਲੋਕ ਅਤੇ ਉਸਦਾ ਪੁਰਾਣਾ ਬੈਗ



ਗੁਲਾਮ ਚਾਚਾ ਦੀ ਕਾਰੀਗਰੀ



ਇਨਸਾਨੀਅਤ ਦੀ ਸੇਵਾ



ਅਸਲੀ ਕੀਮਤ



ਆਲੋਕ ਕੋਲ ਹੀ ਪਈ ਲੱਕੜ ਦੀ ਇੱਕ ਬੈਂਚ 'ਤੇ ਬੈਠ ਗਿਆ। ਚਾਚਾ ਨੇ ਸੂਈ ਵਿੱਚ ਧਾਗਾ ਪਿਰੋਣਾ ਸ਼ੁਰੂ ਕੀਤਾ।

ਆਲੋਕ ਤੋਂ ਰਿਹਾ ਨਾ ਗਿਆ। ਉਸਨੇ ਪੁੱਛਿਆ,

“ਚਾਚਾ, ਇਸ ਉਮਰ ਵਿੱਚ ਵੀ ਇੰਨੀ ਧੁੱਪ ਅਤੇ ਮਿਹਨਤ?”

ਚਾਚਾ ਨੇ ਸੂਈ ਨੂੰ ਚਮੜੇ ਦੇ ਪਾਰ ਕੱਢਦੇ ਹੋਏ ਬੜੇ ਠੰਢੇ ਲਹਿਜ਼ੇ ਵਿੱਚ ਕਿਹਾ, “ਬਾਬੂ ਜੀ, ਜਦੋਂ ਤੱਕ ਜਿਸਮ ਵਿੱਚ ਜਾਨ ਹੈ, ਹਰਾਮ ਦੀ ਨਹੀਂ, ਮਿਹਨਤ ਦੀ ਰੋਟੀ ਖਾਵਾਂਗਾ। ਕਿਸੇ ਦੇ ਅੱਗੇ ਹੱਥ ਫੈਲਾਉਣਾ ਮੇਰੇ ਅਸੂਲਾਂ ਦੇ ਖ਼ਿਲਾਫ਼ ਹੈ।”

ਗੱਲਬਾਤ ਅੱਗੇ ਵਧੀ ਤਾਂ ਪਤਾ ਲੱਗਾ ਕਿ ਕਦੇ ਉਹ ਪਿੰਡ ਵਿੱਚ ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਸਨ। ਇੱਕ ਭਿਆਨਕ ਸੋਕੇ ਨੇ ਉਨ੍ਹਾਂ ਦੀ ਖੇਤੀ ਅਤੇ ਸਭ ਕੁਝ ਖੋਹ ਲਿਆ।

ਜਿਸ ਤੋਂ ਬਾਅਦ ਉਹ ਪੇਟ ਪਾਲਣ ਲਈ ਸ਼ਹਿਰ ਆ ਗਏ। ਇੱਥੇ ਪਹਿਲਾਂ ਦਿਹਾੜੀ ਮਜ਼ਦੂਰੀ ਕੀਤੀ ਅਤੇ ਫਿਰ ਇੱਕ ਉਸਤਾਦ ਤੋਂ ਇਹ ਹੁਨਰ ਸਿੱਖ ਕੇ ਆਪਣੀ ਜ਼ਿੰਦਗੀ ਸੰਵਾਰੀ।

ਜਦੋਂ ਆਲੋਕ ਨੇ ਉਨ੍ਹਾਂ ਦੇ ਪਰਿਵਾਰ ਬਾਰੇ ਪੁੱਛਿਆ ਤਾਂ ਚਾਚਾ ਦੇ ਚਿਹਰੇ 'ਤੇ ਮਾਣ ਦੀ ਚਮਕ ਆ ਗਈ। ਉਹ ਬੋਲੇ, “ਦੋ ਪੁੱਤਰ ਅਤੇ ਇੱਕ ਧੀ ਹੈ। ਧੀ ਦਾ ਵਿਆਹ ਕਰ ਦਿੱਤਾ ਹੈ। ਦੋਵੇਂ ਪੁੱਤਰ ਵੱਡੇ ਸ਼ਹਿਰ ਵਿੱਚ ਚੰਗੀਆਂ ਨੌਕਰੀਆਂ ਕਰਦੇ ਹਨ। ਹਰ ਮਹੀਨੇ ਮੈਨੂੰ ਆਪਣੇ ਕੋਲ ਬੁਲਾਉਂਦੇ ਹਨ।”

ਆਲੋਕ ਨੇ ਹੈਰਾਨੀ ਨਾਲ ਪੁੱਛਿਆ,

“ਫਿਰ ਤੁਸੀਂ ਉਨ੍ਹਾਂ ਕੋਲ ਕਿਉਂ ਨਹੀਂ ਚਲੇ ਜਾਂਦੇ?”

ਚਾਚਾ ਖਿੜਖਿੜਾ ਕੇ ਹੱਸੇ,

“ਪੁੱਤਰ ਬਹੁਤ ਮਾਣਦੇ ਹਨ ਬਾਬੂ ਜੀ। ਪਰ ਜਦੋਂ ਤੱਕ ਮੇਰੇ ਇਨ੍ਹਾਂ ਹੱਥਾਂ ਵਿੱਚ ਤਾਕਤ ਹੈ, ਮੈਂ ਆਪਣੀ ਕਮਾਈ ਦਾ ਖਾਵਾਂਗਾ।

ਜਿਸ ਦਿਨ ਅੱਖਾਂ ਅਤੇ ਹੱਥ ਜਵਾਬ ਦੇ ਦੇਣਗੇ, ਉਦੋਂ ਦੀ ਉਦੋਂ ਸੋਚੀ ਜਾਵੇਗੀ। ਅਜੇ ਤਾਂ ਉਸ ਪਰਵਰਦਿਗਾਰ ਦਾ ਲੱਖ-ਲੱਖ ਸ਼ੁਕਰ ਹੈ ਕਿ ਉਸਨੇ ਮੈਨੂੰ ਕਿਸੇ ਦਾ ਮੁਹਤਾਜ ਨਹੀਂ ਕੀਤਾ।”

ਉਨ੍ਹਾਂ ਦੀਆਂ ਗੱਲਾਂ ਵਿੱਚ ਕੋਈ ਸ਼ਿਕਾਇਤ ਨਹੀਂ ਸੀ, ਸਿਰਫ਼ ਜ਼ਿੰਦਗੀ ਨਾਲ ਡੂੰਘਾ ਸੰਤੋਖ ਝਲਕ ਰਿਹਾ ਸੀ।

ਉਦੋਂ ਹੀ ਉੱਥੇ ਇੱਕ ਗਰੀਬ ਫੇਰੀਵਾਲਾ ਆਪਣੀ ਟੁੱਟੀ ਹੋਈ ਚੱਪਲ ਹੱਥ ਵਿੱਚ ਲੈ ਕੇ ਡਰਦੇ-ਡਰਦੇ ਆਇਆ। ਉਸਨੇ ਲੜਖੜਾਉਂਦੀ ਆਵਾਜ਼ ਵਿੱਚ ਕਿਹਾ, “ਚਾਚਾ, ਜੇਬ ਵਿੱਚ ਸਿਰਫ਼ ਪੰਦਰਾਂ ਰੁਪਏ ਹਨ। ਕੀ ਇਹ ਠੀਕ ਹੋ ਜਾਵੇਗੀ? ਬਾਕੀ ਪੈਸੇ ਕੱਲ੍ਹ ਦੇ ਦਿਆਂਗਾ।”

ਗੁਲਾਮ ਚਾਚਾ ਨੇ ਬਿਨਾਂ ਇੱਕ ਪਲ ਗਵਾਏ ਉਹ ਚੱਪਲ ਆਪਣੇ ਹੱਥ ਵਿੱਚ ਲਈ ਅਤੇ ਇੱਕ ਮਜ਼ਬੂਤ ਪੱਕੀ ਸਿਲਾਈ ਲਾ ਦਿੱਤੀ।

ਫੇਰੀਵਾਲੇ ਨੇ ਪੰਦਰਾਂ ਰੁਪਏ ਅੱਗੇ ਕੀਤੇ। ਚਾਚਾ ਨੇ ਉਨ੍ਹਾਂ ਵਿੱਚੋਂ ਸਿਰਫ਼ ਦਸ ਰੁਪਏ ਲਏ ਅਤੇ ਪੰਜ ਰੁਪਏ ਵਾਪਸ ਉਸਦੀ ਹਥੇਲੀ 'ਤੇ ਰੱਖ ਦਿੱਤੇ।

ਫੇਰੀਵਾਲਾ ਹੈਰਾਨ ਰਹਿ ਗਿਆ,

“ਚਾਚਾ, ਤੁਸੀਂ ਇੰਨੀ ਮਿਹਨਤ ਕੀਤੀ ਹੈ, ਪੂਰੇ ਪੈਸੇ ਲੈ ਲਓ।”

ਚਾਚਾ ਨੇ ਕਿਹਾ, ਜਿਸ ਗੱਲ ਨੇ ਆਲੋਕ ਦਾ ਦਿਲ ਜਿੱਤ ਲਿਆ,

“ਪੁੱਤਰ, ਮੇਰੀ ਸਿਲਾਈ ਦਸ ਰੁਪਏ ਦੀ ਹੀ ਸੀ। ਇਹ ਪੰਜ ਰੁਪਏ ਬਚਾ ਕੇ ਆਪਣੇ ਛੋਟੇ ਬੱਚੇ ਲਈ ਕੁਝ ਖਾਣ ਨੂੰ ਲੈ ਜਾਣਾ।”

ਫੇਰੀਵਾਲਾ ਨਮ ਅੱਖਾਂ ਨਾਲ ਦੁਆਵਾਂ ਦਿੰਦਾ ਹੋਇਆ ਚਲਾ ਗਿਆ।

ਅਜੇ ਆਲੋਕ ਇਸ ਸਾਦਗੀ ਦੇ ਅਸਰ ਤੋਂ ਬਾਹਰ ਵੀ ਨਹੀਂ ਆਇਆ ਸੀ ਕਿ ਗਲੀ ਦੇ ਮੋੜ 'ਤੇ ਇੱਕ ਚਮਚਮਾਤੀ ਕਾਲੀ ਮਰਸਿਡੀਜ਼ ਆ ਕੇ ਰੁਕੀ।

ਕਾਰ ਵਿੱਚੋਂ ਇੱਕ ਰਸੂਖਦਾਰ ਅਤੇ ਅਹੰਕਾਰੀ ਸੇਠ ਉਤਰਿਆ। ਉਸਨੇ ਬਿਨਾਂ ਕੁਝ ਸੋਚੇ ਇੱਕ ਮਹਿੰਗਾ ਬ੍ਰਾਂਡਿਡ ਚਮੜੇ ਦਾ ਬੈਗ ਚਾਚਾ ਦੇ ਸਾਹਮਣੇ ਸੁੱਟ ਦਿੱਤਾ ਅਤੇ ਰੌਬਦਾਰ ਆਵਾਜ਼ ਵਿੱਚ ਚੀਕਿਆ, “ਇਸਨੂੰ ਦਸ ਮਿੰਟਾਂ ਦੇ ਅੰਦਰ ਠੀਕ ਕਰਕੇ ਦਿਓ! ਮੂੰਹ ਮੰਗੀ ਕੀਮਤ ਦਿਆਂਗਾ!”

ਗੁਲਾਮ ਚਾਚਾ ਨੇ ਸ਼ਾਂਤ ਨਜ਼ਰਾਂ ਨਾਲ ਪਹਿਲਾਂ ਉਸ ਮਹਿੰਗੇ ਬੈਗ ਨੂੰ ਦੇਖਿਆ, ਫਿਰ ਆਪਣੀ ਦੁਕਾਨ ਦੇ ਸਾਹਮਣੇ ਖੜ੍ਹੇ ਉਸ ਅਕੜੇ ਹੋਏ ਆਦਮੀ ਵੱਲ ਵੇਖਿਆ। ਗਲੀ ਦਾ ਮਾਹੌਲ ਇੱਕ ਪਲ ਲਈ ਪੂਰੀ ਤਰ੍ਹਾਂ ਸ਼ਾਂਤ ਹੋ ਗਿਆ।

ਚਾਚਾ ਨੇ ਬੜੇ ਆਰਾਮ ਨਾਲ ਆਪਣਾ ਕੰਮ ਰੋਕਿਆ, ਬੈਗ ਵਾਪਸ ਉਸ ਆਦਮੀ ਦੇ ਪੈਰਾਂ ਕੋਲ ਸਰਕਾਇਆ ਅਤੇ ਬੜੇ ਅਦਬ ਪਰ ਦ੍ਰਿੜ੍ਹ ਸੁਰ ਵਿੱਚ ਬੋਲੇ, ਸਾਹਿਬ, ਪੈਸੇ ਨਾਲ ਸਮਾਂ ਖਰੀਦਿਆ ਜਾ ਸਕਦਾ ਹੈ, ਹੁਨਰ ਅਤੇ ਇੱਜ਼ਤ ਨਹੀਂ। ਦਸ ਮਿੰਟ ਕੀ, ਜੇ ਤੁਸੀਂ ਦਸ ਦਿਨ ਵੀ ਉਡੀਕ ਕਰੋ, ਤਾਂ ਵੀ ਮੇਰਾ ਇਹ ਸਮਾਂ ਉਸ ਗਰੀਬ ਫੇਰੀਵਾਲੇ ਅਤੇ ਇਸ ਪੁਰਾਣੇ ਬਾਬੂ ਜੀ ਦੇ ਨਾਮ ਹੈ। ਤੁਸੀਂ ਕਿਸੇ ਹੋਰ ਦੁਕਾਨ ਦਾ ਰੁਖ ਕਰੋ।”

ਸੇਠ ਦਾ ਚਿਹਰਾ ਗੁੱਸੇ ਨਾਲ ਲਾਲ ਹੋ ਗਿਆ। ਉਹ ਬੁੜਬੁੜਾਉਂਦਾ ਹੋਇਆ ਆਪਣੀ ਗੱਡੀ ਵਿੱਚ ਬੈਠਿਆ ਅਤੇ ਉੱਥੋਂ ਚਲਾ ਗਿਆ। ਪਰ ਉਸ ਇੱਕ ਵਾਕ ਨੇ ਆਲੋਕ ਦੀਆਂ ਅੱਖਾਂ ਹਮੇਸ਼ਾ ਲਈ ਖੋਲ੍ਹ ਦਿੱਤੀਆਂ। ਉਸਨੂੰ ਸਮਝ ਆ ਗਿਆ ਕਿ ਇਨਸਾਨ ਦੀ ਅਸਲੀ ਕੀਮਤ ਉਸਦੀ ਹੈਸੀਅਤ ਨਾਲ ਨਹੀਂ, ਸਗੋਂ ਉਸਦੇ ਕਿਰਦਾਰ ਅਤੇ ਉਸਦੀ ਇਨਸਾਨੀਅਤ ਨਾਲ ਅੰਕੀ ਜਾਂਦੀ ਹੈ। ਆਲੋਕ ਨੇ ਮੁਸਕੁਰਾ ਕੇ ਆਪਣਾ ਬੈਗ ਚੁੱਕਿਆ, ਜੇਬ ਵਿੱਚੋਂ ਪੂਰੇ ਪੈਸੇ ਕੱਢ ਕੇ ਚਾਚਾ ਦੀ ਝੋਲੀ ਵਿੱਚ ਪਾ ਦਿੱਤੇ ਅਤੇ ਬਿਨਾਂ ਇੱਕ ਸ਼ਬਦ ਕਹੇ, ਇੱਕ ਨਵੇਂ ਸਬਕ ਨਾਲ ਆਪਣੇ ਰਸਤੇ 'ਤੇ ਅੱਗੇ ਵਧ ਗਿਆ।

# ਕਹਾਣੀ ਸਬਰ ਦੀ...!





ਇਕ ਬਜ਼ੁਰਗ ਜਦੋਂ ਵੀ ਘਰ ਆਇਆ ਕਰੇ ਘਰ ਵਿੱਚ ਪੁੱਤ ਧੀਆਂ ਨੂੰਹਾਂ ਪੋਤੇ ਪੋਤੀਆਂ ਦੇਖ ਕੇ ਆਖਿਆ ਕਰੇ ਬਲੇ ਵੇ ਸਬਰਾ ਬਲੇ।

ਇਕ ਦਿਨ ਵੱਡੀ ਨੂੰਹ ਨੇ ਆਪਣੇ ਸਹੁਰੇ ਨੂੰ ਪੁੱਛਿਆ ਪਿਤਾ ਜੀ ਮੈਂ ਜਦੋਂ ਦੀ ਆਈ ਆ ਤੁਹਾਡੇ ਕੋਲੋਂ ਏਹੋ ਹੀ ਸੁਣਦੀ ਆਉਂਦੀ ਆ ਬਲੇ ਵੇ ਸਬਰਾ ਬਲੇ। ਦਸੋ ਇਹ ਕੀ ਗੱਲ ਹੈ ਤੁਸੀਂ ਬਾਹਰੋਂ ਆਉਂਦਿਆਂ ਇਹ ਲਫ਼ਜ਼ ਜ਼ਰੂਰ ਬੋਲਦੇ ਹੋ ਸਹੁਰਾ ਕਹਿਣ ਲੱਗਾ ਛੱਡ ਪੁੱਤ ਲੰਮੀ ਕਹਾਣੀ ਆ ਤੂੰ ਕੀ ਲੈਣਾ। ਪਰ ਨੂੰਹ ਖਹਿੜੇ ਪੈ ਗਈ ਨਹੀਂ ਦਸੋ ਪਿਤਾ ਜੀ ਕੀ ਗਲ ਹੈ ਮੈਂ ਪੁੱਛ ਕੇ ਹੀ ਰਹਿਣਾ ਅੱਜ । ਸੌਹਰਾ ਕਹਿਣ ਲੱਗਾ ਠੀਕ ਆ ਧੀਏ ਬਹਿ ਜਾ ਫੇਰ ਤੇ ਧਿਆਨ ਨਾਲ ਸੁਣ। ਜਦੋਂ ਮੇਰਾ ਵਿਆਹ ਹੋਇਆ ਮੈਂ ਤੇਰੀ ਸੱਸ ਨੂੰ ਪਸੰਦ ਨਹੀਂ ਹੈਗਾ ਸੀ ਤੇਰੀ ਸੱਸ ਮੇਰੇ ਤੋਂ ਜਾਨ ਛਡਾਵੇ ਤੇ ਮੈਂ ਰੱਬ ਦਾ ਸ਼ੁਕਰ ਕਰਾ ਮੇਰਾ ਵਿਆਹ ਹੋ ਗਿਆ ।

ਇਕ ਵਾਰ ਉਸ ਨਾਲ ਮੈਂ ਆਪਣੇ ਸਹੁਰਿਆਂ ਨੂੰ ਜਾਵਾਂ ਉਦੋਂ ਪੈਦਲ ਹੀ ਜਾਇਆ ਕਰਦੇ ਹੁੰਦੇ ਸੀ। ਰਾਹ ਵਿੱਚ ਖੂਹ ਆਇਆ ਤੇ ਤੇਰੀ ਸੱਸ ਕਹਿੰਦੀ ਮੈਨੂੰ ਪਿਆਸ ਬੜੀ ਲੱਗੀ ਆ ਤੂੰ ਏਦਾ ਕਰ ਆ ਫੜ੍ਹ ਡੋਲਣੀ ਤੇ ਆਪਣੀ ਪੱਗ ਨਾਲ ਬੰਨ ਕੇ ਖੂਹ ਵਿੱਚੋਂ ਪਾਣੀ ਕੱਢ। ਸਹੁਰਾ ਕਹਿੰਦਾ ਜਦੋਂ ਮੈਂ ਪਾਣੀ ਕੱਢਣ ਲੱਗਾ ਤੇ ਪਾਣੀ ਡੂੰਘਾ ਸੀ ਪੱਗ ਪਹੁੰਚੇ ਨਾ ਤੇਰੀ ਸੱਸ ਨੇ ਮੈਨੂੰ ਆਪਣੀ ਚੁੰਨੀ ਲਾਹ ਕੇ ਦਿੱਤੀ ਲੈ ਇਹ ਬੰਨ੍ਹ ਲਾ ਨਾਲ ਆਪਣੀ ਪੱਗ ਦੇ। ਜਦੋਂ ਮੈਂ ਚੁੰਨੀ ਬੰਨ੍ਹੀ 'ਤੇ ਡੋਲਣੀ ਪਾਣੀ ਤੋਂ ਦੋ ਕੁ ਫੁੱਟ ਉਤੇ ਰਹਿ ਗਈ ਤੇਰੀ ਸੱਸ ਕਹਿੰਦੀ ਹੁਣ ਕਿਨਾ ਕੁ ਦੂਰ ਪਾਣੀ ਰਹਿ ਗਿਆ ਗੋਡੇ ਲਾ ਕੇ ਪਾਣੀ ਭਰ ਲਾ। ਕਹਿੰਦਾ ਜਦੋਂ ਹੀ ਮੈਂ ਗੋਡੇ ਲਾ ਕੇ ਪਾਣੀ ਭਰਨ ਲੱਗਾ ਤੇਰੀ ਸੱਸ ਨੇ ਧੱਕਾ ਦੇ ਕੇ ਮੈਨੂੰ ਖੂਹ ਵਿੱਚ ਸੁੱਟ ਦਿੱਤਾ ਤੇ ਆਪ ਪੇਕਿਆਂ ਨੂੰ ਕੱਲੀ ਚੱਲੀ ਗਈ ।

ਮੇਰੀ ਕਿਸਮਤ ਚੰਗੀ ਸੀ ਲਾਗੇ ਕੋਈ ਆਜੜੀ ਬੱਕੜੀਆ ਚਾਰਦਾ ਸੀ ਜਦੋਂ ਉਸ ਨੇ ਮੇਰੀਆਂ ਖੂਹ ਵਿੱਚੋਂ ਅਵਾਜ਼ਾਂ ਸੁਣੀਆ ਤਾਂ ਉਸ ਨੇ ਮੈਨੂੰ ਖੂਹ ਵਿੱਚੋਂ ਬਾਹਰ ਕੱਢ ਲਿਆ। ਜਦੋਂ ਤੇਰੀ ਸੱਸ ਪੇਕੇ ਪਹੁੰਚੀ ਤਾਂ ਉਸ ਦੇ ਮਾਪਿਆਂ ਨੇ ਪੁੱਛਿਆ ਜਵਾਈ ਕਿਥੇ ਰਹਿ ਗਿਆ, ਤਾਂ ਤੇਰੀ ਸੱਸ ਨੇ ਕਹਿ ਦਿੱਤਾ ਉਹ ਮੈਨੂੰ ਪਿੰਡ ਛੱਡ ਕੇ ਕਿਸੇ ਕੋਲੋ ਪੈਸੇ ਲੈਣੇ ਸੀ ਉਹ ਲੈਣ ਚਲਿਆ ਗਿਆ ਕਹਿੰਦਾ ਤੂੰ ਜਾਹ ਮੈਂ ਬਾਅਦ ਵਿੱਚ ਆਉਂਦਾ। ਏਧਰ ਮੈਂ ਵੀ ਖੂਹ ਵਿੱਚੋਂ ਨਿਕਲ ਕੇ ਆਪਣੇ ਕੱਪੜੇ ਨਿਚੋੜ ਕੇ ਸੁਕਾ ਕੇ ਸ਼ਾਮ ਨੂੰ ਸਹੁਰਿਆਂ ਦੇ ਘਰ ਪਹੁੰਚ ਗਿਆ। ਜਦੋਂ ਤੇਰੀ ਸੱਸ ਨੇ ਮੈਨੂੰ ਜਿਉਂਦੇ ਨੂੰ ਦੇਖਿਆ ਉਸ ਦਾ ਇਕ ਰੰਗ ਆਵੇ ਤੇ ਇਕ ਜਾਵੇ ਕਿ ਜੇ ਇਸ ਨੇ ਮੇਰੇ ਮਾਪਿਆਂ ਨੂੰ ਦਸ ਦਿੱਤਾ ਤਾਂ ਉਹਨਾਂ ਨੇ ਮੈਨੂੰ ਜਾਨ ਤੋਂ ਮਾਰ ਦੇਣਾ। ਤੇਰੀ ਸੱਸ ਸੋਚੇ ਕੇ ਇਸ ਨੇ ਹੁਣ ਵੀ ਦੱਸਿਆ ਕਿ ਹੁਣ ਵੀ ਦੱਸਿਆ, ਪਰ ਪੁੱਤ ਮੈਂ ਆਪਣੇ ਮਨ ਨਾਲ ਫ਼ੈਸਲਾ ਕੀਤਾ ਸੀ ਕਿ ਸਬਰ ਰੱਖਣਾ ਦੱਸਣਾ ਨਹੀਂ ਕਿਸੇ ਨੂੰ ।

ਰਾਤ ਦੀ ਰੋਟੀ ਖਾਦੀ ਤੇ ਤੇਰੀ ਸੱਸ ਸੋਚੇ ਹੁਣ ਵੀ ਦਸੂ ਪਰ ਮੈਂ ਨਹੀਂ ਕਿਸੇ ਨੂੰ ਕੁਝ ਦਸਿਆ ਜਦੋਂ ਬਿਸਤਰਾ ਵਿਛਾਇਆ ਸੌਣ ਲਗੇ ਤੇਰੀ ਸੱਸ ਨੇ ਸੋਚਿਆ ਮੈਂ ਏਡਾ ਵੱਡਾ ਕੰਮ ਕੀਤਾ ਇਸ ਨੇ ਤੇ ਕੋਈ ਗਲ ਵੀ ਨਹੀਂ ਛੇੜੀ ਇਸ ਬਾਰੇ। ਜਦੋਂ ਸਵੇਰ ਹੋਈ ਨਾਸਤਾ ਕੀਤਾ ਮੈਂ ਆਪਣੀ ਸੱਸ ਨੂੰ ਆਖਿਆ ਮਾਤਾ ਜੀ ਹੁਣ ਸਾਨੂੰ ਆਗਿਆ ਦਿਉ ਅਸੀਂ ਹੁਣ ਜਾਈਏ। ਸੱਸ ਕਹਿੰਦੀ ਠੀਕ ਆ ਪੁੱਤ ਜਾਉ ਰਾਜੀ ਖੁਸ਼ ਜਾਉ। ਜਦੋਂ ਅਸੀਂ ਵਾਪਸ ਉਸੇ ਹੀ ਖੂਹ ਦੇ ਕੋਲ ਆਏ ਤਾਂ ਤੇਰੀ ਸੱਸ ਨੇ ਮੇਰੇ ਪੈਰਾ ਵਿੱਚ ਬਹਿ ਕੇ ਮੇਰਾ ਧੰਨਵਾਦ ਕੀਤਾ ਗਲਤੀ ਮੰਨੀ ਤੇ ਆਖਿਆ ਮੈਂ ਤੈਨੂੰ ਮਾਰਨ ਵਿੱਚ ਕੋਈ ਕਸਰ ਨਹੀਂ ਛੱਡੀ ਤੇ ਤੂੰ ਮੈਨੂੰ ਬਚਾਉਣ ਵਿੱਚ ਕੋਈ ਕਸਰ ਨਹੀ ਛੱਡੀ। ਅੱਜ ਤੋਂ ਬਾਅਦ ਮੈਂ ਤੇਰੀ ਹਮੇਸ਼ਾ ਆਗਿਆਕਾਰੀ ਬਣ ਕੇ ਰਹਾਗੀ ਤੂੰ ਜਿਵੇਂ ਆਖੇਗਾ ਮੈਂ ਉਦਾ ਹੀ ਚਲਾਂਗੀ। ਸਹੁਰਾ ਆਪਣੀ ਨੂੰਹ ਨੂੰ ਕਹਿੰਦਾ ਪੁੱਤ ਉਸ ਦਿਨ ਜੋ ਮੈ ਸ਼ਬਰ ਕੀਤਾ ਸੀ ਉਸ ਦਾ ਫਲ ਇਹ ਮਿਲਿਆ ਕੀ ਪੁੱਤ ਧੀਆਂ ਨੂੰਹਾਂ ਪੋਤਰੇ ਪੋਤਰੀਆਂ ਵਿਹੜਾ ਭਰਿਆਂ ਜਦੋਂ ਵੇਖਦਾ ਆਪੇ ਹੀ ਮੂੰਹ ਵਿੱਚੋਂ ਨਿਕਲ ਜਾਂਦਾ ਬਲੇ ਵੇ ਸਬਰਾ ਬਲੇ ।

ਇਸ ਲਈ ਹਮੇਸ਼ਾ ਸਬਰ ਜਰੂਰ ਕਰਿਆ ਕਰੋ ਨਿੱਕੀ ਨਿੱਕੀ ਗਲ ਤੇ ਘਰ ਵਿੱਚ ਕਲੇਸ਼ ਪਾ ਕੇ ਲੋਕਾਂ ਨੂੰ ਤਮਾਸ਼ਾ ਨਾ ਦਿਖਾਇਆ ਕਰੋ। ਕਿਉਂਕਿ ਦੋਹਾਂ ਵਿਚੋਂ ਜੇ ਇਕ ਹੀ ਸ਼ਬਰ ਕਰ ਲਵੇ ਤੇ ਕਈ ਘਰ ਟੁੱਟਣੋਂ ਬਚ ਸਕਦੇ ਹਨ ਤੇ ਉਹ ਗੁੱਸੇ ਵਾਲਾ ਟਾਇਮ ਨਿਕਲ ਜਾਂਦਾ ਹੈ।

# ਸੁਹੱਪਣ



ਮਨਪ੍ਰੀਤ ਕਾਲਜ ਪੜ੍ਹ ਕੇ ਆਈ ਤਾਂ ਥੋੜ੍ਹੀ- ਥੋੜ੍ਹੀ ਹਵਾ ਚੱਲ ਰਹੀ ਸੀ। ਘਰ ਤੱਕ ਪਹੁੰਚਦੇ - ਪਹੁੰਚਦੇ ਹਵਾ ਤੇਜ ਹੋ ਗਈ। ਘਰ ਦੇ ਨੇੜੇ ਜਾਕੇ ਦੇਖਿਆ ਤਾਂ ਉਹਨਾਂ ਦੇ ਘਰੋਂ ਤਾਰ ' ਤੇ ਸੁੱਕਣੇ ਪਾਏ ਕੱਪੜੇ ਉੱਡਕੇ ਗਵਾਂਢੀਆਂ ਦੇ ਵਾੜੇ ਵਿੱਚ ਆ ਗਏ ਸਨ। ਉਸਨੇ ਆਸੇ-ਪਾਸੇ ਦੇਖ ਕੇ ਕੱਪੜੇ ਚੁੱਕੇ ਅਤੇ ਛੇਤੀ-ਛੇਤੀ ਘਰੇ ਆ ਗਈ। ਦੂਰੋਂ ਹੀ ਸਾਰੇ ਕੱਪੜੇ ਮੰਜੇ ਉੱਪਰ ਪਟੱਕ ਕੇ ਉੱਚੀ-ਉੱਚੀ ਬੋਲਣ ਲੱਗ ਪਈ," ਮੰਮੀ ਤੁਹਾਨੂੰ ਕਿੰਨੇ ਵਾਰ ਸਮਝਾਇਆ , ਤੁਸੀਂ ਫਿਰ ਨਹੀਂ ਸਮਝਦੇ। ਕੀ ਫਾਇਦਾ ਤੁਹਾਡੀ ਪੜ੍ਹਾਈ ਕਰਨ ਦਾ ਜੇ ਤੁਸੀਂ ਸਮਝਣਾ ਹੀ ਨਹੀਂ । "

" ਓ ਹੋ , ਕੀ ਹੋਇਆ ? "

" ਮੰਮੀ ਹੁਣ ਤੁਹਾਨੂੰ ਐਨਾ ਵੀ ਧਿਆਨ ਨਹੀਂ ਕਿ ਹੋਇਆ ਕੀ ਏ"

" ਪੁੱਤ ਦੱਸੇਂਗੀ ਤਾਂ ਹੀ ਪਤਾ ਲੱਗੂ, ਮੈਂ ਕਿਹੜਾ ਅੰਤਰਜ਼ਾਮੀ ਆ, ਵੀ ਆਪਣੇ- ਆਪ ਪਤਾ ਲੱਗ ਜਾਊ। ਨਾਲੇ ਐਨੀ ਗਰਮ ਨਾ ਹੋਇਆ ਕਰ, ਠੰਡੀ ਰਿਹਾ ਕਰ ਪੁੱਤ। ਐਵੇ ਨਾ ਤਪਿਆ ਕਰ।"

" ਤੁਸੀਂ ਆਪਣਾ ਲੈਕਚਰ ਸ਼ੁਰੂ ਕਰ ਲਿਆ। ਮੇਰੀ ਗੱਲ ਤਾਂ ਸੁਣੀ ਨਹੀਂ "

" ਓ ਹੋ , ਮੈਂ ਹੁਣ ਨਹੀਂ ਬੋਲਣਾ। ਚੱਲ ਦੱਸ ਕੀ ਗੱਲ ਆ।"

" ਤੁਸੀਂ ਕੱਪੜੇ ਧੋਤੇ ਅੱਜ ?"

" ਹਾਂ ਧੋਤੇ ਸੀ , ਨਿੱਤ ਹੀ ਧੋਣੀ ਆ, ਕਿਹੜਾ ਨਵੀਂ ਗੱਲ ਆ"

" ਮੰਮੀ ਫਿਰ ਮੈਂ ਨਿੱਤ ਹੀ ਕਹਿੰਨੀ ਆ ਵੀ ਕਲਿੱਪ ਲਾ ਦਿਆ ਕਰੋ। ਹਵਾ ਆਈ ਤੋਂ ਉੱਡ ਜਾਂਦੇ ਆ। ਪਤਾ ਬਾਹਰੋਂ ਲਿਆਈ ਮੈਂ ਆਪਣੇ ਕੱਪੜੇ। ਹਾਏ! ਕਿੰਨੀ ਸ਼ਰਮ ਆਈ ਮੈਨੂੰ। ਸ਼ੁਕਰ ਕਰੋ ਕੋਈ ਵੇਖਦਾ ਨਹੀਂ ਸੀ ।"

"ਪੁੱਤ ਜੀ ਤਾਰ ਤੋਂ ਉੱਡੇ ਕੱਪੜਿਆਂ 'ਤੇ ਤਾਂ ਕਲਿੱਪ ਲਾ ਦਿਉ ਪਰ ਜਿਹੜੇ ਤੇਰੇ ਸਰੀਰ ਤੋਂ ਉੱਡਗੇ, ਉਹਨਾਂ ਦਾ ਕੀ ਕਰਾਂ। ਕਿੱਥੋਂ ਲਿਆਵਾਂ ਚੱਕ ਕੇ। ਜੇ ਮੈਨੂੰ ਕਿਤੇ ਉੱਡੇ ਪੈ ਮਿਲ ਜਾਣ ਮੈਂ ਤਾਂ ਚੱਕਣ ਲੱਗੀ ਭੋਰਾ ਸ਼ਰਮ ਨਾ ਕਰਾਂ।"

"ਮੰਮੀ ਪਲੀਜ਼"

"ਪੁੱਤ ਕੱਪੜੇ ਇਨਸਾਨ ਦਾ ਸੁਹੱਪਣ ਹੁੰਦੇ ਨੇ। ਜਿਸ ਇਨਸਾਨ ਕੋਲ ਕੱਪੜੇ ਹੀ ਨਹੀਂ, ਉਸਦਾ ਕੀ ਸੁਹੱਪਣ? ਤੂੰ ਕਿਹਾ ਏ ਨਾ ਸ਼ੁਕਰ ਕਰੋ ਮੈਨੂੰ ਕੋਈ ਵੇਖਦਾ ਨਹੀਂ ਸੀ। ਪੁੱਤ ਮੈਂ ਕੀ ਕਰਾਂ ਜਦੋਂ ਤੈਨੂੰ ਸਾਰੇ ਵੇਖਦੇ ਆ। ਮੈਂ ਇਹ ਨਹੀਂ ਕਹਿੰਦੀ ਸਮੇਂ ਦੇ ਹਾਣ ਦੇ ਨਾ ਬਣੋ, ਪਰ ਪੁੱਤ ਆਪਣਾ ਸੁਹੱਪਣ ਵੀ ਨਾ ਗੁਵਾਓ"

" ਮੰਮੀ ਸੌਰੀ , ਮੈਂ ਵਾਅਦਾ ਕਰਦੀ ਹਾਂ ਆਪਣਾ ਸੁਹੱਪਣ ਵਾਪਸ ਲੈ ਕੇ ਆਊ"

" ਚੱਲ ਆ ਤੈਨੂੰ ਘਿਓ, ਸ਼ੱਕਰ ਦੀ ਚੂਰੀ ਖਵਾਵਾਂ"।

ਲਿਖਤ-ਰਾਜਦੀਪ ਕੌਰ ਖਾਲਸਾ

# ਮਨ ਤੇ ਕੁਦਰਤ



ਹਰਪ੍ਰੀਤ ਕੌਰ ਸੰਧੂ

ਸਾਨੂੰ ਸਭ ਨੂੰ ਆਪਣਾ-ਆਪਣਾ ਦੁੱਖ ਵੱਧ ਲੱਗਦਾ ਹੈ। ਦੂਜਾ ਹਮੇਸ਼ਾ ਹੀ ਦੇਖਣ ਨੂੰ ਸੁਖਾਲਾ ਲੱਗਦਾ। ਜਦੋਂ ਕੋਈ ਚਲਾ ਜਾਂਦਾ ਤਾਂ ਅਸੀਂ ਉਸ ਬਾਰੇ ਨਹੀਂ ਸੋਚਦੇ ਉਸ ਤੋਂ ਬਿਨਾਂ ਸਾਡਾ ਕੀ ਹੋਏਗਾ ਇਸ ਬਾਰੇ ਸੋਚਣ ਲੱਗਦੇ ਹਾਂ। ਜਿਹੜਾ ਭਰੇ ਮੇਲੇ 'ਚੋਂ ਵਿਛੜਿਆ ਹੈ ਉਸ ਬਾਰੇ ਕੋਈ ਨਹੀਂ ਸੋਚਦਾ। ਉਹ ਕਿਵੇਂ ਰਹੇਗਾ? ਕਿਵੇਂ ਝੱਲੇਗਾ ਜੁਦਾਈ? ਕਿਸ ਨਾਲ ਕਰੇਗਾ ਤੁਹਾਡੇ ਬਾਰੇ ਗੱਲ? ਕਿਵੇਂ ਜੀਵੇਗਾ ਤੁਹਾਡੇ ਬਿਨਾਂ?

ਤੁਸੀਂ ਤਾਂ ਆਪਣਿਆਂ ਵਿੱਚ ਬੈਠੇ ਹੋ। ਆਪਸ ਵਿੱਚ ਗੱਲ ਕਰਕੇ ਕੁਝ ਪਲਾਂ ਵਿੱਚ ਕੁਝ ਜਾਣ ਵਾਲੇ ਨੂੰ ਭੁੱਲ ਜਾਂਦੇ ਹੋ। ਪਰ ਉਹ ਜੋ ਇਕੱਲਾ ਰਹਿ ਗਿਆ ਹੈ ਭੀੜ ਵਿੱਚ ਉਸਦਾ ਕੀ?

ਅਸੀਂ ਹਮੇਸ਼ਾ ਉਹੀ ਚਾਹੁੰਦੇ ਹਾਂ ਜਿਸ ਵਿੱਚ ਸਾਡਾ ਫਾਇਦਾ ਹੋਵੇ। ਇਹ ਸਾਡੀ ਫਿਤਰਤ ਹੈ। ਅਸੀਂ ਆਪਣੀ ਮੁਹੱਬਤ ਵਿੱਚ ਕਿਸੇ ਦੇ ਦੁਆਲੇ ਇੱਕ ਵਲਗਣ ਬਣਾ ਲੈਂਦੇ ਹਾਂ। ਉਸਨੂੰ ਉਸ ਦਾਇਰੇ ਵਿੱਚ ਬੰਦ ਕਰ ਦਿੰਦੇ ਹਾਂ। ਸਾਨੂੰ ਉਸਦਾ ਉਸ ਦਾਇਰੇ 'ਚੋਂ ਨਿਕਲਣਾ ਚੰਗਾ ਨਹੀਂ ਲੱਗਦਾ। ਅਸੀਂ ਜੇਕਰ ਸਾਡਾ ਵੱਸ ਚੱਲੇ ਤਾਂ ਹਮੇਸ਼ਾ ਉਸਨੂੰ ਦਾਇਰੇ ਵਿੱਚ ਬੰਦੀ ਬਣਾ ਕੇ ਰੱਖੀਏ। ਤੁਹਾਨੂੰ ਲੱਗਾ ਹੋਏਗਾ ਕਿ ਬੰਦੀ ਕਿਉਂ ਕਿਹਾ?

ਇਹ ਸ਼ਬਦ ਅਜੀਬ ਜ਼ਰੂਰ ਲੱਗਦਾ ਹੈ। ਪਰ ਬੰਦਿਸ਼ਾਂ ਨਾਲ ਭਰੀ ਮੁਹੱਬਤ ਬੰਦੀ ਹੀ ਬਣਾਉਂਦੀ ਹੈ। ਉਹ ਕੀ ਆਪਣਾ ਥੋਈ ਜੋ ਕਿਸੇ ਨੂੰ ਆਪਣੇ ਨਾਲ ਬੰਨ ਲਵੇ। ਮੁਹੱਬਤ ਉਹ ਹੁੰਦੀ ਹੈ ਜੋ ਦੂਸਰੇ ਨੂੰ ਆਜ਼ਾਦ ਕਰ ਦੇਵੇ।

ਦੂਸਰੇ ਦੀ ਖੁਸ਼ੀ ਵਿੱਚ ਆਪਣੀ ਖੁਸ਼ੀ ਲੱਭੇ।

ਜਦੋਂ ਕੋਈ ਅਜਿਹਾ ਕਰਨ ਲੱਗਦਾ ਹੈ ਤਾਂ ਯਕੀਨ ਮੰਨੋ ਉਹ ਰੱਬ ਦਾ ਰੂਪ ਹੋ ਜਾਂਦਾ ਹੈ। ਰੱਬ ਵੀ ਤਾਂ ਇਹੀ ਕਹਿੰਦਾ ਹੈ ਹੈ ਇਹੀ ਕਰਦਾ ਹੈ। ਉਹ ਆਪਣੀ ਬਣਾਈ ਖਲਕਤ ਨੂੰ ਆਪਣੇ ਤੋਂ ਦੂਰ ਕਰ ਦਿੰਦਾ ਹੈ। ਉਸ ਨੂੰ ਜਿਉਣ ਦਿੰਦਾ ਹੈ ਜਿਵੇਂ ਉਸਦਾ ਜੀ ਕਰੇ। ਜੇਕਰ ਉਹ ਚਾਹੁੰਦਾ ਤਾਂ ਸ਼ਾਇਦ ਕਦੇ ਵੀ ਇਸ ਦੁਨੀਆਂ ਨੂੰ ਨਾ ਸਿਰਜਦਾ। ਉਸ ਦੇ ਰੰਗ ਮੰਚ ਦੀ ਇਹ ਕਲਾਕਾਰ ਉਸਦੀ ਮੁੱਠੀ ਵਿੱਚ ਹਨ। ਪਰ ਉਸ ਨੇ ਮੁੱਠੀ ਘੁੱਟੀ ਨਹੀਂ ਹੋਈ। ਨਾ ਹੀ ਉਹ ਕਠਪੁਤਲੀ ਵਾਂਗ ਸਾਨੂੰ ਨਚਾਉਂਦਾ ਹੈ। ਹਾਂ ਇਹ ਸੱਚ ਹੈ ਕਿ ਜੇ ਅਸੀਂ ਡੋਰੀਆਂ ਉਸ ਉੱਤੇ ਛੱਡ ਦਈਏ ਤਾਂ ਕੁਝ ਸੁਖਾਲੇ ਹੋ ਜਾਂਦੇ ਹਨ। ਅਕਸਰ ਲੋਕ ਕਹਿ ਦਿੰਦੇ ਨੇ ਤੇਰੇ ਉੱਤੇ ਛੱਡੀਆਂ ਡੋਰੀਆਂ।

ਇਹ ਕਹਿ ਦੇਣਾ ਬਹੁਤ ਸੌਖਾ ਹੈ ਤੇ ਕਰਨਾ ਬੜਾ ਮੁਸ਼ਕਿਲ। ਰੱਬ ਦੀ ਰਜ਼ਾ ਵਿੱਚ ਰਹਿਣਾ ਸੌਖਾ ਨਹੀਂ। ਅਸੀਂ ਉਸ ਦੀ ਰਜ਼ਾ ਵਿੱਚ ਰਹਿਣਾ ਜੇ ਸਿੱਖ ਜਾਈਏ ਤਾਂ ਸਿੱਧੀ ਜ਼ਿੰਦਗੀ ਬਹੁਤ ਸਕੂਨ ਭਰੀ ਹੋ ਜਾਵੇਗੀ। ਪਰਮਾਤਮਾ ਤੇ ਮਨੁੱਖ ਦਾ ਸੰਬੰਧ ਸਿੱਧਾ ਹੈ। ਬਸ ਮਨੁੱਖ ਦੀ ਬੁੱਧੀ ਨੇ ਭਰਮ ਪਾਲੇ ਹੋਏ ਹਨ। ਜਦੋਂ ਤੱਕ ਮਨੁੱਖ ਇਸ ਗੱਲ ਨੂੰ ਨਹੀਂ ਸਮਝ ਲੈਂਦਾ ਕਿ ਇੱਕ ਕੀ ਹੈ ਇਸ ਦਾ ਅਰਥ ਕੀ ਹੈ ਉਹ ਭਟਕਦਾ ਰਹੇਗਾ।

ਅਸੀਂ ਅਕਸਰ ਕਹਿੰਦੇ ਹਾਂ ਪਰਮਾਤਮਾ ਅੰਗ ਸੰਗ ਤੁਹਾਡੇ ਸਹਾਈ ਹੋਵੇ। ਇਹ ਕਹਿਣ ਦੀ ਵੈਸੇ ਜਰੂਰਤ ਨਹੀਂ ਕਿਉਂਕਿ ਉਹ ਹਮੇਸ਼ਾ ਹੀ ਸਾਡੇ ਅੰਗ ਸੰਗ ਹੁੰਦਾ ਹੈ। ਜਿਵੇਂ ਮਾਂ ਪਾਰਕ ਵਿੱਚ ਇੱਕ ਬੈਂਚ ਤੇ ਬੈਠੀ ਦੂਰ ਖੇਡ ਦੇ ਬੱਚੇ ਨੂੰ ਵੇਖ ਰਹੀ ਹੁੰਦੀ ਹੈ ਠੀਕ ਉਸੇ ਤਰ੍ਹਾਂ ਪਰਮਾਤਮਾ ਵੀ ਸਾਨੂੰ ਵੇਖਦਾ ਹੈ। ਪਰਮਾਤਮਾ ਸੂਖਮ ਹੈ। ਉਸਨੂੰ ਵੇਖਿਆ ਨਹੀਂ ਜਾ ਸਕਦਾ। ਉਹ ਇਸ ਕੁਦਰਤ ਵਿੱਚ ਹੈ। ਇਹ ਸਭ ਜੋ ਕੁਦਰਤੀ ਵਰਤਾਰੇ ਵਾਪਰਦੇ ਹਨ ਉਸੇ ਦੀ ਖੇਡ ਹੈ।

ਬੱਚੇ ਨੂੰ ਸੱਟ ਲੱਗਦੀ ਹੈ ਤਾਂ ਮਾਂ ਨੂੰ ਕਿਤੇ ਦੂਰ ਬੈਠਿਆਂ ਇਸ ਦਾ ਅਹਿਸਾਸ ਹੁੰਦਾ ਹੈ। ਜੋ ਮਾਂ ਦਾ ਜੁੜਾਅ ਆਪਣੇ ਬੱਚੇ ਨਾਲ ਹੈ ਬਿਲਕੁਲ ਉਹੀ ਜੁੜਾਅ ਪਰਮਾਤਮਾ ਦਾ ਆਪਣੇ ਬੰਦਿਆਂ ਨਾਲ ਹੈ। ਜਿਸ ਨੇ ਜਿਸ ਨੂੰ ਉਸਾਰਿਆ ਹੈ ਜਿਸ ਨੂੰ ਬਣਾਇਆ ਹੈ ਹੈ ਉਸ ਨਾਲ ਸੰਬੰਧ ਟੁੱਟ ਵੀ ਨਹੀਂ ਸਕਦਾ। ਹਾਂ ਕਦੇ ਅੱਖੋਂ ਪਰੋਖੇ ਹੋ ਸਕਦਾ ਹੈ ਪਰ ਜਿਹਨ ਚੋਂ ਜਾਂਦਾ ਨਹੀਂ।

ਜਦੋਂ ਵੀ ਤੁਸੀਂ ਕਦੇ ਇਕੱਲਾ ਮਹਿਸੂਸ ਕਰੋ ਤਾਂ ਇਸ ਗੱਲ ਨੂੰ ਹਮੇਸ਼ਾ ਯਾਦ ਰੱਖੋ ਕਿ ਇਹ ਕੁਦਰਤ ਤੁਹਾਡੇ ਨਾਲ ਹੈ। ਰੁੱਖ ਦੇ ਹੇਠਾਂ ਬੈਠਾ ਬੰਦਾ ਇਕੱਲਾ ਨਹੀਂ ਹੋ ਸਕਦਾ। ਫੁੱਲਾਂ ਦੀ ਖੁਸ਼ਬੂ ਲੈਣ ਵਾਲਾ ਬੰਦਾ ਬੇਚੈਨ ਨਹੀਂ ਹੋ ਸਕਦਾ। ਮਿੱਟੀ ਦੀ ਮਹਿਕ ਤੋਂ ਅਨੰਦਿਤ ਹੋਣ ਵਾਲਾ ਬੰਦਾ ਆਪਣੀ ਮਾਂ ਤੋਂ ਕਦੀ ਦੂਰ ਨਹੀਂ ਹੁੰਦਾ। ਇਹ ਸੱਚ ਹੈ ਕਿ ਪਰਮਾਤਮਾ ਕੋਈ ਸ਼ਖਸ ਨਹੀਂ ਹੈ। ਉਹ ਤਾਂ ਰੂਹ ਹੈ ਜੋ ਬਾਣੇ ਬਦਲ ਬਦਲ ਕੇ ਆਉਂਦੀ ਹੈ। ਤੁਹਾਡੇ ਆਲੇ ਦੁਆਲੇ ਤੁਹਾਡੇ ਨੇੜੇ ਕੋਈ ਸ਼ਖਸ ਉਹ ਰੂਹ ਹੋ ਸਕਦਾ ਹੈ। ਸਿਰਫ਼ ਪਛਾਨਣ ਵਾਲੀ ਅੱਖ ਦੀ ਲੋੜ ਹੈ।

ਜਦੋਂ ਕਿਸੇ ਕੰਮ ਨੂੰ ਕਰਨ ਲੱਗਿਆ ਹਾਂ ਤੁਸੀਂ ਕਹਿੰਦੇ ਹੋ ਕਿ ਮੇਰੀ ਆਤਮਾ ਨਹੀਂ ਮੰਨਦੀ ਹੈ ਤਾਂ ਉਹ ਦਰ ਅਸਲ ਤੁਹਾਡੇ ਅੰਦਰ ਬੈਠਾ ਪਰਮਾਤਮਾ ਹੀ ਹੈ। ਉਸੇ ਦਾ ਅੰਸ਼ ਹੈ ਜੋ ਤੁਹਾਨੂੰ ਹਰ ਗਲਤ ਕੰਮ ਕਰਨ ਤੋਂ ਇੱਕ ਵਾਰ ਰੋਕਦਾ ਜਰੂਰ ਹੈ।

ਅਸੀਂ ਮਨੁੱਖੀ ਮਨ ਦੀਆਂ ਅਸੀਮਿਤ ਤਾਕਤਾਂ ਤੋਂ ਅਣਜਾਣ ਹਾਂ। ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਸੰਸਾਰ ਦੇ ਇੱਕ ਹਿੱਸੇ ਵਿੱਚ ਬੈਠੇ ਮਾਨਸਿਕ ਤਿਰੰਗਾ ਰਾਹੀਂ ਹਜ਼ਾਰਾਂ ਕਿਲੋਮੀਟਰ ਦੂਰ ਬੈਠੇ ਕਿਸੇ ਬੰਦੇ ਨੂੰ ਪ੍ਰਭਾਵਿਤ ਕਰ ਸਕਦੇ ਹੋ। ਇਹ ਸੱਚ ਹੈ। ਇਹ ਅਵਸਥਾ ਪ੍ਰਾਪਤ ਕਰਨੀ ਸੌਖੀ ਨਹੀਂ ਪਰ ਅਸੰਭਵ ਵੀ ਨਹੀਂ।

ਕਦੇ ਸੋਚਿਓ ਇਸ ਬਾਰੇ ਕਿ ਜਦੋਂ ਤੁਸੀਂ ਪਰੇਸ਼ਾਨ ਹੁੰਦੇ ਹੋ ਤਾਂ ਹਜ਼ਾਰਾਂ ਕਿਲੋਮੀਟਰ ਦੂਰ ਭਾਰਤ ਵਿੱਚ ਬੈਠੀ ਤੁਹਾਡੀ ਮਾਂ ਤੁਹਾਨੂੰ ਫੋਨ ਕਰਦੀ ਹੈ 'ਪੁੱਤ ਤੂੰ ਠੀਕ ਤਾਂ ਹੈ?"

ਕਦੇ ਕੋਈ ਆਪਣਾ ਦੁਨੀਆ 'ਚੋਂ ਵਿਛੜਨ ਤੋਂ ਪਹਿਲਾਂ ਸੁਫਨੇ ਵਿੱਚ ਮਿਲਦਾ ਹੈ ਤੁਹਾਨੂੰ। ਇਹ ਸਭ ਨਾਲ ਹੁੰਦਾ ਹੈ ਬਸ ਅਸੀਂ ਸ਼ਾਂਤੀ ਨਾਲ ਭਰੇ ਹੋਏ ਇਹਨਾਂ ਗੱਲਾਂ ਨੂੰ ਸਮਝ ਨਹੀਂ ਸਕਦੇ। ਇਹਨਾਂ ਇਸ਼ਾਰਿਆਂ ਨੂੰ ਸਮਝਣ ਲਈ ਆਪਣੇ ਆਪ ਨੂੰ ਇੱਕ ਸ਼ਾਂਤ ਪ੍ਰਕਿਰਿਆ ਵਿੱਚੋਂ ਗੁਜ਼ਰ ਕੇ ਸ਼ਾਂਤ ਅਵਸਥਾ ਵਿੱਚ ਲੈ ਜਾਣਾ ਜਰੂਰੀ ਹੈ। ਜਦੋਂ ਤੁਹਾਡਾ ਮਨ ਤੇ ਕੁਦਰਤ ਇੱਕ ਸੁਰ ਹੁੰਦੇ ਹਨ ਉਸ ਪਲ ਵਿੱਚ ਤੁਸੀਂ ਪਰਮਾਤਮਾ ਹੁੰਦੇ ਹੋ।

ਇਹ ਸਭ ਮੈਂ ਕਿਉਂ ਲਿਖ ਰਹੀ ਹਾਂ ਮੈਨੂੰ ਨਹੀਂ ਪਤਾ। ਬਸ ਦਿਲ ਵਿੱਚ ਆਇਆ ਕਿ ਇਹ ਗੱਲਾਂ ਤੁਹਾਡੀਆਂ ਨਾਲ ਸਾਂਝੀਆਂ ਕਰਾਂ। ਅਜੇ ਬਹੁਤ ਕੁਝ ਹੋਰ ਬਾਕੀ ਹੈ। ਫਿਰ ਸਹੀ।

# ਮਾਣ ਦੀ ਪਰਵਾਜ਼

## (ਮਿੰਨੀ ਕਹਾਣੀ)

ਨਵੀਂ ਥਾਂ 'ਤੇ ਧੀ ਦੀ ਤਾਇਨਾਤੀ ਕਰਵਾ ਕੇ ਮਾਂ-ਬਾਪ ਘਰ ਤਾਂ ਪਰਤ ਆਏ ਸਨ, ਪਰ ਉਨ੍ਹਾਂ ਦੇ ਦਿਲ ਵਿੱਚੋਂ ਚਿੰਤਾ ਦੀ ਸੂਲ ਅਜੇ ਨਹੀਂ ਸੀ ਨਿਕਲੀ। ਲੋੜ ਅਨੁਸਾਰ ਘਰ ਵਰਗਾ ਪੋਰਸ਼ਨ ਤਾਂ ਮਿਲ ਗਿਆ ਸੀ, ਪਰ ਇੱਕੋ ਸਵਾਲ ਦੋਵਾਂ ਨੂੰ ਵੱਢ-ਵੱਢ ਖਾ ਰਿਹਾ ਸੀ—ਇੰਨੇ ਵੱਡੇ ਘਰ ਵਿੱਚ ਧੀ ਇਕੱਲੀ ਕਿਵੇਂ ਰਹੇਗੀ?

ਸ਼ਾਮ ਨੂੰ ਮੋਬਾਈਲ ਦੀ ਘੰਟੀ ਵੱਜੀ। ਧੀ ਦੀ ਵੀਡੀਓ ਕਾਲ ਸੀ। ਮਾਂ-ਬਾਪ ਦੇ ਉਦਾਸ ਚਿਹਰੇ ਸਕਰੀਨ 'ਤੇ ਵੇਖ ਕੇ ਉਹ ਮੁਸਕਰਾ ਪਈ।

“ਮੰਮੀ-ਪਾਪਾ! ਇੱਕ ਦਿਨ ਤਾਂ ਘਰ ਤੋਂ ਵਿਦਾ ਹੋਣਾ ਹੀ ਸੀ। ਫਿਰ ਇਸ ਗੱਲ ਦੀ ਚਿੰਤਾ ਕਰਕੇ ਕੀ ਹਾਸਲ ਹੋਵੇਗਾ? ਬਚਪਨ ਤੋਂ ਹੀ ਤਾਂ ਮੈਂ ਖੇਡਾਂ ਲਈ ਦੇਸ਼ ਦੇ ਕੋਨੇ-ਕੋਨੇ ਵਿੱਚ ਇਕੱਲੀ ਜਾਂਦੀ ਰਹੀ ਹਾਂ,” ਉਸ ਨੇ ਉਨ੍ਹਾਂ ਨੂੰ ਧਰਵਾਸ ਦਿੰਦਿਆਂ ਕਿਹਾ।

ਮਾਂ ਨੇ ਹਉਕਾ ਭਰਿਆ, “ਪਰ ਪੁੱਤ, ਓਦੋਂ ਗੱਲ ਹੋਰ ਸੀ...”

“ਗੱਲ ਅੱਜ ਵੀ ਉਹੀ ਹੈ, ਮੰਮੀ! ਤੁਸੀਂ ਮੈਨੂੰ ਚੰਗੀ ਸਿੱਖਿਆ ਦਿੱਤੀ, ਖੇਡਾਂ ਵਿੱਚ ਅੱਗੇ ਵਧਣ ਦਾ ਹੌਸਲਾ ਦਿੱਤਾ ਤੇ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਸਿਖਾਇਆ। ਹੁਣ ਜਦੋਂ ਮੈਂ ਇਸ ਅਹੁਦੇ ਤੱਕ ਪਹੁੰਚ ਗਈ ਹਾਂ ਤਾਂ ਮੇਰੇ 'ਤੇ ਭਰੋਸਾ ਵੀ ਤਾਂ ਕਰੋ। ਤੁਸੀਂ ਮੈਨੂੰ ਸਿਰਫ਼ ਪਾਲਿਆ ਨਹੀਂ, ਜੀਣਾ ਸਿਖਾਇਆ ਹੈ।”

ਉਹ ਇੱਕ ਪਲ ਲਈ ਰੁਕੀ, ਫਿਰ ਹੌਲੀ ਜਿਹੀ ਮੁਸਕਰਾਹਟ ਨਾਲ ਬੋਲੀ, “ਜ਼ਮਾਨਾ ਬਦਲ ਰਿਹਾ ਹੈ ਪਾਪਾ। ਧੀਆਂ ਵੀ ਆਪਣੇ ਸੁਪਨਿਆਂ ਦੇ ਰਾਹ ਆਪ ਚੁਣ ਰਹੀਆਂ ਨੇ। ਇਸ ਬਦਲਾਅ ਤੋਂ ਡਰਨ ਦੀ ਥਾਂ, ਸਾਨੂੰ ਇਸ ਦਾ ਹਿੱਸਾ ਬਣਨਾ ਚਾਹੀਦਾ ਹੈ।”

ਮਾਂ-ਬਾਪ ਚੁੱਪਚਾਪ ਉਸ ਨੂੰ ਸੁਣਦੇ ਰਹੇ।

ਸਕਰੀਨ 'ਤੇ ਧੀ ਦਾ ਆਤਮ-ਵਿਸ਼ਵਾਸ਼ ਭਰਿਆ ਚਿਹਰਾ ਉਨ੍ਹਾਂ ਨੂੰ ਹੁਣ ਪਹਿਲਾਂ ਨਾਲੋਂ ਕਿਤੇ ਵੱਖਰਾ ਦਿਸ ਰਿਹਾ ਸੀ। ਜਿਹੜੀ ਧੀ ਉਨ੍ਹਾਂ ਨੂੰ ਅਜੇ ਤੱਕ ਇਕੱਲੀ ਅਤੇ ਅਸੁਰੱਖਿਅਤ ਲੱਗ ਰਹੀ ਸੀ, ਉਹ ਅੱਜ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੀ, ਆਪਣਾ ਰਾਹ ਆਪ ਬਣਾਉਂਦੀ ਨਜ਼ਰ ਆ ਰਹੀ ਸੀ।

ਮਾਂ ਦੇ ਚਿਹਰੇ 'ਤੇ ਚਿੰਤਾ ਦੀ ਥਾਂ ਹੌਲੀ ਜਿਹੀ ਮੁਸਕਰਾਹਟ ਆ ਗਈ। ਪਿਤਾ ਨੇ ਵੀ ਸਿਰ ਹਿਲਾਇਆ। ਉਨ੍ਹਾਂ ਨੂੰ ਮਹਿਸੂਸ ਹੋਇਆ—ਧੀ ਘਰ ਤੋਂ ਦੂਰ ਨਹੀਂ ਹੋਈ ਸੀ; ਉਹ ਤਾਂ ਉਨ੍ਹਾਂ ਦੇ ਵਿਸ਼ਵਾਸ਼ ਦੀਆਂ ਹੱਦਾਂ ਤੋਂ ਪਾਰ ਉੱਡਣਾ ਸਿੱਖ ਗਈ ਸੀ।

ਮੋਹਨ ਬੇਗੋਵਾਲ

# ਧੀ ਦਾ ਵਿਆਹ...!

ਗੁਰਪ੍ਰੀਤ ਆਪਣੀ ਪਤਨੀ ਕੁਲਵੰਤ ਕੌਰ ਨਾਲ ਆਪਣੀ ਕੈਨੇਡਾ ਰਹਿੰਦੀ ਬੇਟੀ ਮਨਪ੍ਰੀਤ ਦੇ ਵਿਆਹ ਦੀ ਗੱਲ ਕਰ ਰਿਹਾ ਸੀ... ਗੁਰਪ੍ਰੀਤ ਕਹਿਣ ਲੱਗਾ... ਕੁਲਵੰਤ ਕੌਰੇ... ਦੇਖ.. ਮਨਪ੍ਰੀਤ ਦੀ ਉਮਰ ਹੁਣ 25 ਸਾਲ ਦੀ ਹੋ ਗਈ ਏ... ਹੁਣ ਤਾਂ ਉਹ ਕੈਨੇਡਾ ਦੀ ਪੀ ਆਰ ਵੀ ਏ... ਆਪਾਂ ਕੋਈ ਚੰਗਾ ਮੁੰਡਾ 'ਤੇ ਵਧੀਆ ਘਰ ਦੇਖਕੇ ਮਨਪ੍ਰੀਤ ਦਾ ਵਿਆਹ ਕਰਕੇ ਸੁਰਖ਼ਰੂ ਹੋ ਜਾਈਏ।

ਕੁਲਵੰਤ ਕੌਰ ਨੇ ਵੀ ਆਪਣੇ ਪਤੀ ਗੁਰਪ੍ਰੀਤ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਕਿਹਾ... ਤੁਸੀਂ ਠੀਕ ਕਹਿੰਦੇ ਹੋ ਜੀ...ਮਨਪ੍ਰੀਤ ਦੇ ਵਿਆਹ ਦੀ ਉਮਰ ਤਾਂ ਹੋ ਗਈ ਏ.... ਪਰ ਆਪਾਂ ਇੱਕ ਵਾਰ ਮਨਪ੍ਰੀਤ ਨੂੰ ਵੀ ਪੁੱਛ ਲਈਏ... ਉਸਦੀ ਨਿਗਾ ਵਿੱਚ ਕੋਈ ਮੁੰਡਾ ਹੈ ਤਾਂ ਆਪਾਂ ਦੇਖ ਲਵਾਂਗੇ.... ਅੱਜ ਸਮਾਂ ਹੀ ਅਜਿਹਾ ਚੱਲ ਰਿਹਾ.... ਬੱਚਿਆਂ ਦੀ ਮਰਜੀ ਜਾਨਣੀ ਵੀ ਜ਼ਰੂਰੀ ਆ।

ਕੁਲਵੰਤ ਕੌਰ ਦੀ ਗੱਲ ਸੁਣਕੇ... ਗੁਰਪ੍ਰੀਤ ਕਹਿਣ ਲੱਗਾ ਕੁਲਵੰਤ ਕੁਰੇ ਮਨਪ੍ਰੀਤ ਮੇਰੀ ਧੀ ਆ... ਉਹ ਤਾਂ ਮੇਰੇ ਕਹਿਣੇ ਤੋਂ ਇੰਚ ਵੀ ਬਾਹਰ ਨੀ... ਉਸਨੂੰ ਸਾਡੀ ਇੱਜਤ ਦਾ ਪੂਰਾ ਖਿਆਲ ਆ... ਉਹ ਕੈਨੇਡਾ ਵਿੱਚ ਪੜਨ ਗਈ ਆ ਨਾ ਕਿ ਆਸਕੀਆਂ ਕਰਨ... ਉਸਨੂੰ ਪੁੱਛਣ ਦੀ ਕੀ ਲੋੜ ਆ....ਮੁੰਡਾ ਦੇਖਕੇ ਹੀ ਉਸਨੂੰ ਦੱਸਾਂਗੇ। ਆਪਾਂ ਕਿਹੜਾ ਉਸਦਾ ਮਾੜਾ ਸੋਚਦੇ ਆਂ... ਜੋ ਕਰਾਂਗੇ, ਉਸਦਾ ਚੰਗਾ ਹੀ ਕਰਾਂਗੇ।

ਕੁਲਵੰਤ ਕੌਰ... ਗੁਰਪ੍ਰੀਤ ਦੀ ਗੱਲ ਸੁਣਕੇ ਚੁੱਪ ਕਰ ਗਈ... ਉਸਨੇ ਨਾ ਚਾਹੁੰਦਿਆਂ ਵੀ... ਗੁਰਪ੍ਰੀਤ ਦੀ ਹਾਂ ਵਿੱਚ ਹਾਂ ਮਿਲਾ ਦਿੱਤੀ... ਗੁਰਪ੍ਰੀਤ ਨੇ ਆਪਣੇ ਦੋਸਤ ਮਿੰਦਰ ਨੂੰ ਕਿਹਾ ਆਪਣੀ ਮਨਪ੍ਰੀਤ ਲਈ ਚੰਗਾ ਮੁੰਡਾ 'ਤੇ ਵਧੀਆ ਘਰ-ਬਾਰ ਦੇਖਣਾ.... ਅਗਲੇ ਸਾਲ ਤੱਕ ਆਪਾਂ ਮਨਪ੍ਰੀਤ ਦਾ ਵਿਆਹ ਕਰ ਦੇਣਾ... ਮਿੰਦਰ ਨੇ ਦੱਸ ਪਾਈ ਕਿ... ਰਾਮਪੁਰੇ ਫੂਲ ਦੇ ਨੇੜੇ ਭਾਈਰੂਪੇ...ਮੇਰੀ ਭੂਆ ਦਾ ਪੋਤਾ... ਚੰਗਾ ਪੜ੍ਹਿਆ ਲਿਖਿਆ.... ਜ਼ਮੀਨ ਜਾਇਦਾਦ ਵੀ ਚੰਗੀ ਆ... ਆਪਾਂ ਕੱਲ੍ਹ ਨੂੰ ਹੀ ਦੇਖ ਆਵਾਂਗੇ।

ਅਗਲੇ ਦਿਨ ਗੁਰਪ੍ਰੀਤ 'ਤੇ ਮਿੰਦਰ ਮੁੰਡਾ ਦੇਖਣ ਲਈ ਭਾਈਰੂਪੇ ਵੱਲ ਨੂੰ ਚੱਲ ਪਏ... ਦਸ ਵਜੇ ਆਲੀ ਚਾਹ ਦੇ ਟਾਈਮ ਨੂੰ ਉਹ... ਮਿੰਦਰ ਦੀ ਭੂਆ ਦੇ ਘਰ ਪਹੁੰਚ ਗਏ... ਘਰ ਬਹੁਤ ਵੱਡਾ ਸੀ.... ਭੂਆ ਦਾ ਸਾਂਝਾ ਪਰਿਵਾਰ ਸੀ.. ਘਰ ਵਿੱਚ ਬਹੁਤ ਸਾਰੇ ਜੀਅ ਸਨ... ਪੂਰੀ ਰੌਣਕ ਸੀ... ਉਨ੍ਹਾਂ ਦੀ ਗਿਆਂ ਦੀ ਪੂਰੀ ਆਓ-ਭਗਤ ਹੋਈ.... ਭੂਆ ਦਾ ਪੋਤਾ ਆਇਆ.... ਬਹੁਤ ਹੀ ਦਰਸ਼ਨੀ ਜੁਆਨ ਸੀ... ਬਹੁਤ ਸੋਹਣਾ... ਗੱਲ ਕਰਨ ਦਾ ਲਹਿਜ਼ਾ ਬਹੁਤ ਵਧੀਆ ਸੀ... ਗੁਰਪ੍ਰੀਤ ਨੂੰ ਮੁੰਡਾ ਬਹੁਤ ਪਸੰਦ ਆਇਆ... ਬਾਕੀ ਪਰਿਵਾਰ ਬਾਰੇ ਪੜਤਾਲ ਕਰਨ ਦੀ ਤੁਕ ਨਹੀਂ ਬਣਦੀ ਸੀ... ਕਿਉਂਕਿ ਗੁਰਪ੍ਰੀਤ.. ਮਿੰਦਰ ਉਪਰ ਵਿਸਵਾਸ਼ ਕਰਦਾ ਸੀ।

ਗੁਰਪ੍ਰੀਤ ਨੇ ਘਰ ਆਕੇ ਆਪਣੀ ਪਤਨੀ ਕੁਲਵੰਤ ਨੂੰ ਸਾਰਾ ਕੁਝ ਦੱਸਿਆ 'ਤੇ ਕਿਹਾ ਕਿ... ਕੁਲਵੰਤ ਕੁਰੇ... ਮੈਨੂੰ ਤਾਂ ਮੁੰਡਾ 'ਤੇ ਘਰ-ਬਾਰ ਪੂਰਾ ਪਸੰਦ ਆ... ਉਸਨੇ ਕੁਲਵੰਤ ਕੌਰ ਨੂੰ ਮੋਬਾਈਲ ਉਪਰ ਘਰ ਅਤੇ ਮੁੰਡੇ ਦੀ ਫੋਟੋ ਦਿਖਾਈ... ਜੋ ਕੁਲਵੰਤ ਕੌਰ ਨੂੰ ਵੀ ਬਹੁਤ ਪਸੰਦ ਆਈ.... ਕੁਲਵੰਤ ਕੌਰ ਨੇ ਫਿਰ ਕਿਹਾ ਕਿ... ਇੱਕ ਵਾਰ ਮਨਪ੍ਰੀਤ ਨੂੰ ਵੀ ਪੁੱਛ ਲਈਏ... ਗੁਰਪ੍ਰੀਤ ਨੇ ਕਿਹਾ... ਨਹੀਂ ਕੁਲਵੰਤ... ਆਪਾਂ ਮਨਪ੍ਰੀਤ ਨੂੰ ਸਰਪਰਾਈਜ਼ ਹੀ ਦੇਵਾਂਗੇ.... ਉਹ ਮੇਰੀ ਧੀ ਆ... ਮੇਰੀ ਹਾਂ ਵਿੱਚ ਉਸਦੀ ਹਾਂ ਹੀ ਹੋਵੇਗੀ।

ਮੁੰਡੇ ਵਾਲਿਆਂ ਨੂੰ ਮਨਪ੍ਰੀਤ ਦੀ ਫੋਟੋ ਭੇਜ ਦਿੱਤੀ ਗਈ... ਉਨ੍ਹਾਂ ਨੂੰ ਦੱਸ ਦਿੱਤਾ ਗਿਆ ਕਿ ਕੁੜੀ ਕੈਨੇਡਾ ਦੇ ਸਰੀ ਵਿੱਚ ਰਹਿੰਦੀ ਆ... ਉਨ੍ਹਾਂ ਨੂੰ ਵੀ ਮਨਪ੍ਰੀਤ ਦੀ ਫੋਟੋ ਬਹੁਤ ਪਸੰਦ ਆਈ... ਬੱਸ ਹੁਣ ਤਾਂ ਪੱਕ-ਠੱਕ ਕਰਨਾ ਬਾਕੀ ਸੀ... ਇਸ ਦੌਰਾਨ ਮੁੰਡੇ ਨੇ ਹਾਂ ਕਰਨ ਲਈ ਕੁਝ ਸਮਾਂ ਮੰਗਿਆ.... ਉਸਨੇ ਕਿਹਾ ਕਿ ਉਹ ਕੁੜੀ ਬਾਰੇ ਪਹਿਲਾਂ ਪਤਾ ਕਰੇਗਾ... ਉਸਨੇ ਮਨਪ੍ਰੀਤ ਦੀ ਫੋਟੋ.. ਆਪਣੇ ਸਰੀ ਰਹਿੰਦੇ ਰਿਸ਼ਤੇਦਾਰਾਂ ਨੂੰ ਭੇਜ ਦਿੱਤੀ ਕਿ ਆਹ ਕੁੜੀ ਦੇਖੀ ਆ... ਜਲਦੀ ਹੀ ਇਸਦਾ ਐਡਰੈਸ ਵੀ ਭੇਜ ਦਿਆਂਗਾ ਇਸ ਬਾਰੇ ਪਤਾ ਕਰਕੇ ਦੱਸਣਾ।



ਮਨਪ੍ਰੀਤ ਦੀ ਫੋਟੋ ਦੇਖਕੇ.. ਰਿਸ਼ਤੇਦਾਰ ਕਹਿਣ ਲੱਗੇ.. ਇਹ ਕੁੜੀ ਆ... ਇਸਦਾ ਐਡਰੈਂਸ ਭੇਜਣ ਦੀ ਲੋੜ ਨਹੀਂ ਇਸਦਾ ਐਡਰੈੱਸ ਸਾਨੂੰ ਪਤਾ... ਮੁੰਡਾ ਕਹਿਣ ਲੱਗਾ... ਐਡਰੈੱਸ ਪਤਾ... ਤੁਹਾਨੂੰ ਕਿਵੇਂ ਪਤਾ... ਤਾਂ ਅੱਗਿਓ ਰਿਸ਼ਤੇਦਾਰ ਕਹਿਣ ਲੱਗੇ... ਇਹ ਪਿਛਲੇ ਪੰਜ ਸਾਲ ਤੋਂ ਸਾਡੀ ਬੇਸਮੈਂਟ ਵਿੱਚ ਹੀ ਰਹਿੰਦੀ ਆ... ਮੁੰਡਾ ਕਹਿਣ ਲੱਗਾ... ਫਿਰ ਤੁਹਾਨੂੰ ਤਾਂ ਪਤਾ ਹੀ ਹੋਣਾ ਕਿ ਇਹ ਕੁੜੀ ਕਿਵੇਂ ਆ... ਤਾਂ ਰਿਸਤੇਦਾਰ ਕਹਿਣ ਲੱਗੇ... ਬੇਸਮੈਂਟ ਵਿੱਚ ਇਹ ਕੁੜੀ.... ਇੱਕ ਮੁੰਡੇ ਨਾਲ ਲਿਵ-ਇਨ 'ਚ ਰਹਿ ਰਹੀ ਆ... ਇਹ ਤਾਂ ਸਾਨੂੰ ਕਹਿੰਦੀ ਕਿ ਸਾਡੇ ਘਰ ਵਾਲਿਆਂ ਨੂੰ ਪਤਾ ਹੈ... 'ਤੇ ਸਾਡੇ ਨਾਲ ਰਜਾਮੰਦ ਨੇ... ਫਿਰ ਇਸਦੇ ਘਰ ਵਾਲੇ ਇਸਦੇ ਲਈ ਤੈਨੂੰ ਦੇਖਣ ਕਿਉਂ ਆਏ।

ਰਿਸ਼ਤੇਦਾਰਾਂ ਦੀ ਗੱਲ ਸੁਣਕੇ... ਮੁੰਡੇ ਦੇ ਪੈਰਾਂ ਥੱਲਿਓਂ ਜ਼ਮੀਨ ਨਿੱਕਲ ਗਈ... ਉਹ ਸੋਚਣ ਲੱਗਾ ਚਲੋ ਜੋ ਹੋਇਆ ਚੰਗਾ ਹੀ ਹੋਇਆ.... ਪਹਿਲਾਂ ਹੀ ਨਿੱਬੜ ਗਿਆ.... ਉਸਨੇ ਵਿਚੋਲਿਆਂ ਨੂੰ ਰਿਸਤੇ ਤੋਂ ਨਾਂਹ ਕਰ ਦਿੱਤੀ....ਮੁੰਡੇ ਵਾਲਿਆਂ ਦੀ ਨਾਂਹ ਦੀ ਖ਼ਬਰ ਸੁਣਕੇ ਗੁਰਪ੍ਰੀਤ ਕਈ ਦਿਨਾਂ ਤੱਕ ਕਿਸੇ ਨਾਲ ਠੀਕ ਤਰ੍ਹਾਂ ਗੱਲ ਨਾ ਕਰ ਸਕਿਆ...ਉਸਨੂੰ ਸਭ ਤੋਂ ਵੱਧ ਦੁੱਖ ਇਸ ਗੱਲ ਦਾ ਸੀ ਕਿ ਉਸਨੇ ਆਪਣੀ ਧੀ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਸੀ।

ਉਸਦੇ ਕੰਨਾਂ ਵਿੱਚ ਵਾਰ-ਵਾਰ ਕੁਲਵੰਤ ਕੌਰ ਦੀ ਗੱਲ ਗੂੰਜਦੀ....ਇੱਕ ਵਾਰ ਮਨਪ੍ਰੀਤ ਨੂੰ ਵੀ ਪੁੱਛ ਲਈਏ...'ਤੇ ਉਸਦੀ ਆਪਣੀ ਅਵਾਜ਼...ਉਹ ਮੇਰੀ ਧੀ ਆ... ਮੇਰੀ ਹਾਂ ਵਿੱਚ ਉਸਦੀ ਹਾਂ ਹੀ ਹੋਵੇਗੀ। ਗੁਰਪ੍ਰੀਤ ਨੇ ਮਨਪ੍ਰੀਤ ਨੂੰ ਫੋਨ ਕੀਤਾ। ਧੀਏ ਮਨਪ੍ਰੀਤ ਬੋਲੀ.... ਹਾਂ ਬਾਪੂ ਜੀ...ਤੂੰ ਮੈਨੂੰ ਇੱਕ ਗੱਲ ਸੱਚ-ਸੱਚ ਦੱਸੀਂ....ਉਹ ਬੋਲੀ...ਹਾਂ ਜੀ...ਗੁਰਪ੍ਰੀਤ ਕਹਿਣ ਲੱਗਾ... ਕੀ ਤੇਰੀ ਜ਼ਿੰਦਗੀ ਵਿੱਚ ਕੋਈ ਮੁੰਡਾ ਹੈ।

ਫੋਨ ਦੇ ਦੂਜੇ ਪਾਸੇ ਚੁੱਪ ਛਾ ਗਈ, ਫਿਰ ਕੁਝ ਚਿਰ ਰੁਕਕੇ ਮਨਪ੍ਰੀਤ ਦੀ ਅਵਾਜ਼ ਆਈ ਬਾਪੂ ਜੀ, ਇਹ ਗੱਲ ਤੁਸੀਂ ਅੱਜ ਪੁੱਛ ਰਹੇ ਓ....ਗੁਰਪ੍ਰੀਤ ਦੀਆਂ ਅੱਖਾਂ ਭਰ ਆਈਆਂ...ਹਾਂ ਧੀਏ...ਮਨਪ੍ਰੀਤ ਕਹਿਣ ਲੱਗੀ...ਬਾਪੂ ਜੀ... ਮੈਂ ਤਾਂ ਪੰਜ ਸਾਲ ਤੋਂ ਤੁਹਾਨੂੰ ਇਹ ਗੱਲ ਦੱਸਣ ਦੀ ਕੋਸ਼ਿਸ਼ ਕਰ ਰਹੀ ਆਂ.... ਗੁਰਪ੍ਰੀਤ ਬੋਲਿਆ.... ਫਿਰ ਦੱਸਿਆ ਕਿਉਂ ਨਹੀਂ....ਮਨਪ੍ਰੀਤ ਬੋਲੀ... ਕਿਉਂਕਿ ਮੈਨੂੰ ਤੁਹਾਡੇ ਤੋਂ ਡਰ ਲੱਗਦਾ ਸੀ...ਇਹ ਸ਼ਬਦ ਗੁਰਪ੍ਰੀਤ ਦੇ ਦਿਲ ਵਿੱਚ ਤੀਰ ਵਾਂਗ ਲੱਗੇ।

ਉਹ ਪਿਉ ਜਿਸਦੀ ਧੀ ਬਚਪਨ ਵਿੱਚ ਜੋ ਵੀ ਗੱਲ ਹੁੰਦੀ ਤਾਂ ਉਸਦੇ ਕੋਲ ਦੌੜਕੇ ਆਉਂਦੀ 'ਤੇ ਉਸਨੂੰ ਦੱਸਦੀ ਸੀ...ਅੱਜ ਉਹ ਧੀ ਆਪਣੀ ਗੱਲ ਦੱਸਣ ਲਈ ਉਸਤੋਂ ਡਰ ਰਹੀ ਸੀ....ਮਨਪ੍ਰੀਤ ਰੋਂਦਿਆਂ ਕਹਿਣ ਲੱਗੀ...ਬਾਪੂ ਜੀ... ਜਦੋਂ ਮੈਂ ਕੈਨੇਡਾ ਆਈ ਸੀ ਨਾ, ਮੈਂ ਬਹੁਤ ਇਕੱਲੀ ਸੀ... ਤੁਸੀਂ ਫੋਨ ਕਰਕੇ ਪੁੱਛਦੇ ਸੀ...ਧੀਏ ਰੋਟੀ ਖਾਧੀ...ਮੈਂ ਕਹਿੰਦੀ ਸੀ...ਹਾਂ ਬਾਪੂ ਜੀ... ਪਰ ਕਈ ਵਾਰ ਮੇਰੇ ਕੋਲ ਰੋਟੀ ਬਣਾਉਣ ਲਈ ਵੀ ਪੈਸੇ ਨਹੀਂ ਹੁੰਦੇ ਸਨ।

ਗੁਰਪ੍ਰੀਤ ਨੇ ਅੱਖਾਂ ਬੰਦ ਕਰ ਲਈਆਂ.....ਮਨਪ੍ਰੀਤ ਬੋਲੀ... ਮੈਂ ਤੁਹਾਨੂੰ ਇਸ ਲਈ ਨਹੀਂ ਦੱਸਿਆ... ਕਿ ਬਾਪੂ ਨੂੰ ਫਿਕਰ ਹੋ ਜਾਊ....ਫਿਰ ਮੇਰੀ ਜ਼ਿੰਦਗੀ ਵਿੱਚ ਇੱਕ ਮੁੰਡਾ ਆਇਆ... ਉਸਨੇ ਮੇਰੀ ਮੱਦਦ ਕੀਤੀ... ਮੈਂ ਉਸਨੂੰ ਪਸੰਦ ਕਰਦੀ ਆਂ... ਉਹ ਵੀ ਮੈਨੂੰ ਪਸੰਦ ਕਰਦਾ ਹੈ... ਅਸੀਂ ਵਿਆਹ ਕਰਨਾ ਚਾਹੁੰਦੇ ਹਾਂ ਪਰ ਮੈਂ ਇਹ ਗੱਲ ਤੁਹਾਨੂੰ ਦੱਸਣ ਤੋਂ ਡਰਦੀ ਰਹੀ... ਕਿਉਂਕਿ ਮੈਨੂੰ ਪਤਾ ਸੀ ਤੁਸੀਂ ਕਹੋਗੇ...ਮੇਰੀ ਧੀ ਆਪਣੀ ਮਰਜ਼ੀ ਨਹੀਂ ਕਰ ਸਕਦੀ।

ਗੁਰਪ੍ਰੀਤ ਦੀਆਂ ਅੱਖਾਂ ਵਿੱਚੋਂ ਹੰਝੂ ਵਗ ਪਏ....ਧੀਏ... ਮੈਂ ਸੱਚਮੁੱਚ ਇਹ ਹੀ ਕਿਹਾ ਸੀ...ਮਨਪ੍ਰੀਤ ਚੁੱਪ ਹੋ ਗਈ... ਫਿਰ ਉਸਨੇ ਪੁੱਛਿਆ....ਬਾਪੂ ਜੀ... ਤੁਸੀਂ ਮੇਰੇ ਉੱਤੇ ਵਿਸ਼ਵਾਸ ਨਹੀਂ ਕਰਦੇ...ਗੁਰਪ੍ਰੀਤ ਨੇ ਕਿਹਾ...ਕਰਦਾ ਹਾਂ ਧੀਏ... ਬਹੁਤ ਕਰਦਾ ਹਾਂ...ਬੱਸ... ਮੈਂ ਆਪਣੀ ਸੋਚ ਉੱਤੇ ਜ਼ਿਆਦਾ ਵਿਸ਼ਵਾਸ ਕਰ ਬੈਠਾ।

ਕੁਝ ਦਿਨਾਂ ਬਾਅਦ ਮਨਪ੍ਰੀਤ ਪਿੰਡ ਆ ਗਈ...ਗੁਰਪ੍ਰੀਤ ਉਸਨੂੰ ਏਅਰਪੋਰਟ ਤੋਂ ਲੈਣ ਗਿਆ...ਗੱਡੀ ਵਿੱਚ ਦੋਵੇਂ ਬੈਠੇ ਸਨ ਪਰ ਦੋਵਾਂ ਕੋਲ ਕਹਿਣ ਨੂੰ ਬਹੁਤ ਕੁਝ ਸੀ 'ਤੇ ਬੋਲਣ ਨੂੰ ਕੁਝ ਵੀ ਨਹੀਂ, ਕੁਝ ਦਿਨਾਂ ਬਾਅਦ ਗੁਰਪ੍ਰੀਤ ਨੇ ਉਸ ਮੁੰਡੇ ਨੂੰ ਮਿਲਣ ਦੀ ਇੱਛਾ ਜਤਾਈ...ਉਸਨੇ ਕਿਹਾ...ਧੀਏ... ਜਿਹੜਾ ਤੇਰੇ ਨਾਲ ਪੰਜ ਸਾਲ ਤੋਂ ਖੜ੍ਹਾ ਹੈ, ਉਹ ਮੇਰੇ ਲਈ ਪਰਾਇਆ ਨਹੀਂ।

ਗੁਰਪ੍ਰੀਤ ਸਹਿਰ ਦੇ ਇੱਕ ਹੋਟਲ ਵਿੱਚ ਉਸ ਮੁੰਡੇ ਨੂੰ ਮਿਲਿਆ..ਗੁਰਪ੍ਰੀਤ ਨੇ ਉਸਨੂੰ ਇੱਕ ਸਵਾਲ ਪੁੱਛਿਆ...ਪੁੱਤ... ਤੂੰ ਮੇਰੀ ਧੀ ਨੂੰ ਕਿੰਨਾ ਪਿਆਰ ਕਰਦਾ ਏਂ...ਮੁੰਡੇ ਨੇ ਕਿਹਾ...ਅੰਕਲ ਜੀ... ਜਿੰਨਾ ਤੁਸੀਂ ਕਰਦੇ ਓ, ਉਨਾਂ ਤਾਂ ਨਹੀਂ ਕਰ ਸਕਦਾ... ਪਰ ਕੋਸ਼ਿਸ਼ ਕਰਾਂਗਾ ਕਿ ਉਹ ਕਦੇ ਆਪਣੇ ਪਿਉ ਨੂੰ ਯਾਦ ਕਰਕੇ ਨਾ ਰੋਵੇ...ਗੁਰਪ੍ਰੀਤ ਦੀਆਂ ਅੱਖਾਂ ਭਰ ਆਈਆਂ।

ਗੁਰਪ੍ਰੀਤ ਨੇ ਮੁੰਡੇ ਦੇ ਮਾਪਿਆਂ ਨਾਲ ਗੱਲ ਕਰਕੇ ਵਿਆਹ ਦਾ ਦਿਨ ਰੱਖ ਲਿਆ...ਵਿਆਹ ਵਾਲੇ ਦਿਨ ਗੁਰਪ੍ਰੀਤ ਨੇ ਮਨਪ੍ਰੀਤ ਦਾ ਹੱਥ ਫੜਿਆ ਹੋਇਆ ਸੀ...ਅਨੰਦ ਕਾਰਜ ਤੋਂ ਪਹਿਲਾਂ ਮਨਪ੍ਰੀਤ ਨੇ ਬਾਪੂ ਵੱਲ ਦੇਖਿਆ....ਗੁਰਪ੍ਰੀਤ ਦੀਆਂ ਅੱਖਾਂ ਵਿੱਚ ਹੰਝੂ ਸਨ...ਉਹ ਬੋਲੀ...ਬਾਪੂ ਜੀ... ਰੋ ਕਿਉਂ ਰਹੇ ਓ...ਗੁਰਪ੍ਰੀਤ ਮੁਸਕਰਾਇਆ....ਧੀਏ... ਅੱਜ ਮੈਂ ਤੈਨੂੰ ਕਿਸੇ ਦੇ ਘਰ ਨਹੀਂ ਭੇਜ ਰਿਹਾ, ਅੱਜ ਮੈਂ ਆਪਣੀ ਧੀ ਨੂੰ ਉਸਦੀ ਆਪਣੀ ਖੁਸ਼ੀ ਦੇ ਹਵਾਲੇ ਕਰ ਰਿਹਾ ਹਾਂ।

ਗੁਰਪ੍ਰੀਤ ਨੇ ਮਨਪ੍ਰੀਤ ਨੂੰ ਕਲਾਵੇ ਵਿੱਚ ਲੈਂਦਿਆਂ ਕਿਹਾ...ਪਰ ਇੱਕ ਗੱਲ ਦਾ ਅਫ਼ਸੋਸ ਮੈਨੂੰ ਸਾਰੀ ਉਮਰ ਰਹੇਗਾ। ਮਨਪ੍ਰੀਤ ਬੋਲੀ...ਕਿਹੜਾ ਗੁਰਪ੍ਰੀਤ ਨੇ ਕਿਹਾ...ਮੈਂ ਤੇਰੀ ਖੁਸ਼ੀ ਪੁੱਛਣ ਵਿੱਚ ਪੰਜ ਸਾਲ ਦੇਰ ਕਰ ਦਿੱਤੀ...ਡੋਲੀ ਤੁਰਨ ਲੱਗੀ...ਗੁਰਪ੍ਰੀਤ ਬੂਹੇ ਵਿੱਚ ਖੜ੍ਹਾ ਧੀ ਨੂੰ ਜਾਂਦੇ ਦੇਖ ਰਿਹਾ ਸੀ...ਮਨਪ੍ਰੀਤ ਨੇ ਗੱਡੀ ਵਿੱਚੋਂ ਸਿਰ ਬਾਹਰ ਕੱਢਕੇ ਕਿਹਾ...ਬਾਪੂ ਜੀ... ਹੁਣ ਮੈਂ ਤੁਹਾਨੂੰ ਕੁਝ ਵੀ ਦੱਸਣ ਤੋਂ ਨਹੀਂ ਡਰਾਂਗੀ...ਗੁਰਪ੍ਰੀਤ ਨੇ ਹੱਥ ਹਿਲਾਇਆ 'ਤੇ ਹੰਝੂ ਪੂੰਝਦਿਆਂ ਕਿਹਾ...'ਤੇ ਮੈਂ ਵੀ ਧੀਏ... ਹੁਣ ਤੇਰੇ ਲਈ ਫੈਸਲੇ ਨਹੀਂ ਕਰਾਂਗਾ... ਤੇਰੇ ਨਾਲ ਫੈਸਲੇ ਕਰਾਂਗਾ।

ਗੱਡੀ ਅੱਖੋਂ ਓਹਲੇ ਹੋ ਗਈ...ਗੁਰਪ੍ਰੀਤ ਉੱਥੇ ਹੀ ਖੜ੍ਹਾ ਰਿਹਾ...ਕੁਲਵੰਤ ਕੌਰ ਨੇ ਉਸਦੇ ਮੋਢੇ 'ਤੇ ਹੱਥ ਰੱਖਿਆ...ਗੁਰਪ੍ਰੀਤ ਨੇ ਹੱਥ ਜੋੜਕੇ ਕਿਹਾ...ਵਾਹਿਗੁਰੂ... ਮੈਨੂੰ ਮਾਫ਼ ਕਰੀਂ....ਮੈਂ ਧੀ ਨੂੰ ਪਾਲਣ ਵਿੱਚ ਤਾਂ ਕੋਈ ਕਸਰ ਨਹੀਂ ਛੱਡੀ... ਪਰ ਉਸਨੂੰ ਸਮਝਣ ਵਿੱਚ ਬਹੁਤ ਦੇਰ ਕਰ ਦਿੱਤੀ..ਫਿਰ ਉਸਨੇ ਕੁਲਵੰਤ ਵੱਲ ਦੇਖਕੇ ਕਿਹਾ..ਤੂੰ ਉਸ ਦਿਨ ਠੀਕ ਕਹਿੰਦੀ ਸੀ ਕੁਲਵੰਤ... ਬੱਚਿਆਂ ਤੋਂ ਉਨ੍ਹਾਂ ਦੀ ਮਰਜ਼ੀ ਪੁੱਛ ਲੈਣੀ ਚਾਹੀਦੀ ਆ.. ਕਈ ਵਾਰ ਮਾਪੇ ਆਪਣੀ ਇੱਜ਼ਤ ਬਚਾਉਣ ਦੇ ਚੱਕਰ ਵਿੱਚ ਬੱਚਿਆਂ ਦੀ ਖੁਸ਼ੀ ਗੁਆ ਲੈਂਦੇ ਨੇ। ਉਸ ਦਿਨ ਤੋਂ ਬਾਅਦ ਗੁਰਪ੍ਰੀਤ ਜਦੋਂ ਵੀ ਕਿਸੇ ਨੂੰ ਧੀ ਜਾਂ ਪੁੱਤ ਦੇ ਵਿਆਹ ਦੀ ਗੱਲ ਕਰਦਿਆਂ ਸੁਣਦਾ ਤਾਂ ਇੱਕ ਗੱਲ ਜ਼ਰੂਰ ਕਹਿੰਦਾ...ਰਿਸ਼ਤਾ ਤੁਸੀਂ ਲੱਭ ਸਕਦੇ ਹੋ...ਘਰ ਤੁਸੀਂ ਦੇਖ ਸਕਦੇ ਹੋ....ਮੁੰਡੇ-ਕੁੜੀ ਦੀ ਪੜਤਾਲ ਤੁਸੀਂ ਕਰ ਸਕਦੇ ਹੋ।

ਪਰ ਹਾਂ ਬੱਚੇ ਦੀ ਹੋਣੀ ਚਾਹੀਦੀ ਆ ਕਿਉਂਕਿ ਵਿਆਹ ਇੱਕ ਦਿਨ ਦਾ ਸਮਾਗਮ ਨਹੀਂ...ਪੂਰੀ ਜ਼ਿੰਦਗੀ ਦਾ ਸਫ਼ਰ ਹੁੰਦਾ ਹੈ...ਮਾਪਿਆਂ ਦਾ ਫਰਜ਼ ਬੱਚਿਆਂ ਦੀ ਜ਼ਿੰਦਗੀ ਆਪਣੇ ਹੱਥ ਵਿੱਚ ਲੈਣਾ ਨਹੀਂ....ਸਗੋਂ ਉਨ੍ਹਾਂ ਨੂੰ ਐਨਾ ਭਰੋਸਾ ਦੇਣਾ ਹੈ ਕਿ ਉਹ ਆਪਣੀ ਜ਼ਿੰਦਗੀ ਦੀ ਹਰ ਗੱਲ ਸਭ ਤੋਂ ਪਹਿਲਾਂ ਆਪਣੇ ਮਾਪਿਆਂ ਨਾਲ ਕਰ ਸਕਣ..ਕਿਉਂਕਿ ਜਿਸ ਘਰ ਵਿੱਚ ਬੱਚੇ ਆਪਣੇ ਮਾਪਿਆਂ ਤੋਂ ਡਰਕੇ ਸੱਚ ਲੁਕਾਉਣ ਲੱਗ ਪੈਣ...ਉਸ ਘਰ ਵਿੱਚ ਰਿਸ਼ਤਿਆਂ ਦੇ ਦਰਵਾਜ਼ੇ ਹੌਲੀ-ਹੌਲੀ ਬੰਦ ਹੋਣ ਲੱਗ ਪੈਂਦੇ ਨੇ।

--ਅਵਤਾਰ ਸਿੰਘ ਧਾਲੀਵਾਲ

# ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ ਦੀ ਸਿਲਵਰ ਜੁਬਲੀ ਸਮਾਗਮ ਨੇ ਸਿਰਜਿਆ ਇਤਿਹਾਸ

## ਵੱਖ-ਵੱਖ ਬੁਲਾਰਿਆਂ ਨੇ ਡਾਇਰੈਕਟਰੀ ਨੂੰ ਮਹੱਤਵਪੂਰਨ ਬਣਾਉਣ ਤੇ ਦਿੱਤਾ ਜ਼ੋਰ




















ਸਿਆਟਲ (ਵਾਸ਼ਿੰਗਟਨ): ਗੋਲਡਨ ਇੰਡੀਆ ਕਰੀ ਹਾਊਸ, ਵੈਲੀ ਐਵੀਨਿਊ ਸਿਆਟਲ ਵਿਖੇ ਸਮੁੱਚੇ ਪੰਜਾਬੀ ਭਾਈਚਾਰੇ ਦੀ ਭਰਵੀਂ ਹਾਜ਼ਰੀ ਵਿੱਚ ਹੋਏ ਸਿਲਵਰ ਜੁਬਲੀ ਸਮਾਗਮ ਨੇ ਇਤਿਹਾਸ ਦਾ ਨਵਾਂ ਪੰਨਾ ਸਿਰਜਿਆ। ਬਹੁਤ ਹੀ ਯਾਦਗਾਰੀ ਅਤੇ ਪ੍ਰਭਾਵਸ਼ਾਲੀ ਇਸ ਸਮਾਗਮ ਦੌਰਾਨ ਸਿਆਟਲ ਵਿੱਚ ਵਸਦੇ ਪੰਜਾਬੀ ਭਾਈਚਾਰੇ ਦੇ ਵੱਡੇ ਪਰਿਵਾਰਾਂ ਨੇ ਸ਼ਮੂਲੀਅਤ ਕੀਤੀ।

### ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਡਾਇਰੈਕਟਰੀ ਨੂੰ ਹੋਰ ਮਹੱਤਵਪੂਰਨ ਬਣਾਉਣ ਤੇ ਜ਼ੋਰ ਦਿੱਤਾ

ਮੁੱਖ ਬੁਲਾਰੇ ਡਾ. ਪ੍ਰਿੰਸੀ ਰੇਖੀ, ਡਾ. ਸੁਰਿੰਦਰ ਸਿੰਘ ਰੇਖੀ, ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ, ਗੀਤਕਾਰ ਮਨਜੀਤ ਸਿੰਘ ਚਾਹਲ, ਅਮਰੀਕ ਸਿੰਘ ਕੰਬੋਜ, ਹਰਜਿੰਦਰ ਸਿੰਘ ਸੰਧਾਵਾਲੀਆ, ਅਵਤਾਰ ਸਿੰਘ ਆਦਮਪੁਰੀ,ਜਗੀਰ ਸਿੰਘ ਜਗੀਰ, ਸਿਮਰਨ ਸਿੰਘ (ਸਾਡਾ ਟੀਵੀ) ਨੇ ਆਪੋ-ਆਪਣੇ ਵਿਚਾਰ ਪੇਸ਼ ਕਰਕੇ ਡਾਇਰੈਕਟਰੀ ਦੇ ਨਿਰਮਾਤਾ ਬਲਜੀਤ ਸਿੰਘ ਸੈਹਬੀ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ 25 ਸਾਲ ਅਣਥੱਕ ਮਿਹਨਤ ਨਾਲ ਘਾਲਣਾ ਘਾਲ ਕੇ ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ ਰਾਹੀਂ ਸਿਆਟਲ ਭਾਈਚਾਰੇ ਦੀਆਂ ਆਪਸੀ ਸਮਾਜਿਕ ਤੰਦਾਂ ਨੂੰ ਮਜ਼ਬੂਤ ਕੀਤਾ, ਵਪਾਰਕ ਅਦਾਰਿਆਂ ਨੂੰ ਭਾਈਚਾਰੇ ਵਿੱਚ ਚਰਚਿਤ ਕੀਤਾ ਅਤੇ ਗੁਰੂ ਘਰਾਂ, ਖੇਡ ਮੈਦਾਨਾਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦੀ ਆਣ-ਬਾਣ ਨੂੰ ਦੁਨੀਆਂ ਭਰ ਵਿੱਚ ਦਰਸਾਇਆ। ਬਲਜੀਤ ਸਿੰਘ ਸੈਂਹਬੀ ਦਾ ਇਹ ਉਦਮ ਪੂਰੇ ਭਾਈਚਾਰੇ ਲਈ ਇੱਕ ਮੀਲ ਪੱਥਰ ਹੈ।

### ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਨੇ ਬੋਲਦਿਆਂ ਆਖਿਆ

ਜਦੋਂ 25 ਸਾਲ ਪਹਿਲਾਂ ਕੋਈ ਪੰਜਾਬੀ ਸਿਆਟਲ ਦੀ ਧਰਤੀ ਤੇ ਨਵਾਂ ਆਉਂਦਾ ਸੀ ਤਾਂ ਉਸ ਲਈ ਸਭ ਤੋਂ ਵੱਡੀ ਚਿੰਤਾ ਹੁੰਦੀ ਸੀ – ਆਪਣਾ ਬੰਦਾ ਕਿੱਥੇ ਲੱਭਾਂ? ਗੁਰਦੁਆਰਾ ਕਿੱਥੇ ਹੈ? ਕੋਈ ਪੰਜਾਬੀ ਡਾਕਟਰ, ਵਕੀਲ ਜਾਂ ਦੁਕਾਨ ਕਿੱਥੇ ਹੈ? ਇਸ ਇਕੱਲੇਪਨ ਨੂੰ ਦੂਰ ਕਰਨ ਲਈ ਇੱਕ ਵਿਅਕਤੀ ਨੇ ਇੱਕ ਸੁਪਨਾ ਲਿਆ ਅਤੇ ਉਸ ਸੁਪਨੇ ਦਾ ਨਾਮ ਸੀ "ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ"।

### ਇਹ ਸਿਰਫ਼ ਇੱਕ ਕਿਤਾਬ ਨਹੀਂ, ਭਾਈਚਾਰੇ ਦੀ ਡੋਰ ਹੈ

ਇਹ ਡਾਇਰੈਕਟਰੀ ਸਿਰਫ਼ ਫ਼ੋਨ ਨੰਬਰਾਂ ਦੀ ਲਿਸਟ ਨਹੀਂ ਸੀ। ਇਹ ਪਰਦੇਸ ਵਿੱਚ ਵਸਦੇ ਪੰਜਾਬੀਆਂ ਲਈ ਇੱਕ ਦੂਜੇ ਨਾਲ ਜੁੜਨ ਦੀ ਡੋਰ ਹੈ।ਇਸ ਦੇ ਨਿਰਮਾਤਾ ਸ. ਬਲਜੀਤ ਸਿੰਘ ਸੈਹਬੀ ਨੇ 25 ਸਾਲ ਜੋ ਅਣਥੱਕ ਮਿਹਨਤ ਕੀਤੀ ਹੈ, ਉਹ ਕਿਸੇ ਤਪੱਸਿਆ ਤੋਂ ਘੱਟ ਨਹੀਂ। ਉਨ੍ਹਾਂ ਨੇ ਆਪਣੇ ਖਰਚੇ ਤੇ, ਆਪਣੀ ਮਿਹਨਤ ਨਾਲ ਪੂਰੇ ਭਾਈਚਾਰੇ ਨੂੰ ਇੱਕ ਮਾਲਾ ਵਿੱਚ ਪਰੋਈ ਰੱਖਿਆ।

ਜਿਵੇਂ ਖੇਡ ਮੈਦਾਨ ਸਾਨੂੰ ਜੋੜਦਾ ਹੈ, ਉਵੇਂ ਹੀ ਇਹ ਡਾਇਰੈਕਟਰੀ ਸਾਡੇ ਵਪਾਰਕ ਅਤੇ ਸਮਾਜਿਕ ਮੈਦਾਨ ਨੂੰ ਜੋੜਦੀ ਹੈ। ਗੀਤਕਾਰ ਮਨਜੀਤ ਸਿੰਘ ਚਾਹਲ ਅਤੇ ਸਿਮਰਨ ਸਿੰਘ ਸਾਡਾ ਟੀਵੀ ਨੇ ਵੀ ਇਸ ਨੂੰ ਡਿਜੀਟਲ ਯੁੱਗ ਵਿੱਚ ਹੋਰ ਅੱਗੇ ਲਿਜਾਣ ਦੀ ਗੱਲ ਕੀਤੀ।

### ਸੱਭਿਆਚਾਰ ਦੀ ਮਹਿਕ

ਸਮਾਗਮ ਦੀ ਸ਼ਾਨ ਉਦੋਂ ਹੋਰ ਵਧ ਗਈ ਜਦੋਂ ਲੋਕ ਗਾਇਕ ਬਲਵੀਰ ਲਹਿਰਾ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਪੰਜਾਬ ਦੇ ਗੀਤ ਛੇੜੇ। ਲੱਗਿਆ ਜਿਵੇਂ ਸਿਆਟਲ ਨਹੀਂ, ਪੰਜਾਬ ਦਾ ਕੋਈ ਮੇਲਾ ਲੱਗਾ ਹੋਵੇ।

ਅੰਤ ਵਿੱਚ ਹੋਰਨਾਂ ਬੁਲਾਰਿਆਂ ਨੇ ਆਖਿਆ ਕਿ ਬਲਜੀਤ ਸਿੰਘ ਸੈਹਬੀ ਵਰਗੇ ਲੋਕ ਹੀ ਅਸਲ ਵਿੱਚ ਪਰਦੇਸ ਵਿੱਚ ਪੰਜਾਬ ਨੂੰ ਜਿਉਂਦਾ ਰੱਖਦੇ ਹਨ। ਇਹ ਡਾਇਰੈਕਟਰੀ ਇੱਕ ਕਿਤਾਬ ਨਹੀਂ, ਇਹ ਸਾਡੇ ਸਾਂਝੇ ਇਤਿਹਾਸ ਦੀ ਡਾਇਰੀ ਹੈ। ਪ੍ਰਮਾਤਮਾ ਕਰੇ ਇਹ 25 ਤੋਂ 50 ਅਤੇ 50 ਤੋਂ 100 ਸਾਲਾਂ ਤੱਕ ਇਵੇਂ ਹੀ ਸਾਡੀ ਸੇਵਾ ਕਰਦੀ ਰਹੇ। ਇਸ ਮੌਕੇ ਨਾਮੀ ਕਬੱਡੀ ਪ੍ਰਮੋਟਰ ਮਨਮੋਹਣ ਗਰੇਵਾਲ ਮੋਹਣਾ ਜੋਧਾ ਨੇ ਆਖਿਆ ਕਿ

ਇਹ ਸਿਲਵਰ ਜੁਬਲੀ ਸਮਾਗਮ ਸਿਰਫ਼ ਜਸ਼ਨ ਨਹੀਂ, ਸਾਡੇ ਪੰਜਾਬੀ ਭਾਈਚਾਰੇ ਦੀ ਏਕਤਾ ਦਾ ਪ੍ਰਤੀਕ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ, ਸਾਹਿਤਕਾਰ ਕਰਨੈਲ ਸਿੰਘ ਕੈਲ, ਕਰਨ ਸਿੱਧੂ, ਇੰਦਰਜੀਤ ਸਿੰਘ ਮਾਂਗਟ, ਵੀਰ ਜੀ ਪ੍ਰੀਤਮ ਸਿੰਘ ਗਰੇਵਾਲ, ਜਤਿੰਦਰ ਸਿੰਘ ਬਸਾਤੀ, ਕੁਲਵਿੰਦਰ ਸਿੰਘ ਬਸਤੀ, ਮਨਮੋਹਨ ਸਿੰਘ ਢਿੱਲੋਂ, ਜਤਿੰਦਰ ਸਿੰਘ ਸਪਰਾਏ, ਸੁਖਬੀਰ ਸਿੰਘ ਜੋਸਨ, ਦਿਲਬਾਗ ਸਿੰਘ ਪੰਨੂ (ਰਿਟਾ. ਐਸ.ਪੀ), ਪਰਮਜੀਤ ਸਿੰਘ ਮਠਾੜੂ, ਮੋਹਿੰਦਰ ਸਿੰਘ ਸੋਹਲ, ਡਾ. ਜਸਮੀਤ ਸਿੰਘ, ਸਤਿੰਦਰ ਕੌਰ ਚਾਵਲਾ, ਸਤਿੰਦਰ ਕੌਰ ਜੱਗੀ, ਸਤਿੰਦਰ ਕੌਰ ਕੌਂਸਲ ਪ੍ਰੈਜ਼ੀਡੈਂਟ ਕੈਂਟ ਸਿਟੀ , ਸੰਦੀਪ ਸਿੰਘ ,ਕੁਲਜੀਤ ਸਿੰਘ ਥਿੰਦ ਡਿਜਟਲ ਸਟੂਡੀਓ, ਗੁਰਦੀਪ ਸਿੰਘ ਸਿੱਧੂ ,ਹਰਪਾਲ ਸਿੰਘ ਸਿੱਧੂ, ਸੈਮ ਫਾਰ ਐਵਰ ਰੂਫਿੰਗ, ਸਤਨਾਮ ਸਿੰਘ ਗੋਲਡ ਇੰਡੀਆ ਕਰੀ ਪਲਾਜਾ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।

ਜਗਰੂਪ ਸਿੰਘ ਜਰਖੜ, ਖੇਡ ਲੇਖਕ, 98143-00722

# ਹਾਕੀ ਇੰਡੀਆ ਨੇ 18 ਨੂੰ ਬੋਰਡ ਦੀ ਮੀਟਿੰਗ ਸੱਦੀ

HOCKEY INDIA

ਵਿਵਾਦਾਂ ਵਿੱਚ ਘਿਰੀ ਹਾਕੀ ਇੰਡੀਆ ਨੇ ਆਪਣੇ ਉੱਚ ਅਧਿਕਾਰੀਆਂ ਵਿਚਾਲੇ ਚੱਲ ਰਹੇ ਮੱਤਭੇਦ ਸੁਲਝਾਉਣ ਅਤੇ ਹਾਕੀ ਇੰਡੀਆ ਲੀਗ (ਐੱਚ ਆਈ ਐੱਲ) ਦੇ ਪੁਨਰਗਠਨ ਲਈ 18 ਸਤੰਬਰ ਨੂੰ ਨਵੀਂ ਦਿੱਲੀ ਵਿੱਚ ਕਾਰਜਕਾਰੀ ਬੋਰਡ ਦੀ ਹੰਗਾਮੀ ਮੀਟਿੰਗ ਸੱਦੀ ਹੈ। ਇਸ ਦੌਰਾਨ ਪੰਜਾਬ (ਜਲੰਧਰ ਤੇ ਮੁਹਾਲੀ) ਸਮੇਤ ਭੋਪਾਲ ਵਿੱਚ ਏਸ਼ਿਆਈ ਚੈਂਪੀਅਨਜ਼ ਟਰਾਫੀ ਕਰਵਾਉਣ ਬਾਰੇ ਵੀ ਫ਼ੈਸਲੇ ਲਏ ਜਾਣਗੇ। ਹਾਲ ਹੀ ਵਿੱਚ ਆਲਮੀ ਕੱਪ ਦੌਰਾਨ ਭਾਰਤੀ ਟੀਮ ਦੀ ਜਰਸੀ ਦਾ ਰੰਗ ਨੀਲੇ ਤੋਂ ਬਦਲ ਕੇ ਭਗਵਾ ਕਰਨ ਬਾਰੇ ਪ੍ਰਧਾਨ ਦਿਲੀਪ ਟਿਰਕੀ ਅਤੇ ਸਕੱਤਰ ਭੋਲਾ ਨਾਥ ਸਿੰਘ ਵਿਚਾਲੇ ਵਿਵਾਦ ਚੱਲ ਰਿਹਾ ਹੈ। ਟਿਰਕੀ ਦਾ ਕਹਿਣਾ ਹੈ ਕਿ ਇਹ ਫ਼ੈਸਲਾ ਉਨ੍ਹਾਂ ਦੀ ਜਾਣਕਾਰੀ ਅਤੇ ਬੋਰਡ ਦੀ ਸਹਿਮਤੀ ਤੋਂ ਬਿਨਾਂ ਲਿਆ ਗਿਆ ਹੈ। ਇਸ ਮਗਰੋਂ ਉਨ੍ਹਾਂ ਡਾਇਰੈਕਟਰ ਜਨਰਲ ਕਮਾਂਡਰ ਆਰ ਕੇ ਸ੍ਰੀਵਾਸਤਵ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਉਨ੍ਹਾਂ ਦੇ ਅਖ਼ਤਿਆਰ ਖੋਹ ਲਏ ਸਨ। ਮੀਟਿੰਗ ਵਿੱਚ ਇਸ ਮੁੱਦੇ ’ਤੇ ਵਿਚਾਰ-ਚਰਚਾ ਹੋਵੇਗੀ। ਮੀਟਿੰਗ ਦਾ ਮੁੱਖ ਏਜੰਡਾ ਹਾਕੀ ਇੰਡੀਆ ਲੀਗ ਦਾ ਭਵਿੱਖ ਤੈਅ ਕਰਨਾ ਹੋਵੇਗਾ। ਮੀਟਿੰਗ ਵਿੱਚ ਹਾਕੀ ਇੰਡੀਆ ਦੀਆਂ ਆਗਾਮੀ ਚੋਣਾਂ ਦੀਆਂ ਤਰੀਕਾਂ ਤੈਅ ਕਰਨ, ਚੋਣ ਅਧਿਕਾਰੀ ਦੀ ਨਿਯੁਕਤੀ ਅਤੇ ਵਿੱਤੀ ਲੇਖੇ-ਜੋਖੇ ਬਾਰੇ ਵੀ ਫ਼ੈਸਲੇ ਕੀਤੇ ਜਾਣਗੇ।

### ਹਾਕੀ ਇੰਡੀਆ ਵਿਵਾਦ ’ਤੇ ਖੇਡ ਮੰਤਰਾਲੇ ਦੀ ਨਜ਼ਰ

ਖੇਡ ਮੰਤਰਾਲਾ ਹਾਕੀ ਇੰਡੀਆ ਦੇ ਪ੍ਰਧਾਨ ਦਿਲੀਪ ਟਿਰਕੀ ਅਤੇ ਸਕੱਤਰ ਜਨਰਲ ਭੋਲਾ ਨਾਥ ਸਿੰਘ ਵਿਚਾਲੇ ਚੱਲ ਰਹੇ ਮਤਭੇਦਾਂ ’ਤੇ ਨਜ਼ਰ ਰੱਖ ਰਿਹਾ ਹੈ। ਮੰਤਰਾਲੇ ਮੁਤਾਬਕ ਪਹਿਲਾਂ ਦੋਵਾਂ ਧੜਿਆਂ ਨੂੰ ਆਪਸੀ ਸਹਿਮਤੀ ਨਾਲ ਮਸਲਾ ਸੁਲਝਾਉਣ ਦਾ ਮੌਕਾ ਦਿੱਤਾ ਜਾਵੇਗਾ। ਜੇ ਗੱਲ ਨਾ ਬਣੀ ਤਾਂ ਮੰਤਰਾਲਾ ਦਖ਼ਲ ਦੇਣ ਬਾਰੇ ਫ਼ੈਸਲਾ ਕਰੇਗਾ।

# ਕਰਨੈਲ ਸਿੰਘ ਕੈਲ ਦੇ ਪਲੇਠੇ ਕਹਾਣੀ-ਸੰਗ੍ਰਹਿ ‘ਸ਼ਗਨਾਂ ਦਾ ਕਾਰਡ’ ਦਾ ਸ਼ਾਨਦਾਰ ਲੋਕ-ਅਰਪਣ ਸਮਾਰੋਹ

## ਖੇਡ ਸਖ਼ਸ਼ੀਅਤ ਜਗਰੂਪ ਸਿੰਘ ਜਰਖੜ ਅਤੇ ਲੋਕ ਗਾਇਕ ਬਲਬੀਰ ਲਹਿਰਾ ਮੁੱਖ ਮਹਿਮਾਨ ਵਜੋਂ ਪੁੱਜੇ





ਕੈਂਟ, ਵਾਸ਼ਿੰਗਟਨ : ਰੰਧਾਵਾ ਫਾਊਂਡੇਸ਼ਨ, ਕੈਂਟ ਵਾਸ਼ਿੰਗਟਨ ਵਿਖੇ ਸ਼ਨੀਵਾਰ, 12 ਸਤੰਬਰ ਨੂੰ ਪ੍ਰਸਿੱਧ ਸਾਹਿਤਕਾਰ ਕਰਨੈਲ ਸਿੰਘ ਕੈਲ ਦੇ ਪਲੇਠੇ ਕਹਾਣੀ-ਸੰਗ੍ਰਹਿ ‘ਸ਼ਗਨਾਂ ਦਾ ਕਾਰਡ’ ਦਾ ਲੋਕ-ਅਰਪਣ ਸਮਾਰੋਹ ਬੜੇ ਹੀ ਉਤਸ਼ਾਹ, ਗੰਭੀਰ ਸਾਹਿਤਕ ਵਿਚਾਰ-ਵਟਾਂਦਰੇ ਅਤੇ ਪਿਆਰ ਭਰੇ ਮਾਹੌਲ ਵਿੱਚ ਕਰਵਾਇਆ ਗਿਆ। ਇਹ ਸਮਾਗਮ ਸਾਹਿਤ-ਪ੍ਰੇਮੀਆਂ, ਲੇਖਕਾਂ, ਕਵੀਆਂ ਅਤੇ ਸਮਾਜ ਦੀਆਂ ਨਾਮਵਰ ਸ਼ਖ਼ਸੀਅਤਾਂ ਦੀ ਭਰਵੀਂ ਹਾਜ਼ਰੀ ਕਾਰਨ ਇੱਕ ਯਾਦਗਾਰੀ ਸਾਹਿਤਕ ਮਿਲਣੀ ਦਾ ਰੂਪ ਧਾਰ ਗਿਆ। ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਮੰਚ ਤੋਂ ਸਿਰਫ਼ ਕਿਤਾਬ ਦੀ ਰਿਲੀਜ਼ ਹੀ ਨਹੀਂ ਕੀਤੀ ਗਈ, ਸਗੋਂ ਕਰਨੈਲ ਸਿੰਘ ਕੈਲ ਦੀ ਕਹਾਣੀ-ਕਲਾ, ਸਮਾਜਕ ਚੇਤਨਾ, ਪਰਵਾਸੀ ਜੀਵਨ, ਮਨੁੱਖੀ ਰਿਸ਼ਤਿਆਂ, ਔਰਤ ਦੀ ਸਥਿਤੀ, ਦਾਜ, ਜਾਤ-ਪਾਤ, ਸਮਾਜਕ ਵਿਸੰਗਤੀਆਂ ਅਤੇ ਪੰਜਾਬ ਦੇ ਦਰਦਨਾਕ ਇਤਿਹਾਸ ਨਾਲ ਜੁੜੇ ਵੱਖ-ਵੱਖ ਪੱਖਾਂ ਉੱਤੇ ਵੀ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ ਗਏ। ਬੁਲਾਰਿਆਂ ਨੇ ਕਿਹਾ ਕਿ ‘ਸ਼ਗਨਾਂ ਦਾ ਕਾਰਡ’ ਦੀਆਂ ਕਹਾਣੀਆਂ ਸਿਰਫ਼ ਮਨੋਰੰਜਨ ਨਹੀਂ ਕਰਦੀਆਂ, ਸਗੋਂ ਪਾਠਕ ਨੂੰ ਆਪਣੇ ਸਮਾਜ, ਰਿਸ਼ਤਿਆਂ ਅਤੇ ਮਨੁੱਖੀ ਵਰਤਾਰੇ ਬਾਰੇ ਮੁੜ ਸੋਚਣ ਲਈ ਮਜਬੂਰ ਕਰਦੀਆਂ ਹਨ।

ਸਮਾਗਮ ਵਿੱਚ ਨਾਮਵਰ ਖੇਡ ਸ਼ਖ਼ਸੀਅਤ ਜਗਰੂਪ ਸਿੰਘ ਜਰਖੜ, ਲੋਕ ਗਾਇਕ ਬਲਬੀਰ ਲਹਿਰਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਨ੍ਹਾਂ ਦੀ ਹਾਜ਼ਰੀ ਨੇ ਸਮਾਗਮ ਦੀ ਸ਼ੋਭਾ ਵਿੱਚ ਵਿਸ਼ੇਸ਼ ਵਾਧਾ ਕੀਤਾ। ਜਰਖੜ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਊੜਾ ਅਤੇ ਜੂੜਾ ਨੂੰ ਬਚਾਉਣ ਅਤੇ ਮਾਂ ਬੋਲੀ ਪੰਜਾਬੀ ਨੂੰ ਘਰ ਘਰ ਵਿੱਚ ਅਪਣਾਉਣ ਦਾ ਸੱਦਾ ਦਿੱਤਾ। ਵੱਖ-ਵੱਖ ਬੁਲਾਰਿਆਂ ਨੇ ਕਰਨੈਲ ਸਿੰਘ ਕੈਲ ਨੂੰ ਉਨ੍ਹਾਂ ਦੇ ਪਲੇਠੇ ਕਹਾਣੀ-ਸੰਗ੍ਰਹਿ ਲਈ ਵਧਾਈ ਦਿੰਦਿਆਂ ਆਸ ਪ੍ਰਗਟ ਕੀਤੀ ਕਿ ਉਨ੍ਹਾਂ ਦੀ ਕਲਮ ਭਵਿੱਖ ਵਿੱਚ ਵੀ ਪੰਜਾਬੀ ਸਾਹਿਤ ਨੂੰ ਇਸੇ ਤਰ੍ਹਾਂ ਸੋਚਣ ਲਈ ਮਜਬੂਰ ਕਰਨ ਵਾਲੀਆਂ ਰਚਨਾਵਾਂ ਦਿੰਦੀ ਰਹੇਗੀ।

ਇਸ ਮੌਕੇ ਖੇਡ ਪ੍ਰਮੋਟਰ ਮੋਹਣਾ ਜੋਧਾਂ,ਅਮਰਜੀਤ ਸਿੰਘ ਤਰਸਿੱਕਾ, ਹਰਦਿਆਲ ਸਿੰਘ ਚੀਮਾਂ, ਨੋਬਲਦੀਪ ਕੌਰ, ਬਲਬੀਰ ਲਹਿਰਾ, ਸੰਤੋਖ ਸਿੰਘ ਥਿੰਦ, ਮਨਜੀਤ ਕੌਰ ਗਿੱਲ, ਹਰਿੰਦਰਪਾਲ ਸਿੰਘ ਬੈਂਸ, ਅਵਤਾਰ ਸਿੰਘ ਆਦਮਪੁਰੀ, ਸ਼ਾਨ ਦਿਓਲ, ਮਲਕੀਤ ਸਿੰਘ ਗਿੱਲ, ਗੀਤਕਾਰ ਮਨਜੀਤ ਸਿੰਘ ਚਹਿਲ, ਸ਼ਿੰਗਾਰ ਸਿੰਘ ਸਿੱਧੂ, ਜਗਜੀਤ ਸਿੰਘ ਉੱਪਲ, ਰਣਜੀਤ ਮੱਲੀ, ਸ਼ਿੰਦਰਪਾਲ ਔਜਲਾ, ਬਲਦੇਵ ਸਿੰਘ ਛੀਨਾ, ਹਰਜਿੰਦਰ ਸਿੰਘ ਸੰਧਾਵਾਲੀਆ, ਭੁਪਿੰਦਰ ਸਿੰਘ ਢੱਡਾ, ਰਾਜਵੀਰ ਸਿੰਘ, ਰਾਮ ਸਿੰਘ, ਸਾਧੂ ਸਿੰਘ ਝੱਜ, ਡਾ. ਸੁਖਵੀਰ ਬੀਹਲਾ, ਹਰਪਾਲ ਸਿੰਘ ਸਿੱਧੂ, ਸਰਬਜੀਤ ਸਿੰਘ ਨੂਰ, ਡਾ. ਹਰਚੰਦ ਸਿੰਘ, ਨਵਲਪ੍ਰੀਤ ਰੰਗੀ, ਡਾ. ਕੰਵਲਜੀਤ ਸਿੰਘ ਹੁੰਦਲ, ਦਵਿੰਦਰ ਸਿੰਘ ਹੀਰਾ ਅਤੇ ਗੁਰਪ੍ਰੀਤ ਸਿੰਘ ਸੋਹਲ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਰਨੈਲ ਸਿੰਘ ਕੈਲ ਨੂੰ ਉਨ੍ਹਾਂ ਦੀ ਸਾਹਿਤਕ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ।

ਬੁਲਾਰਿਆਂ ਨੇ ‘ਸ਼ਗਨਾਂ ਦਾ ਕਾਰਡ’ ਦੀਆਂ ਕਹਾਣੀਆਂ ਦੀ ਗੱਲ ਕਰਦਿਆਂ ਕਿਹਾ ਕਿ ਕੈਲ ਦੇ ਪਾਤਰ ਸਾਡੇ ਆਲੇ-ਦੁਆਲੇ ਦੇ ਜੀਵਨ ਵਿੱਚੋਂ ਹੀ ਨਿਕਲੇ ਹੋਏ ਮਹਿਸੂਸ ਹੁੰਦੇ ਹਨ। ਉਨ੍ਹਾਂ ਦੀਆਂ ਕਹਾਣੀਆਂ ਵਿੱਚ ਪਰਵਾਸ ਦੀ ਚਮਕ ਹੇਠ ਲੁਕਿਆ ਇਕੱਲਾਪਣ ਵੀ ਹੈ, ਰਿਸ਼ਤਿਆਂ ਦੀ ਗਰਮੀ ਵੀ, ਸਮਾਜਕ ਦਬਾਅ ਵੀ, ਅਤੇ ਮਨੁੱਖ ਦੇ ਅੰਦਰ ਚੱਲਦਾ ਸੰਘਰਸ਼ ਵੀ। ਇਸੇ ਕਰਕੇ ਇਹ ਕਹਾਣੀ-ਸੰਗ੍ਰਹਿ ਸਿਰਫ਼ ਕਹਾਣੀਆਂ ਦਾ ਇਕੱਠ ਨਹੀਂ, ਸਗੋਂ ਸਮਾਜ ਦੇ ਵੱਖ-ਵੱਖ ਰੂਪਾਂ ਦਾ ਇੱਕ ਸੰਵੇਦਨਸ਼ੀਲ ਦਸਤਾਵੇਜ਼ ਬਣ ਕੇ ਸਾਹਮਣੇ ਆਉਂਦਾ ਹੈ। ਪੂਰੇ ਸਮਾਗਮ ਦਾ ਮੰਚ ਸੰਚਾਲਨ ਗੁਰਪ੍ਰੀਤ ਸਿੰਘ ਸੋਹਲ ਨੇ ਬਹੁਤ ਹੀ ਸੁਚੱਜੇ, ਸੰਜਮਿਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ। ਉਨ੍ਹਾਂ ਨੇ ਵੱਖ-ਵੱਖ ਬੁਲਾਰਿਆਂ ਨੂੰ ਇੱਕ ਸੁੰਦਰ ਲੜੀ ਵਿੱਚ ਜੋੜਦੇ ਹੋਏ ਸਮਾਗਮ ਦੀ ਰਵਾਨਗੀ ਬਰਕਰਾਰ ਰੱਖੀ ਅਤੇ ਵਿਚਕਾਰ ਕਿਤਾਬ, ਲੇਖਕ ਅਤੇ ਪੰਜਾਬੀ ਸਾਹਿਤ ਨਾਲ ਸਬੰਧਿਤ ਸੁੰਦਰ ਟਿੱਪਣੀਆਂ ਰਾਹੀਂ ਸਮਾਗਮ ਨੂੰ ਹੋਰ ਵੀ ਜੀਵੰਤ ਬਣਾਇਆ। ਇਸ ਸਾਹਿਤਕ ਸਮਾਗਮ ਨੂੰ ਪਰਿਵਾਰਕ ਖੁਸ਼ੀ ਦੀ ਇੱਕ ਵਿਸ਼ੇਸ਼ ਛੋਹ ਵੀ ਮਿਲੀ। ਮਸ਼ਹੂਰ ਗਾਇਕ ਅਤੇ ਲੇਖਕ ਸਰਦਾਰ ਬਲਬੀਰ ਲਹਿਰਾ ਨੇ ਆਪਣੇ ਪੋਤਰੇ ਦੇ ਜਨਮ ਦੀ ਖੁਸ਼ੀ ਸਾਰਿਆਂ ਨਾਲ ਸਾਂਝੀ ਕਰਦਿਆਂ ਸਮਾਗਮ ਵਿੱਚ ਹਾਜ਼ਰ ਮਹਿਮਾਨਾਂ ਲਈ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਹਾਜ਼ਰੀਨ ਨੇ ਇਸ ਖੁਸ਼ੀ ਲਈ ਬਲਬੀਰ ਲਹਿਰਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ। ਸਮਾਗਮ ਵਿੱਚ ਸਰੋਤਿਆਂ ਵਜੋਂ ਵੀ ਸਾਹਿਤ ਅਤੇ ਸਮਾਜ ਨਾਲ ਜੁੜੀਆਂ ਕਈ ਸ਼ਖ਼ਸੀਅਤਾਂ ਹਾਜ਼ਰ ਰਹੀਆਂ। ਇਨ੍ਹਾਂ ਵਿੱਚ ਗੁਰਦੀਪ ਸਿੰਘ ਸਿੱਧੂ, ਜਸਬੀਰ ਸੰਧਾਵਾਲੀਆ, ਮੀਨਾ ਦੀਵਾਨ, ਬਲਜੀਤ ਸਿੰਘ ਬਰਾੜ, ਮੋਹਣ ਧਾਲੀਵਾਲ, ਜਸਪ੍ਰੀਤ ਕੌਰ, ਜਗਰੂਪ ਸਿੰਘ ਬਾਠ, ਅਜੀਤ ਕੌਰ, ਮਨੋਹਰ ਸਿੰਘ ਸੰਧੂ, ਤਰਸੇਮ ਸਿੰਘ, ਬਲਵਿੰਦਰ ਕੌਰ, ਬਲਜੀਤ ਸਿੱਧੂ, ਪ੍ਰੀਤਮ ਬਰਾੜ, ਕੁਲਵੰਤ ਸ਼ਾਹ, ਈਸ਼ਰ ਸਿੰਘ ਅਤੇ ਗੁਰਪ੍ਰੀਤ ਧੰਜੂ ਵਿਸ਼ੇਸ਼ ਤੌਰ ’ਤੇ ਸ਼ਾਮਿਲ ਸਨ।ਅੰਤ ਵਿੱਚ ਕਰਨੈਲ ਸਿੰਘ ਕੈਲ ਨੇ ਸਮਾਗਮ ਵਿੱਚ ਸ਼ਾਮਿਲ ਹੋਏ ਸਾਹਿਤਕਾਰਾਂ, ਬੁਲਾਰਿਆਂ, ਸਰੋਤਿਆਂ ਅਤੇ ਸੱਜਣਾਂ ਦਾ ਧੰਨਵਾਦ ਕੀਤਾ। ਹਾਜ਼ਰੀਨ ਵੱਲੋਂ ਉਨ੍ਹਾਂ ਨੂੰ ਕਿਤਾਬ ਦੇ ਪ੍ਰਕਾਸ਼ਨ ਲਈ ਵਧਾਈਆਂ ਦਿੱਤੀਆਂ ਗਈਆਂ ਅਤੇ ਭਵਿੱਖ ਦੀ ਸਾਹਿਤਕ ਯਾਤਰਾ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ। ਕੁੱਲ ਮਿਲਾ ਕੇ ‘ਸ਼ਗਨਾਂ ਦਾ ਕਾਰਡ’ ਦਾ ਲੋਕ-ਅਰਪਣ ਸਮਾਰੋਹ ਸਿਰਫ਼ ਇੱਕ ਪੁਸਤਕ ਰਿਲੀਜ਼ ਤੱਕ ਸੀਮਿਤ ਨਾ ਰਹਿ ਕੇ ਪੰਜਾਬੀ ਸਾਹਿਤ, ਵਿਚਾਰ, ਸਾਂਝ ਅਤੇ ਰਿਸ਼ਤਿਆਂ ਦਾ ਇੱਕ ਯਾਦਗਾਰੀ ਉਤਸਵ ਬਣ ਗਿਆ। ਕੈਂਟ ਦੀ ਧਰਤੀ ’ਤੇ ਹੋਇਆ ਇਹ ਸਮਾਗਮ ਲੰਮੇ ਸਮੇਂ ਤੱਕ ਪੰਜਾਬੀ ਸਾਹਿਤ-ਪ੍ਰੇਮੀਆਂ ਦੀਆਂ ਯਾਦਾਂ ਵਿੱਚ ਤਾਜ਼ਾ ਰਹੇਗਾ।










